@Qpatrika
@qaumipatrika punjabi
instagram.com/qaumipatrika
Largest Circulated
विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1
Punjabi National Daily
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Monday, 13 May 2024
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਸੋਮਵਾਰ 13 ਮਈ 2024, 29 ਵੈਸਾਖ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 173, qpatrika@gmail.com ਫੋਨ : 9971359517 www.qaumipatrika.org

## ਪੰਜਾਬ ਦੀ ਸਿਆਸਤ 'ਚ ਇਕ ਹੋਰ ਵੱਡਾ ਧਮਾਕਾ

ਲੁਧਿਆਣਾ 12 ਮਈ। ਆਗਾਮੀ ਲੋਕ ਸਭਾ ਚੋਣਾਂ ਦੌਰਾਨ ਦੇਸ਼ ਭਰ ਦੀ ਸਿਆਸਤ 'ਚ ਲਗਾਤਾਰ ਫੇਰ ਬਦਲ ਜਾਰੀ ਹਨ। ਅਜਿਹੇ 'ਚ ਇਕ ਹੋਰ ਵੱਡੀ ਅਪਡੇਟ ਸਾਹਮਣੇ ਆ ਰਹੀ ਹੈ, ਜਿੱਥੇ ਲੁਧਿਆਣਾ ਵਿੱਚ



ਕਾਂਗਰਸ ਹੋਰ ਮਜ਼ਬੂਤ ਹੋ ਗਈ ਹੈ। ਸਾਬਕਾ ਵਿਧਾਇਕ ਬਲਵਿੰਦਰ ਸਿੰਘ ਬੈਂਸ ਅਤੇ ਸਿਮਰਜੀਤ ਸਿੰਘ ਬੈਂਸ, ਜਿਨ੍ਹਾਂ ਨੂੰ ਬੈਂਸ ਭਰਾਵਾਂ ਦੇ ਨਾਮ ਤੋਂ ਜਾਣਿਆ ਜਾਂਦਾ ਹੈ, ਕਾਂਗਰਸ ਵਿੱਚ ਸਾਮਲ ਹੋ ਗਏ ਹਨ। ਬੈਂਸ ਭਰਾਵਾਂ ਨੂੰ ਨਵੀਂ ਦਿੱਲੀ ਵਿਖੇ ਪੰਜਾਬ ਇੰਚਾਰਜ ਦੇਵੇਂਦਰ ਯਾਦਵ ਨੇ ਰਾਹੁਲ ਗਾਂਧੀ ਨਾਲ ਮੁਲਾਕਾਤ ਕਰਨ ਤੋਂ ਬਾਅਦ ਪਾਰਟੀ ਵਿੱਚ ਸਾਮਲ ਕੀਤਾ। ਉਨ੍ਹਾਂ ਦਾ ਪਾਰਟੀ ਵਿੱਚ ਉਨ੍ਹਾਂ ਦਾ ਸਵਾਗਤ ਕਰਦਿਆਂ ਪੰਜਾਬ ਕਾਂਗਰਸ ਦੇ ਇੰਚਾਰਜ ਨੇ ਕਿਹਾ ਕਿ ਬੈਂਸ ਭਰਾ ਲੁਧਿਆਣਾ ਲੋਕ ਸਭਾ ਹਲਕੇ ਵਿੱਚ ਹੀ ਨਹੀਂ, ਸਗੋਂ ਪੂਰੇ ਸੂਬੇ ਵਿੱਚ ਕਾਂਗਰਸ ਨੂੰ ਹੋਰ ਮਜਬੂਤ ਕਰਨਗੇ। "ਬੈਂਸ ਭਰਾਵਾਂ" ਨੇ 2012 ਤੋਂ 2022 ਤੱਕ ਆਤਮ ਨਗਰ ਅਤੇ ਲੁਧਿਆਣਾ ਦੱਖਣੀ ਵਿਧਾਨ ਸਭਾ ਹਲਕਿਆਂ ਦੀ ਨੁਮਾਇੰਦਗੀ ਕੀਤੀ ਸੀ। 2019 ਦੀਆਂ ਆਮ ਚੋਣਾਂ ਵਿੱਚ ਸਿਮਰਜੀਤ ਬੈਂਸ, ਜਿਸ ਨੇ ਆਪਣੀ 'ਲੋਕ ਇਨਸਾਫ ਪਾਰਟੀ' ਦੀ ਟਿਕਟ 'ਤੇ ਚੋਣ ਲੜਕੇ ਲਗਭਗ 3.07 ਲੱਖ ਵੋਟਾਂ ਹਾਸਿਲ ਕਰਕੇ ਜਿੱਤ ਪ੍ਰਾਪਤ ਕੀਤੀ ਸੀ। ਬੈਂਸ ਭਰਾਵਾਂ ਨੇ ਕਿਹਾ ਕਿ ਉਹ ਬਿਨਾਂ ਸਰਤ ਕਾਂਗਰਸ ਪਾਰਟੀ ਵਿੱਚ ਸਾਮਲ ਹੋਏ ਹਨ ਅਤੇ ਭਰੋਸਾ ਦਿਵਾਇਆ ਹੈ ਕਿ ਉਹ ਸਿਰਫ ਲੁਧਿਆਣਾ ਵਿੱਚ ਹੀ ਨਹੀਂ ਸਗੋਂ ਸੂਬੇ ਦੇ ਹੋਰ ਹਲਕਿਆਂ ਵਿੱਚ ਵੀ ਪਾਰਟੀ ਦੀ ਜਿੱਤ ਯਕੀਨੀ ਬਣਾਉਣਗੇ। ਉਨ੍ਹਾਂ ਦੇ ਕਾਂਗਰਸ 'ਚ ਸ਼ਾਮਲ ਹੋਣ ਨਾਲ 'ਲੋਕ ਇਨਸਾਫ ਪਾਰਟੀ' ਦਾ ਰਸਮੀ ਤੌਰ 'ਤੇ ਕਾਂਗਰਸ ਪਾਰਟੀ ਨਾਲ ਰਲੇਵਾਂ ਵੀ ਹੋ ਗਿਆ ਹੈ। ਬਲਵਿੰਦਰ ਬੈਂਸ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਮੈਂਬਰ ਵੀ ਹਨ। ਇਸ ਤੋਂ ਪਹਿਲਾਂ ਉਨ੍ਹਾਂ ਨੇ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨਾਲ ਵੀ ਮੁਲਾਕਾਤ ਕੀਤੀ।

## ਮੁੱਖ ਮੰਤਰੀ ਕੇਜਰੀਵਾਲ ਨੇ ਭਾਜਪਾ ਸਰਕਾਰ ਨੂੰ ਘੇਰਿਆ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 12 ਮਈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦੇਸ਼ ਦੇ ਸਾਰੇ ਲੋਕਾਂ ਦਾ ਮੁਫਤ ਇਲਾਜ ਯਕੀਨੀ ਕਰਾਉਣ ਸਮੇਤ 10 ਗਾਰੰਟੀਆਂ ਦਾ ਐਲਾਨ ਕੀਤਾ ਹੈ। ਕੇਜਰੀਵਾਲ ਨੇ ਕਿਹਾ ਕਿ ਇੰਡੀਆ ਗਠਜੋੜ ਦੀ ਸਰਕਾਰ ਬਣਨ 'ਤੇ ਉਹ ਆਪਣੀਆਂ ਸਹਿਯੋਗੀ ਪਾਰਟੀਆਂ ਨਾਲ ਇਸ ਨੂੰ ਪੂਰਾ ਕਰਵਾਉਣਗੇ। ਕੇਜਰੀਵਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਗਾਰੰਟੀ ਦਾ ਕੋਈ ਭਰੋਸਾ ਨਹੀਂ ਪਰ ਕੇਜਰੀਵਾਲ ਦੀਆਂ ਗਾਰੰਟੀਆਂ 'ਤੇ ਸਾਰਿਆਂ ਨੂੰ ਭਰੋਸਾ ਹੈ। ਪ੍ਰਧਾਨ ਮੰਤਰੀ ਨੇ ਹਰ ਸਾਲ ਦੋ ਕਰੋੜ ਲੋਕਾਂ ਨੂੰ ਨੌਕਰੀ ਦੇਣ ਅਤੇ ਹਰ ਨਾਗਰਿਕ ਦੇ ਖਾਤੇ ਵਿਚ 15 ਲੱਖ ਦੇਣ ਸਮੇਤ ਕਿਸੇ ਵੀ ਗਾਰੰਟੀ ਨੂੰ ਪੂਰਾ ਨਹੀਂ ਕੀਤਾ ਹੈ। ਕੇਜਰੀਵਾਲ ਨੇ ਅੱਗੇ ਕਿਹਾ ਕਿ ਜੇਕਰ ਕਿਸੇ ਦੇਸ਼ ਦੇ ਅੰਦਰ ਸਿੱਖਿਆ ਦੀ ਕਮੀ ਹੈ ਤਾਂ ਉਹ ਦੇਸ਼ ਅੱਗੇ ਨਹੀਂ ਵਧੇਗਾ। ਇੰਡੀਆ ਸਮੂਹ ਦੀ ਸਰਕਾਰ ਬਣਨ 'ਤੇ ਦੇਸ਼ ਦੇ ਸਾਰੇ ਸਰਕਾਰੀ ਸਕੂਲਾਂ ਨੂੰ ਸ਼ਾਨਦਾਰ ਬਣਾਵਾਂਗੇ। ਉਨ੍ਹਾਂ ਕਿਹਾ ਕਿ ਜੇਕਰ ਦੇਸ਼ ਦੀ ਜਨਤਾ ਸਿਹਤਮੰਦ ਹੋਵੇਗੀ ਤਾਂ ਦੇਸ਼ ਦੀ ਤਰੱਕੀ ਹੋਵੇਗੀ।



ਸਾਰਿਆਂ ਲਈ ਚੰਗੇ ਇਲਾਜ ਦਾ ਇੰਤਜਾਮ ਕੀਤਾ ਜਾਵੇਗਾ। ਦੇਸ਼ ਭਰ ਵਿਚ ਮੁਹੱਲਾ ਕਲੀਨਿਕ, ਹਸਪਤਾਲ ਬਣਾਏ ਜਾਣਗੇ ਤਾਂ ਲੋਕਾਂ ਨੂੰ ਚੰਗਾ ਇਲਾਜ ਮਿਲ ਸਕੇ। ਉਨ੍ਹਾਂ ਕਿਹਾ ਕਿ ਚੀਨ ਦੇ ਕਬਜੇ ਤੋਂ ਸਾਰੀ ਜਮੀਨ ਨੂੰ ਵਾਪਸ ਲਿਆਵਾਂਗੇ। ਅਗਨੀਵੀਰ ਯੋਜਨਾ ਨੂੰ ਬੰਦ ਕੀਤਾ ਜਾਵੇਗਾ। ਹੁਣ ਤੱਕ ਜੋ ਅਗਨੀਵੀਰ ਯੋਜਨਾ ਤਹਿਤ ਫੌਜ ਵਿਚ ਭਰਤੀ ਹੋਏ ਹਨ, ਉਨ੍ਹਾਂ ਨੂੰ ਪੱਕਾ ਕੀਤਾ ਜਾਵੇਗਾ। ਕਿਸਾਨਾਂ ਨੂੰ ਫਸਲਾਂ ਦੀ ਪੂਰੀ ਕੀਮਤ ਦਿੱਤੀ ਜਾਵੇਗੀ। ਮੁਤਾਬਕ ਸਾਰੀਆਂ ਫਸਲਾਂ ਦੀ ਖਰੀਦਦਾਰੀ ਕੀਤੀ ਜਾਵੇਗੀ। ਕੇਜਰੀਵਾਲ ਮੁਤਾਬਕ ਦਿੱਲੀ ਨੂੰ ਪੂਰਨ ਸੂਬੇ ਦਾ ਦਰਜਾ ਦੇਵਾਂਗੇ। ਇਹ ਇੱਥੋਂ ਦੇ ਲੋਕਾਂ ਦੀ ਬਹੁਤ ਪੁਰਾਣੀ ਮੰਗ ਹੈ। ਸਰਕਾਰ ਬਣਨ 'ਤੇ ਬੇਰੁਜਗਾਰੀ ਦੀ ਸਮੱਸਿਆ ਦੂਰ ਹੋਵੇਗੀ। ਇਕ ਸਾਲ ਵਿਚ ਦੋ ਕਰੋੜ ਨੌਜਵਾਨਾਂ ਨੂੰ ਨੌਕਰੀ ਦਿੱਤੀ ਜਾਵੇਗੀ। ਭਾਜਪਾ ਦੀ ਵਾਸ਼ਿੰਗ ਮਸ਼ੀਨ ਨੂੰ ਚੌਰਾਹੇ 'ਤੇ ਤੋੜਿਆ ਜਾਵੇਗਾ ਅਤੇ ਭ੍ਰਿਸ਼ਟਾਚਾਰ ਨੂੰ ਪੂਰੇ ਦੇਸ਼ ਤੋਂ ਨਿਜਾਤ ਦਿਵਾਈ ਜਾਵੇਗੀ। ਉਨ੍ਹਾਂ ਨੇ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਲੋਕਾਂ ਨੂੰ ਕੇਜਰੀਵਾਲ ਦੀ ਗਾਰੰਟੀ 'ਤੇ ਭਰੋਸਾ ਹੈ ਅਤੇ ਇਸ ਦਿੱਲੀ ਦੀਆਂ 7 ਸੀਟਾਂ ਇੰਡੀਆ ਸਮੂਹ ਨੂੰ ਮਿਲਣ ਜਾ ਰਹੀ ਹੈ।

### ਜੰਮੂ ਕਸ਼ਮੀਰ 'ਚ ਅੱਤਵਾਦੀ ਟਿਕਾਣੇ ਦਾ ਪਰਦਾਫਾਸ਼, ਹਥਿਆਰ ਅਤੇ ਗੋਲਾ ਬਾਰੂਦ ਬਰਾਮਦ

ਰਿਆਸੀ 12 ਮਈ। ਸੁਰੱਖਿਆ ਫੋਰਸਾਂ ਨੇ ਐਤਵਾਰ ਨੂੰ ਜੰਮੂ ਕਸ਼ਮੀਰ ਦੇ ਰਿਆਸੀ ਜ਼ਿਲ੍ਹੇ ਦੇ ਜੰਗਲਾਤ ਖੇਤਰ 'ਚ ਇਕ ਅੱਤਵਾਦੀ ਟਿਕਾਣੇ ਦਾ ਪਰਦਾਫਾਸ਼ ਕੀਤਾ, ਜਿਸ 'ਚ 9 ਇਮਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ (ਆਈਈਡੀ) ਅਤੇ ਤਿੰਨ ਪਿਸਤੌਲਾਂ ਸਮੇਤ ਭਾਰੀ ਮਾਤਰਾ 'ਚ ਹਥਿਆਰ ਅਤੇ ਗੋਲਾ-ਬਾਰੂਦ ਬਰਾਮਦ ਹੋਇਆ। ਅਧਿਕਾਰੀਆਂ ਨੇ ਦੱਸਿਆ ਕਿ ਰਾਸ਼ਟਰੀ ਰਾਈਫਲਜ਼ ਅਤੇ ਪੁਲਸ ਦੀਆਂ ਸੰਯੁਕਤ ਟੁਕੜੀਆਂ ਨੇ ਐਤਵਾਰ ਸਵੇਰੇ ਮਾਹੌਰ ਇਲਾਕੇ ਦੇ ਕੋਟ ਬੁਧਾਨ ਜੰਗਲ 'ਚ ਤਲਾਸ਼ੀ ਅਤੇ ਘੇਰਾਬੰਦੀ ਮੁਹਿੰਮ ਦੌਰਾਨ ਟਿਕਾਣੇ ਦਾ ਪਤਾ ਲਗਾਇਆ। ਅਧਿਕਾਰੀਆਂ ਨੇ ਕਿਹਾ,"ਤਲਾਸ਼ੀ ਦੌਰਾਨ ਇਲੈਕਟ੍ਰਿਕ ਡੇਟੋਨੇਟਰ ਤੋਂ ਇਲਾਵਾ 9 ਆਈ.ਆਈ.ਡੀ., ਤਿੰਨ ਪਿਸਤੌਲਾਂ, ਤਿੰਨ ਮੈਗਜੀਨ, ਪਿਸਤੌਲ ਦੀਆਂ 20 ਗੋਲੀਆਂ, ਇਕ ਕਿਲੋ ਪਾਊਡਰ ਪ੍ਰਕਾਰ ਦੇ ਵਿਸਫੋਟਕ, ਏਕੇ-47 ਦੀਆਂ 15 ਗੋਲੀਆਂ, ਏ.ਕੇ.-47 ਦੇ 6 ਖੋਖੇ, 8-9 ਵੋਲਟ ਡੀਸੀ ਬੈਟਰੀ, ਤਿੰਨ ਲਿਥੀਅਮ-ਆਇਨ 12 ਵੋਲਟ ਦੀਆਂ ਬੈਟਰੀਆਂ, ਤਿੰਨ ਬਿਜਲੀ ਦੇ ਤਾਰ ਬੰਡਲ, 10 ਬੈਟਰੀਆਂ, 6 ਵੱਡੇ ਚੁੰਬਕ, 7 ਵਿਸਫੋਟਕ ਸੁਰੱਖਿਆ ਫਿਊਜ, ਇਕ ਕੰਬਲ, ਡ੍ਰੈਸਿੰਗ ਬੈਂਡੇਜ, ਸੀਰਿੰਜ, ਰੱਸੀਆਂ ਅਤੇ ਸਿਗਰੇਟ ਦੇ ਪੈਕੇਟ ਬਰਾਮਦ ਕੀਤੇ ਗਏ।" ਉਨ੍ਹਾਂ ਕਿਹਾ,"ਇਲਾਕੇ ਦੀ ਘੇਰਾਬੰਦੀ ਕਰ ਦਿੱਤੀ ਗਈ ਹੈ ਅਤੇ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਹੈ।"

## ਭਾਜਪਾ ਦੇ ਮੁੱਖ ਮੰਤਰੀ 10 ਜੂਨ ਨੂੰ ਓਡੀਸਾ 'ਚ ਚੁੱਕਣਗੇ ਸਹੁੰ: ਪੀਐਮ ਮੋਦੀ

**ਨਵਦੀਪ ਸਿੰਘ ਸਾਹਨੀ**

ਭੁਵਨੇਸਵਰ 12 ਮਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਓਡੀਸਾ ਦੀ 'ਅਸਮਿਤਾ' ਨੂੰ ਸੂਬੇ 'ਚ ਇਕ ਪ੍ਰਮੁੱਖ ਚੋਣ ਮੁੱਦਾ ਬਣਾਉਂਦੇ ਹੋਏ ਸਨੀਵਾਰ ਨੂੰ ਮੁੱਖ ਮੰਤਰੀ ਨਵੀਨ ਪਟਨਾਇਕ ਦੇ ਕਰੀਬੀ ਵੀ.ਕੇ. ਪਾਂਡੀਅਨ 'ਤੇ ਹਮਲਾ ਕੀਤਾ ਅਤੇ ਦੋਸ ਲਾਇਆ ਕਿ ਸੂਬੇ ਦੀ ਮੌਜੂਦਾ ਬੀਜਦ ਸਰਕਾਰ ਨੂੰ 'ਸੁਪਰ ਸੀਐਮ' ਚਲਾ ਰਿਹਾ ਹੈ। ਮੋਦੀ ਨੇ ਕੰਧਮਾਲ, ਬੋਲਾਂਗੀਰ ਅਤੇ ਬਰਗੜ੍ਹ ਲੋਕ ਸਭਾ ਸੀਟਾਂ 'ਤੇ ਤਿੰਨੋਂ ਚੋਣ ਮੀਟਿੰਗਾਂ 'ਚ ਓਡੀਸਾ ਦੀ 'ਅਸਮਿਤਾ' ਦਾ ਮੁੱਦਾ ਉਠਾਉਂਦੇ ਹੋਏ, ਸੱਤਾਧਾਰੀ ਬੀਜੂ ਜਨਤਾ ਦਲ (ਬੀਜੇਡੀ) ਦੇ ਪ੍ਰਧਾਨ ਨਵੀਨ ਪਟਨਾਇਕ 'ਤੇ ਰਾਜ ਬਾਰੇ ਉਨ੍ਹਾਂ ਦੀ ਜਾਣਕਾਰੀ ਨੂੰ ਲੈ ਕੇ ਚੁਟਕੀ ਲਈ। ਮੋਦੀ ਨੇ ਕਿਹਾ, "ਮੈਨੂੰ ਯਕੀਨ ਹੈ ਕਿ ਤੁਹਾਡੇ ਮੁੱਖ ਮੰਤਰੀ ਰਾਜ ਦੇ ਸਾਰੇ 30 ਜ਼ਿਲ੍ਹਿਆਂ ਅਤੇ ਉਨ੍ਹਾਂ ਦੇ ਮੁੱਖ ਦਫਤਰਾਂ ਦੇ ਨਾਮ ਕਾਗਜ 'ਤੇ ਪੜ੍ਹੇ ਬਿਨਾਂ ਨਹੀਂ ਦੱਸ ਸਕਦੇ ਹਨ।" ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਓਡੀਸਾ ਦੀ 'ਅਸਮਿਤਾ' ਨੂੰ ਬਚਾਉਣ ਦਾ ਫੈਸਲਾ ਕੀਤਾ ਹੈ। ਪਾਂਡੀਅਨ ਦਾ ਨਾਂ ਲਏ ਬਿਨਾਂ, ਮੋਦੀ ਨੇ ਕਿਹਾ, "ਬੀਜੇਡੀ ਸਰਕਾਰ ਵਿੱਚ ਅਸਲ ਵਿੱਚ ਪ੍ਰਦਰਸਨ ਕੌਣ ਚਲਾ ਰਿਹਾ ਹੈ? ਬੀਜੇਡੀ ਦੇ ਅੰਦਰ ਇੱਕ 'ਸੁਪਰ ਸੀਐਮ' ਹੈ ਜਿਸ ਨੂੰ ਲੋਕਾਂ ਨੇ ਨਹੀਂ ਚੁਣਿਆ ਹੈ। ਬੀਜੇਡੀ ਨੇ ਮੁੱਖ ਮੰਤਰੀ ਦੀ ਭੂਮਿਕਾ ਇੱਕ ਅਜਿਹੇ ਵਿਅਕਤੀ ਨੂੰ ਸੌਂਪੀ ਹੈ, ਜਿਸ ਨੂੰ ਓਡੀਸਾ ਦੀਆਂ ਸੱਭਿਆਚਾਰਕ ਕਦਰਾਂ-ਕੀਮਤਾਂ ਦੀ ਕੋਈ ਸਮਝ ਨਹੀਂ ਹੈ ਰਾਜ ਵਿੱਚ ਵਿਕਾਸ ਦੇ ਬਾਵਜੂਦ ਬੀਜੇਡੀ ਓਡੀਸਾ ਦਾ ਵਿਕਾਸ ਨਹੀਂ ਕਰ ਸਕੀ। ਉਨ੍ਹਾਂ ਕਿਹਾ, "ਇੰਨਾ ਸਮਾਂ ਬੀਤਣ ਦੇ ਬਾਵਜੂਦ,



ਬੀਜੇਡੀ ਸਰਕਾਰ ਉੜੀਸਾ ਨੂੰ ਗਰੀਬੀ ਤੋਂ ਬਾਹਰ ਕੱਢਣ ਵਿੱਚ ਅਸਫਲ ਰਹੀ ਹੈ।" ਅੱਜ ਸੂਬੇ ਦੇ ਲੋਕਾਂ ਵਿੱਚ ਬੀਜੇਡੀ ਨੇਤਾਵਾਂ ਪ੍ਰਤੀ ਭਾਰੀ ਅਸੰਤੋਸ ਹੈ, ਮੋਦੀ ਨੇ ਕਿਹਾ ਕਿ ਬੀਜੇਡੀ ਸਰਕਾਰ ਦੀ 'ਕਾਊਂਟਡਾਊਨ' ਸੂਰੂ ਹੋ ਗਈ ਹੈ ਕਿਉਂਕਿ ਸੂਬੇ ਵਿੱਚ ਕਾਨੂੰਨ ਵਿਵਸਥਾ ਇੰਨੀ ਵਿਗੜ ਗਈ ਹੈ ਕਿ ਮੰਤਰੀ ਵੀ ਦਿਨ ਦਿਹਾੜੇ ਕਤਲ ਦਾ ਸ਼ਿਕਾਰ ਹੋ ਰਹੇ ਹਨ। ਪ੍ਰਧਾਨ ਮੰਤਰੀ ਨੇ ਕਿਹਾ, "ਨਵੀਨ ਬਾਬੂ ਲੰਬੇ ਸਮੇਂ ਤੋਂ ਮੁੱਖ ਮੰਤਰੀ ਰਹੇ ਹਨ, ਫਿਰ ਵੀ ਓਡੀਸਾ ਦੇ ਲੋਕ ਨਿਰਾਸ ਹਨ ਕਿਉਂਕਿ ਉਹ ਉਨ੍ਹਾਂ ਦੇ ਸੰਘਰਸਾਂ ਤੋਂ ਵੱਖ ਹੋਏ ਜਾਪਦੇ ਹਨ। ਜਿਹੜਾ ਨੇਤਾ ਓਡੀਸਾ ਦੇ ਜ਼ਿਲ੍ਹਿਆਂ ਦਾ ਨਾਂ ਵੀ ਨਹੀਂ ਲੈ ਸਕਦਾ, ਉਹ ਲੋਕਾਂ ਦੀਆਂ ਮੁਸਕਲਾਂ ਨੂੰ ਨਹੀਂ ਸਮਝੇਗਾ। ਬੱਸ ਮੈਨੂੰ ਪੰਜ ਸਾਲ ਦਿਓ ਅਤੇ ਮੈਂ ਓਡੀਸਾ ਨੂੰ ਚੋਟੀ ਦੇ ਸਥਾਨ 'ਤੇ ਲੈ ਜਾਵਾਂਗਾ। ਉਨ੍ਹਾਂ ਕਿਹਾ, "ਗੁਜਰਾਤ ਦੇ ਮੁੱਖ ਮੰਤਰੀ ਵਜੋਂ ਸੇਵਾ ਕਰਨ ਤੋਂ ਬਾਅਦ, ਮੈਂ ਖਣਿਜਾਂ ਵਾਲੇ ਓਡੀਸਾ ਦੀ ਅਪਾਰ ਸੰਭਾਵਨਾ ਨੂੰ ਜਾਣਦਾ ਹਾਂ, ਜੋ ਕਿ ਗੁਜਰਾਤ ਨਾਲੋਂ ਕਿਤੇ ਵੱਧ ਹੈ। ਸੂਬੇ ਦੀਆਂ ਜੜ੍ਹਾਂ ਨਾਲ ਡੂੰਘਾਈ ਨਾਲ ਜੁੜੇ ਨੇਤਾ ਨੂੰ ਓਡੀਸਾ ਨੂੰ ਭਾਰਤ ਦੇ ਚੋਟੀ ਦੇ ਰਾਜ ਵਜੋਂ ਇਸ ਦੇ ਸਹੀ ਸਥਾਨ 'ਤੇ ਲੈ ਜਾਣਾ ਚਾਹੀਦਾ ਹੈ।" ਇੱਥੇ ਇਕ ਜਨਤਕ ਸਭਾ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ, "ਭਾਜਪਾ ਦੇ ਮੁੱਖ ਮੰਤਰੀ 10 ਜੂਨ ਨੂੰ ਭੁਵਨੇਸਵਰ 'ਚ ਸਹੁੰ ਚੁੱਕਣਗੇ। ਅਸੀਂ ਤੁਹਾਨੂੰ ਇੱਕ ਅਜਿਹਾ ਮੁੱਖ ਮੰਤਰੀ ਦੇਵਾਂਗੇ ਜੋ ਓਡੀਸਾ ਵਿੱਚ ਪੈਦਾ ਹੋਇਆ ਸੀ ਅਤੇ ਜੋ ਇਸ ਧਰਤੀ ਦੀਆਂ ਪਰੰਪਰਾਵਾਂ ਨੂੰ ਜਾਣਦਾ ਅਤੇ ਸਤਿਕਾਰ ਕਰਦਾ ਹੈ। ਮੈਂ ਤੁਹਾਨੂੰ ਸਾਰਿਆਂ ਨੂੰ 10 ਜੂਨ ਨੂੰ ਭੁਵਨੇਸਵਰ ਵਿੱਚ ਭਾਜਪਾ ਦੇ ਮੁੱਖ ਮੰਤਰੀ ਦੇ ਸਹੁੰ ਚੁੱਕ ਸਮਾਗਮ ਵਿੱਚ ਸਾਮਲ ਹੋਣ ਲਈ ਸੱਦਾ ਦਿੰਦਾ ਹਾਂ।"

## ਸੁਰੱਖਿਆ ਫੋਰਸਾਂ ਨੂੰ ਮਿਲੀ ਵੱਡੀ ਸਫਲਤਾ, ਮੁਕਾਬਲੇ 'ਚ 12 ਨਕਸ਼ਲੀ ਕੀਤੇ ਢੇਰ

ਬੀਜਾਪੁਰ 12 ਮਈ। ਛੱਤੀਸਗੜ੍ਹ ਦੇ ਨਕਸਲ ਪ੍ਰਭਾਵਿਤ ਬੀਜਾਪੁਰ ਜ਼ਿਲ੍ਹੇ 'ਚ ਸ਼ੁੱਕਰਵਾਰ ਨੂੰ 2 ਸੁਰੱਖਿਆ ਫੋਰਸਾਂ ਨੇ ਮੁਕਾਬਲੇ 'ਚ 12 ਨਕਸਲੀਆਂ ਨੂੰ ਮਾਰ ਸੁੱਟਿਆ। ਮੁੱਖ ਮੰਤਰੀ ਵਿਸ਼ਨੂੰ ਦੇਵ ਸਾਏ ਨੇ ਇਹ ਜਾਣਕਾਰੀ ਦਿੱਤੀ। ਸਾਏ ਨੇ ਦੱਸਿਆ ਕਿ ਜ਼ਿਲ੍ਹੇ ਦੇ ਗੰਗਾਲੂਰ ਥਾਣਾ ਖੇਤਰ ਦੇ ਅਧੀਨ ਪੀੜੀਆ ਪਿੰਡ ਦੇ ਜੰਗਲ 'ਚ ਸੁਰੱਖਿਆ ਫੋਰਸਾਂ ਨੇ ਮੁਕਾਬਲੇ 'ਚ 12 ਨਕਸਲੀਆਂ ਨੂੰ ਮਾਰ ਸੁੱਟਿਆ। ਸਾਏ ਨੇ ਕਿਹਾ,"ਗੰਗਾਲੂਰ ਇਲਾਕੇ 'ਚ ਸੁਰੱਖਿਆ ਕਰਮੀਆਂ ਅਤੇ ਨਕਸਲੀਆਂ ਵਿਚਾਲੇ ਗੋਲੀਬਾਰੀ ਖਤਮ ਹੋ ਗਈ ਹੈ। ਸਾਡੀ ਸੁਰੱਖਿਆ ਫੋਰਸ ਨੂੰ ਇਕ ਵੱਡੀ ਸਫਲਤਾ ਮਿਲੀ ਹੈ। ਹੁਣ ਤੱਕ 12 ਨਕਸਲੀਆਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਜਾ ਚੁੱਕੀਆਂ ਹਨ।" ਉਨ੍ਹਾਂ ਨੇ ਕਾਰਵਾਈ ਲਈ ਸੁਰੱਖਿਆ ਫੋਰਸਾਂ ਅਤੇ ਸੀਨੀਅਰ ਅਧਿਕਾਰੀਆਂ ਨੂੰ ਵਧਾਈ ਦਿੱਤੀ। ਸਾਏ ਨੇ ਕਿਹਾ,"ਜਦੋਂ ਤੋਂ ਅਸੀਂ ਲੋਕ (ਭਾਜਪਾ) ਸਰਕਾਰ 'ਚ ਆਏ ਹਾਂ, ਨਕਸਲਵਾਦ ਨਾਲ ਮਜਬੂਤੀ ਨਾਲ ਲੜ ਰਹੇ ਹਾਂ। ਸਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਜੀ ਵੀ ਚਾਹੁੰਦੇ ਹਨ ਕਿ ਛੱਤੀਸਗੜ੍ਹ ਤੋਂ ਨਕਸਲਵਾਦ ਖਤਮ ਹੋਵੇ। ਡਬਲ ਇੰਜਣ ਦੀ ਸਰਕਾਰ ਹੈ ਤਾਂ ਇਸ ਦਾ ਵੀ ਲਾਭ ਸਾਨੂੰ ਮਿਲ ਰਿਹਾ ਹੈ।" ਰਾਜ ਦੇ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਗੰਗਾਲੂਰ ਥਾਣਾ ਖੇਤਰ 'ਚ ਸੁਰੱਖਿਆ ਫੋਰਸਾਂ ਨੂੰ ਨਕਸਲ ਵਿਰੋਧੀ ਮੁਹਿੰਮ 'ਚ ਰਵਾਨਾ ਕੀਤਾ ਗਿਆ ਸੀ। ਦਲ ਜਦੋਂ ਪੀੜੀਆ ਪਿੰਡ ਦੇ ਜੰਗਲ 'ਚ ਸੀ, ਉਦੋਂ ਨਕਸਲੀਆਂ ਨੇ ਸੁਰੱਖਿਆ ਫੋਰਸਾਂ 'ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਸੁਰੱਖਿਆ ਫੋਰਸਾਂ ਨੇ ਵੀ ਜਵਾਬੀ ਕਾਰਵਾਈ ਕੀਤੀ। ਉਨ੍ਹਾਂ ਦੱਸਿਆ ਕਿ ਖੇਤਰ 'ਚ ਖੋਜ ਮੁਹਿੰਮ ਜਾਰੀ ਹੈ। ਰਾਜ ਦੇ ਕਾਂਕੇਰ ਜ਼ਿਲ੍ਹੇ 'ਚ 16 ਅਪ੍ਰੈਲ ਨੂੰ ਸੁਰੱਖਿਆ ਫੋਰਸਾਂ ਨਾਲ ਮੁਕਾਬਲੇ 'ਚ 29 ਨਕਸਲੀ ਮਾਰੇ ਗਏ ਸਨ। 30 ਅਪ੍ਰੈਲ ਨੂੰ ਨਾਰਾਇਣਪੁਰ ਅਤੇ ਕਾਂਕੇਰ ਜ਼ਿਲ੍ਹਿਆਂ ਦੀ ਸਰਹੱਦ 'ਤੇ ਇਕ ਜੰਗਲ 'ਚ ਸੁਰੱਖਿਆ ਕਰਮੀਆਂ ਨਾਲ ਮੁਕਾਬਲੇ 'ਚ ਤਿੰਨ ਔਰਤਾਂ ਸਮੇਤ 10 ਨਕਸਲੀ ਮਾਰੇ ਗਏ ਸਨ। ਪੁਲਸ ਅਨੁਸਾਰ, ਇਸ ਘਟਨਾ ਨਾਲ, ਰਾਜ ਦੇ ਬਸਤਰ ਖੇਤਰ, ਜਿਸ 'ਚ ਨਾਰਾਇਣਪੁਰ ਅਤੇ ਕਾਂਕੇਰ ਸਮੇਤ 7 ਜ਼ਿਲ੍ਹੇ ਸ਼ਾਮਲ ਹਨ 'ਚ ਸੁਰੱਖਿਆ ਫੋਰਸਾਂ ਨਾਲ ਮੁਕਾਬਲੇ 'ਚ ਇਸ ਸਾਲ ਹੁਣ ਤੱਕ 103 ਨਕਸਲੀ ਮਾਰੇ ਗਏ ਹਨ।

## ਵਿਰੋਧੀ ਨੇਤਾਵਾਂ ਨੂੰ ਨਿਸ਼ਾਨਾ ਬਣਾ ਰਿਹੈ ਚੋਣ ਕਮਿਸ਼ਨ

ਨਵੀਂ ਦਿੱਲੀ 12 ਮਈ। ਕਾਂਗਰਸ ਨੇ ਐਤਵਾਰ ਨੂੰ ਦੋਸ਼ ਲਗਾਇਆ ਕਿ ਵਿਰੋਧੀ ਨੇਤਾਵਾਂ ਨੂੰ ਚੋਣ ਅਧਿਕਾਰੀ ਨਿਸ਼ਾਨਾ ਬਣਾ ਰਹੇ ਹਨ ਅਤੇ ਦਾਅਵਾ ਕੀਤਾ ਕਿ ਬਿਹਾਰ ਦੇ ਸਮਸਤੀਪੁਰ 'ਚ ਕਾਂਗਰਸ ਪ੍ਰਧਾਨ



ਮਲਿਕਾਰਜੁਨ ਖੜਗੇ ਦੇ ਹੈਲੀਕਾਪਟਰ ਦੀ ਤਲਾਸ਼ੀ ਲਈ ਗਈ, ਜਦੋਂ ਕਿ ਭਾਜਪਾ ਦੀ ਅਗਵਾਈ ਵਾਲੀ ਰਾਸ਼ਟਰੀ ਜਨਤਾਂਤਰਿਕ ਗਠਜੋੜ (ਰਾਜਗ) ਦੇ ਨੇਤਾਵਾਂ ਨੂੰ 'ਆਜਾਦ ਰੂਪ' ਨਾਲ ਘੁੰਮਣ ਦੀ ਮਨਜ਼ੂਰੀ ਦਿੱਤੀ ਜਾ ਰਹੀ ਹੈ। ਖੜਗੇ ਨੇ ਸ਼ਨੀਵਾਰ ਨੂੰ ਬਿਹਾਰ ਦੇ ਸਮਸਤੀਪੁਰ ਅਤੇ ਮੁਜ਼ੱਫਰਪੁਰ 'ਚ ਚੋਣ ਰੈਲੀਆਂ ਨੂੰ ਸੰਬੋਧਨ ਕੀਤਾ ਸੀ। ਕਾਂਗਰਸ ਨੇਤਾ ਰਾਜੇਸ਼ ਰਾਠੌੜ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਇਕ ਵੀਡੀਓ ਸੰਦੇਸ਼ 'ਚ ਦਾਅਵਾ ਕੀਤਾ,"ਕੇਰਲ 'ਚ ਰਾਹੁਲ ਗਾਂਧੀ ਦੇ ਹੈਲੀਕਾਪਟਰ ਦੀ ਤਲਾਸ਼ੀ ਲਈ ਗਈ ਅਤੇ ਹੁਣ ਬਿਹਾਰ ਦੇ ਸਮਸਤੀਪੁਰ 'ਚ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਦੇ ਹੈਲੀਕਾਪਟਰ ਦੀ ਤਲਾਸ਼ੀ ਲਈ ਗਈ ਹੈ।" ਪਾਰਟੀ ਦੀ ਬਿਹਾਰ ਇਕਾਈ ਦੇ ਮੁੱਖ ਬੁਲਾਰੇ ਰਾਠੌੜ ਨੇ ਕਿਹਾ ਕਿ ਬਿਹਾਰ ਦੀ ਮੁੱਖ ਚੋਣ ਅਧਿਕਾਰੀ ਨੇ ਖੁਦ ਸਮਸਤੀਪੁਰ 'ਚ ਖੜਗੇ ਦੇ ਹੈਲੀਕਾਪਟਰ ਦੀ ਤਲਾਸ਼ੀ ਲਈ। ਵੀਡੀਓ 'ਚ ਇਕ ਹੈਲੀਕਾਪਟਰ ਦੇ ਚਾਰੇ ਪਾਸੇ ਪੁਲਸ ਕਰਮੀ ਅਤੇ ਅਧਿਕਾਰੀ ਦਿਖਾਈ ਦਿੰਦੇ ਹਨ। ਰਾਠੌੜ ਨੇ ਆਪਣੇ ਵੀਡੀਓ ਸੰਦੇਸ਼ 'ਚ ਕਿਹਾ,"ਚੋਣ ਕਮਿਸ਼ਨ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਕੀ ਕਾਂਗਰਸ ਨੇਤਾਵਾਂ ਦੇ ਹੈਲੀਕਾਪਟਰਾਂ ਦੀ ਅਜਿਹੀ ਜਾਂਚ ਨਿਯਮਿਤ ਹੈ ਅਤੇ ਜੇਕਰ ਨਿਯਮਿਤ ਹੈ ਤਾਂ ਕੀ ਰਾਜਗ ਦੇ ਸੀਨੀਅਰ ਨੇਤਾਵਾਂ ਦੀ ਵੀ ਇਸੇ ਤਰ੍ਹਾਂ ਦੀ ਜਾਂਚ ਕੀਤੀ ਗਈ ਹੈ।" ਉਨ੍ਹਾਂ ਕਿਹਾ,"ਚੋਣ ਕਮਿਸ਼ਨ ਨੂੰ ਅਜਿਹੀ ਸਾਰੀ ਜਾਣਕਾਰੀ ਜਨਤਕ ਕਰਨੀ ਚਾਹੀਦੀ ਹੈ, ਨਹੀਂ ਤਾਂ ਇਹ ਮੰਨਿਆ ਜਾਵੇਗਾ ਕਿ ਚੋਣ ਬਾਡੀ ਸਿਰਫ ਵਿਰੋਧੀ ਨੇਤਾਵਾਂ ਨੂੰ ਨਿਸ਼ਾਨਾ ਬਣਾ ਰਹੀ ਹੈ ਅਤੇ ਰਾਜਗ ਦੇ ਨੇਤਾਵਾਂ ਨੂੰ ਖੁੱਲ੍ਹਾ ਘੁੰਮਣ ਦੇ ਰਹੀ ਹੈ।" ਕਾਂਗਰਸ ਬੁਲਾਰੇ ਨੇ ਕਿਹਾ ਕਿ ਚੋਣ ਕਮਿਸ਼ਨ ਨੂੰ ਉਨ੍ਹਾਂ ਸਾਰੇ ਨੇਤਾਵਾਂ ਦੇ ਵੀਡੀਓ ਸਾਹਮਣੇ ਲਿਆਉਣੇ ਚਾਹੀਦੇ ਹਨ, ਜਿਨ੍ਹਾਂ ਦੀ ਜਾਂਚ ਕੀਤੀ ਗਈ ਹੈ।

### ਚੌਥੇ ਪੜਾਅ ਦੇ 274 ਉਮੀਦਵਾਰਾਂ 'ਤੇ ਦਰਜ ਹਨ ਕ੍ਰਿਮੀਨਲ ਕੇਸ, ਸਭ ਤੋਂ ਵੱਧ ਤੇਲੰਗਾਨਾ 'ਚ

ਨੈਸ਼ਨਲ ਡੈਸਕ 12 ਮਈ। ਲੋਕ ਸਭਾ ਚੋਣਾਂ ਦੇ ਅਧੀਨ 13 ਮਈ ਨੂੰ ਚੌਥੇ ਪੜਾਅ ਦੀ ਵੋਟਿੰਗ ਹੋਣੀ ਹੈ। ਇਸ 'ਚ 10 ਸੂਬਿਆਂ 'ਚ 96 ਸੀਟਾਂ ਲਈ ਵੋਟਿੰਗ ਹੋਵੇਗੀ। ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮ (ਏ.ਡੀ.ਆਰ.) ਦੀ ਰਿਪੋਰਟ ਅਨੁਸਾਰ ਇਸ ਪੜਾਅ 'ਚ ਕਿਸਮਤ ਅਜਮਾ ਰਹੇ 1717 ਉਮੀਦਵਾਰਾਂ 'ਚੋਂ 274 ਖ਼ਿਲਾਫ ਗੰਭੀਰ ਅਪਰਾਧਕ ਮਾਮਲੇ ਦਰਜ ਹਨ। 58 ਸੰਸਦੀ ਖੇਤਰ ਸੰਵੇਦਨਸ਼ੀਲ ਹਨ, ਜਿੱਥੇ 3 ਜਾਂ ਜ਼ਿਆਦਾ ਉਮੀਦਵਾਰਾਂ 'ਤੇ ਗੰਭੀਰ ਮਾਮਲੇ ਹਨ। ਤੇਲੰਗਾਨਾ 'ਚ 85, ਆਂਧਰਾ ਪ੍ਰਦੇਸ਼ 'ਚ 69, ਮਹਾਰਾਸ਼ਟਰ 'ਚ 53 ਅਤੇ ਉੱਤਰ ਪ੍ਰਦੇਸ਼ 'ਚ 30 ਉਮੀਦਵਾਰ ਦਾਗੀ ਹਨ। ਚੌਥੇ ਪੜਾਅ 'ਚ ਆਂਧਰਾ ਪ੍ਰਦੇਸ਼ ਦੀਆਂ ਸਾਰੀਆਂ 25 ਸੀਟਾਂ, ਬਿਹਾਰ ਦੀਆਂ 5, ਝਾਰਖੰਡ ਦੀਆਂ 4, ਮੱਧ ਪ੍ਰਦੇਸ਼ ਦੀਆਂ 8, ਮਹਾਰਾਸ਼ਟਰ ਦੀਆਂ 11, ਓਡੀਸ਼ਾ ਦੀਆਂ ਚਾਰ, ਤੇਲੰਗਾਨਾ ਦੀਆਂ ਸਾਰੀਆਂ 17, ਉੱਤਰ ਪ੍ਰਦੇਸ਼ ਦੀਆਂ 13 ਅਤੇ ਬੰਗਾਲ ਦੀਆਂ 8 ਸੀਟਾਂ 'ਤੇ ਵੋਟਿੰਗ ਹੋਵੇਗੀ।

## ਵਿਰੋਧੀ ਗਠਜੋੜ ਸੱਤਾ 'ਚ ਆਇਆ ਤਾਂ ਅੱਤਵਾਦ ਦਾ ਦੌਰ ਮੁੜ ਆਵੇਗਾ: ਯੋਗੀ

**ਏਜੰਸੀਆਂ**

ਕਾਨਪੁਰ 12 ਮਈ। ਉੱਤਰ ਪ੍ਰਦੇਸ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਸਨੀਵਾਰ ਨੂੰ ਕਿਹਾ ਕਿ ਜੇਕਰ 'ਇੰਡੀਆ' ਗਠਜੋੜ ਸੱਤਾ 'ਚ ਆਉਂਦਾ ਹੈ ਤਾਂ ਦੇਸ 'ਚ ਇਕ ਵਾਰ ਫਿਰ ਅੱਤਵਾਦ ਅਤੇ ਨਕਸਲਵਾਦ ਦਾ ਦੌਰ ਸੁਰੂ ਹੋ ਜਾਵੇਗਾ। ਮੁੱਖ ਮੰਤਰੀ ਯੋਗੀ ਨੇ ਸਨੀਵਾਰ ਨੂੰ ਕਾਨਪੁਰ, ਉਨਾਓ ਅਤੇ ਕਨੌਜ 'ਚ ਆਯੋਜਿਤ ਵੱਖ-ਵੱਖ ਜਨ ਸਭਾਵਾਂ ਨੂੰ ਸੰਬੋਧਿਤ ਕੀਤਾ। ਇਨ੍ਹਾਂ ਖੇਤਰਾਂ ਵਿੱਚ 13 ਮਈ ਨੂੰ ਵੋਟਾਂ ਪੈਣਗੀਆਂ। ਚੋਣ ਪ੍ਰਚਾਰ ਸਨੀਵਾਰ ਸਾਮ 6 ਵਜੇ ਬੰਦ ਹੋ ਗਿਆ। ਇਨ੍ਹਾਂ ਮੀਟਿੰਗਾਂ 'ਚ ਯੋਗੀ ਨੇ ਕਾਂਗਰਸ 'ਤੇ ਨਿਸਾਨਾ ਵਿੰਨ੍ਹਦੇ ਹੋਏ ਕਿਹਾ ਕਿ ਸੰਵਿਧਾਨ 'ਚ ਸੋਧ ਦਾ ਡਰ ਫੈਲਾਉਣ ਵਾਲੀ ਕਾਂਗਰਸ ਨੇ ਸਭ ਤੋਂ ਪਹਿਲਾਂ ਭਾਰਤੀ ਸੰਵਿਧਾਨ 'ਚ ਸੋਧ ਕਰਕੇ ਪ੍ਰਗਟਾਵੇ ਦੀ ਆਜਾਦੀ ਦਾ ਘਾਣ ਕੀਤਾ ਹੈ। ਸਮਾਜਵਾਦੀ ਪਾਰਟੀ (ਸਪਾ) 'ਤੇ ਸਿੱਧਾ ਹਮਲਾ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਸਪਾ ਦਾ ਏਜੰਡਾ ਅਯੁੱਧਿਆ ਦਾ ਵਿਕਾਸ ਨਹੀਂ, ਸਗੋਂ ਅਯੁੱਧਿਆ 'ਚ ਅੱਤਵਾਦੀ ਹਮਲੇ ਨੂੰ ਅੰਜਾਮ ਦੇਣ ਵਾਲੇ ਅੱਤਵਾਦੀਆਂ ਦੇ ਕੇਸ ਵਾਪਸ ਲੈਣਾ ਹੈ। ਮੁੱਖ



ਮੰਤਰੀ ਨੇ ਸਨੀਵਾਰ ਨੂੰ ਇੱਥੇ ਛਾਉਣੀ ਵਿਧਾਨ ਸਭਾ ਹਲਕੇ ਵਿੱਚ ਕਾਨਪੁਰ ਅਤੇ ਅਕਬਰਪੁਰ ਲੋਕ ਸਭਾ ਸੀਟਾਂ ਲਈ ਚੋਣ ਰੈਲੀ ਨੂੰ ਸੰਬੋਧਨ ਕੀਤਾ। ਇੱਥੇ ਉਨ੍ਹਾਂ ਨੇ ਜਨਤਾ ਨੂੰ ਕਾਨਪੁਰ ਤੋਂ ਪਾਰਟੀ ਉਮੀਦਵਾਰ ਰਮੇਸ ਅਵਸਥੀ ਅਤੇ ਅਕਬਰਪੁਰ ਤੋਂ ਭਾਜਪਾ ਉਮੀਦਵਾਰ ਦੇਵੇਂਦਰ ਸਿੰਘ ਭੋਲੇ ਨੂੰ ਵੋਟ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਕਾਨਪੁਰ ਨੂੰ ਮਾਂ ਗੰਗਾ ਦੇ ਆਸੀਰਵਾਦ ਨਾਲ ਉਪਜਾਊ ਸਕਤੀ ਅਤੇ ਉੱਦਮਤਾ ਦੀ ਬਖਸ਼ਿਸ਼ ਹੋਈ ਹੈ ਅਤੇ ਇਹ ਕ੍ਰਾਂਤੀ ਦੀ ਧਰਤੀ ਹੋਣ ਦੇ ਨਾਲ-ਨਾਲ ਦੇਸ ਦੇ ਵਿਕਾਸ ਲਈ ਊਰਜਾ ਦੀ ਧਰਤੀ ਵੀ ਹੈ। ਯੋਗੀ ਨੇ ਕਿਹਾ ਕਿ ਅੱਜ ਪੂਰੇ ਦੇਸ 'ਚ ਇਕ ਹੀ ਆਵਾਜ ਗੂੰਜ ਰਹੀ ਹੈ ਕਿ 'ਇਕ ਵਾਰ ਫਿਰ ਮੋਦੀ ਸਰਕਾਰ ਅਤੇ ਇਸ ਵਾਰ 400 ਪਾਰ ਕਰ ਗਈ ਹੈ।' "ਪਿਛਲੇ 10 ਸਾਲਾਂ ਵਿੱਚ, (ਪ੍ਰਧਾਨ ਮੰਤਰੀ ਨਰਿੰਦਰ) ਮੋਦੀ ਜੀ ਨੇ ਬਿਨਾਂ ਰੁਕੇ, ਬਿਨਾਂ ਥੱਕੇ ਅਤੇ ਬਿਨਾਂ ਕਿਸੇ ਝਿਜਕ ਦੇ ਲਗਾਤਾਰ ਦੇਸ ਦੀ ਸੇਵਾ ਕੀਤੀ ਹੈ ਅਤੇ ਹਰ ਵਿਅਕਤੀ ਦਾ ਮੰਨਣਾ ਹੈ ਕਿ ਮੋਦੀ ਜੀ ਨੇ ਦੁਨੀਆ ਵਿੱਚ ਦੇਸ ਦਾ ਮਾਣ ਵਧਾਇਆ ਹੈ, ਸਾਡੀ ਸੁਰੱਖਿਆ ਕੀਤੀ ਹੈ। ਸਰਹੱਦਾਂ, ਤੇਜੀ ਨਾਲ ਵਿਕਾਸ, ਗਰੀਬਾਂ ਦੀ ਭਲਾਈ ਦੇ ਨਾਲ-ਨਾਲ ਨਾਗਰਿਕਾਂ ਦੇ ਜੀਵਨ ਨੂੰ ਬਦਲਿਆ।

## ਚਿਰਾਗ ਪਾਸਵਾਨ ਨਾਲ ਲੇਖਾ-ਜੋਖਾ ਬਰਾਬਰ ਕਰਨ 'ਚ ਜੁਟੇ ਹੋਏ ਹਨ ਨਿਤੀਸ਼ ਕੁਮਾਰ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 12 ਮਈ। ਹੁਣ ਇਹ ਗੱਲ ਸਾਹਮਣੇ ਆ ਰਹੀ ਹੈ ਕਿ ਬਿਹਾਰ ਦੇ ਮੁੱਖ ਮੰਤਰੀ ਨਿਤੀਸ ਕੁਮਾਰ ਲੋਕ ਸਭਾ ਦੀਆਂ ਮੌਜੂਦਾ ਚੋਣਾਂ 'ਚ ਚਿਰਾਗ ਪਾਸਵਾਨ ਨੂੰ ਉਹੀ 'ਤੋਹਫਾ' ਵਾਪਸ ਕਰ ਰਹੇ ਹਨ ਜੋ ਚਿਰਾਗ ਨੇ 2020 ਦੀਆਂ ਵਿਧਾਨ ਸਭਾ ਚੋਣਾਂ 'ਚ ਉਨ੍ਹਾਂ ਨੂੰ ਦਿੱਤਾ ਸੀ। ਚਿਰਾਗ ਪਾਸਵਾਨ ਦੀ ਲੋਕ ਜਨਸਕਤੀ (ਰਾਮ ਵਿਲਾਸ) ਪਾਰਟੀ ਬਿਹਾਰ 'ਚ ਲੋਕ ਸਭਾ ਦੀਆਂ 40 'ਚੋਂ 5 ਸੀਟਾਂ 'ਤੇ ਚੋਣ ਲੜ ਰਹੀ ਹੈ। ਨਿਤੀਸ ਕੁਮਾਰ ਉਨ੍ਹਾਂ ਦੀ ਹਾਰ ਨੂੰ ਯਕੀਨੀ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੇ। ਭਾਜਪਾ ਅਤੇ ਜਨਤਾ ਦਲ (ਯੂ) ਨੇ ਵੀ ਵਿਹਾਰਕ ਮੰਤਵਾਂ ਲਈ ਕੁਝ ਹਫਤਿਆਂ ਬਾਅਦ ਸਾਂਝੀ ਪ੍ਰਚਾਰ ਮੁਹਿੰਮ ਨੂੰ ਛੱਡ ਦਿੱਤਾ ਹੈ। ਜਨਤਾ ਦਲ (ਯੂ) ਇਸ ਗੱਲ ਤੋਂ ਦੁਖੀ ਹੈ ਕਿ ਭਾਜਪਾ ਦੀ ਲੀਡਰਸ਼ਿਪ ਨੇ ਅਚਾਨਕ ਪ੍ਰਚਾਰ ਦੀ ਆਪਣੀ ਸੁਰ ਕਿਉਂ ਬਦਲ ਲਈ ਹੈ । ਮੁਸਲਿਮ ਭਾਈਚਾਰੇ 'ਚ ਪਛੜੀਆਂ ਸ਼੍ਰੇਣੀਆਂ ਨੂੰ ਰਾਖਵਾਂਕਰਨ ਦੇਣ ਵਿਰੁੱਧ ਉਸ ਨੇ ਹੁਣ ਖੁੱਲ੍ਹ ਕੇ ਗੱਲ ਕਰਨੀ ਸੁਰੂ ਕਰ ਦਿੱਤੀ ਹੈ। ਇਸ ਕਾਰਨ ਵੱਡੀ ਗਿਣਤੀ 'ਚ ਮੁਸਲਮਾਨ 'ਇੰਡੀਆ' ਬਲਾਕ 'ਚ ਚਲੇ ਗਏ ਹਨ। ਇਸ ਕਾਰਨ ਭਾਜਪਾ ਨਾਲ ਗੱਠਜੋੜ ਕਰ ਕੇ ਵਿਧਾਨ ਸਭਾ ਦੀਆਂ 115 ਸੀਟਾਂ 'ਤੇ ਚੋਣ ਲੜੀ ਸੀ । ਉਹ



ਨਿਤੀਸ ਕੁਮਾਰ ਕਮਜੋਰ ਹੋ ਗਏ ਹਨ। ਦੂਜਾ, ਨਿਤੀਸ ਚਿਰਾਗ ਪਾਸਵਾਨ ਨਾਲ ਲੇਖਾ-ਜੋਖ ਾ ਨਿਪਟਾਉਣਾ ਚਾਹੁੰਦੇ ਹਨ। ਜਨਤਾ ਦਲ (ਯੂ) ਨੇ 43 ਸੀਟਾਂ ਨਾਲ ਤੀਜੇ ਨੰਬਰ 'ਤੇ ਰਹੀ ਸੀ। ਭਾਜਪਾ ਨੇ 243 ਸੀਟਾਂ ਵਾਲੇ ਹਾਊਸ 'ਚ 74 ਸੀਟਾਂ ਜਿੱਤ ਕੇ ਰਿਕਾਰਡ ਬਣਾਇਆ ਸੀ। ਰਾਜਦ 75 ਸੀਟਾਂ ਨਾਲ ਸਭ ਤੋਂ ਵੱਡੀ ਪਾਰਟੀ ਬਣੀ ਸੀ। ਜਨਤਾ ਦਲ (ਯੂ) ਦਾ ਸਭ ਤੋਂ ਮਾੜਾ ਪ੍ਰਦਰਸਨ ਇਸ ਲਈ ਹੋਇਆ ਕਿਉਂਕਿ ਚਿਰਾਗ ਪਾਸਵਾਨ ਨੇ ਐੱਨ. ਡੀ. ਏ. ਛੱਡ ਦਿੱਤਾ ਸੀ । 80 ਉਮੀਦਵਾਰਾਂ ਨੂੰ ਇਸ ਤਰ੍ਹਾਂ ਮੈਦਾਨ ਵਿਚ ਉਤਾਰਿਆ ਸੀ ਕਿ ਨਿਤੀਸ ਬੁਰੀ ਤਰ੍ਹਾਂ ਹਾਰ ਜਾਣ। ਨਾਰਾਜ ਨਿਤੀਸ ਕੁਮਾਰ ਨੇ ਭਾਜਪਾ ਨਾਲੋਂ ਨਾਤਾ ਤੋੜ ਲਿਆ ਸੀ । ਉਹ 'ਇੰਡੀਆ' ਗੱਠਜੋੜ 'ਚ ਸਾਮਲ ਹੋ ਕੇ ਇਸ ਦੇ ਕੌਮੀ ਕਨਵੀਨਰ ਬਣ ਗਏ। ਭਾਜਪਾ ਨੇ ਇਕੱਲਿਆਂ ਹੀ ਚੋਣਾਂ ਲੜਨ ਦਾ ਫੈਸਲਾ ਕੀਤਾ ਤੇ ਚਿਰਾਗ ਪਾਸਵਾਨ ਅਤੇ ਛੋਟੇ ਸਹਿਯੋਗੀਆਂ ਨਾਲ ਗੱਠਜੋੜ ਕੀਤਾ। ਨਿਤੀਸ ਨੇ 'ਇੰਡੀਆ' 'ਚ ਆਪਣਾ ਆਧਾਰ ਗੁਆ ਲਿਆ ਤੇ ਭਾਜਪਾ ਲੀਡਰਸ਼ਿਪ ਨੂੰ ਸੁਨੇਹਾ ਭੇਜਿਆ। ਭਾਜਪਾ ਨੇ ਫਿਰ 'ਪਲਟੂ ਰਾਮ' ਨੂੰ ਗਲੇ ਲਾਇਆ। ਭਾਜਪਾ ਵਰਕਰ ਤੇ ਨੇਤਾ ਨਿਤੀਸ ਨੂੰ ਵਾਪਸ ਲਿਆਉਣ ਦੇ ਵਿਰੁੱਧ ਸਨ ਪਰ ਲੀਡਰਸ਼ਿਪ ਨੇ ਉਨ੍ਹਾਂ ਨੂੰ ਨਾਲ ਲਿਆਉਣ ਦਾ ਫੈਸਲਾ ਕੀਤਾ ਤੇ 'ਜਹਿਰ ਨਿਗਲ' ਲਿਆ। ਹੁਣ ਨਿਤੀਸ ਕੁਮਾਰ ਫਿਰ ਖੇਡਾਂ ਖੇਡ ਰਹੇ ਹਨ ਅਤੇ ਭਾਜਪਾ ਬਿਹਾਰ 'ਚ 'ਹਾਰ' ਵੱਲ ਵਧ ਰਹੀ ਹੈ।

## ਲੋਕਾਂ ਨੇ ਭਾਜਪਾ ਨੂੰ ਵੋਟ ਦੇਣ ਦਾ ਬਣਾ ਲਿਆ ਹੈ ਮਨ : ਅਨੁਰਾਗ ਠਾਕੁਰ

ਹਮੀਰਪੁਰ 12 ਮਈ। ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰੀ ਅਨੁਰਾਗ ਠਾਕੁਰ ਨੇ ਸ਼ਨੀਵਾਰ ਨੂੰ ਹਮੀਰਪੁਰ ਜ਼ਿਲ੍ਹੇ 'ਚ ਰੋਡ ਸ਼ੋਅ ਕੀਤਾ ਅਤੇ ਕਿਹਾ ਕਿ ਲੋਕਾਂ ਦੇ ਉਤਸ਼ਾਹ ਤੋਂ ਸਾਫ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਵੋਟ ਦੇਣ ਦਾ ਮਨ ਬਣਾ ਲਿਆ ਹੈ। ਹਮੀਰਪੁਰ ਲੋਕ ਸਭਾ ਸੀਟ ਤੋਂ ਭਾਜਪਾ ਉਮੀਦਵਾਰ ਠਾਕੁਰ ਨੇ ਕਿਹਾ ਕਿ ਲੋਕ ਕੇਂਦਰ 'ਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦੇ ਪ੍ਰਦਰਸ਼ਨ ਤੋਂ ਖੁਸ਼ ਹਨ ਅਤੇ ਨਰਿੰਦਰ ਮੋਦੀ ਨੂੰ ਤੀਜੀ ਵਾਰ ਪ੍ਰਧਾਨ ਮੰਤਰੀ ਬਣਾਉਣਾ ਚਾਹੁੰਦੇ ਹਨ। ਹਮੀਰਪੁਰ ਤੋਂ ਚਾਰ ਵਾਰ ਸੰਸਦ ਮੈਂਬਰ ਰਹੇ ਠਾਕੁਰ ਨੇ ਸਵੇਰੇ ਆਪਣਾ ਪ੍ਰੋਗਰਾਮ ਸ਼ੁਰੂ ਕੀਤਾ ਅਤੇ ਕੁਲਦੇਵੀ-ਅਵਾਹਦੇਵੀ ਮੰਦਰ ਜਾ ਕੇ ਖੁਦ ਲਈ ਅਤੇ ਪਾਰਟੀ ਲਈ ਆਸ਼ੀਰਵਾਦ ਮੰਗਿਆ। ਉਨ੍ਹਾਂ ਨੇ ਆਪਣੇ ਮਾਤਾ-ਪਿਤਾ ਦਾ ਆਸ਼ੀਰਵਾਦ ਵੀ ਲਿਆ। ਅਵਾਹਦੇਵੀ ਤੋਂ ਹਮੀਰਪੁਰ ਤੱਕ ਕੱਢੇ ਗਏ ਰੋਡ ਸ਼ੋਅ 'ਚ ਠਾਕੁਰ ਖੁੱਲ੍ਹੀ ਜੀਪ 'ਚ ਸਵਾਰ ਹੋ ਕੇ ਸ਼ਾਮਲ ਹੋਏ। ਉਨ੍ਹਾਂ ਨਾਲ ਸਾਬਕਾ ਮੁੱਖ ਮੰਤਰੀ ਜੈਰਾਮ ਠਾਕੁਰ, ਭਾਜਪਾ ਦੀ ਰਾਜ ਇਕਾਈ ਦੇ ਮੁਖੀ ਰਾਜੀਵ ਬਿੰਦਲ ਅਤੇ ਸੁਜਾਨਪੁਰ ਅਤੇ ਬੜਸਰ ਤੋਂ ਭਾਜਪਾ ਉਮੀਦਵਾਰ ਰਾਜੇਂਦਰ ਰਾਣਾ ਅਤੇ ਆਈ.ਡੀ. ਲਖਨਪਾਲ ਵੀ ਸਨ। ਉਨ੍ਹਾਂ ਨੇ ਸ਼ਿਵ ਮੰਦਰ 'ਚ ਪੂਜਾ ਵੀ ਕੀਤੀ, ਜਿੱਥੇ ਪਾਰਟੀ ਦੇ ਸੈਂਕੜੇ ਸਥਾਨਕ ਨੇਤਾ ਅਤੇ ਵਰਕਰ ਮੌਜੂਦ ਸਨ। ਸ਼ਹਿਰ 'ਚ ਚਾਰੇ ਪਾਸੇ ਭਾਜਪਾ ਦੇ ਝੰਡੇ,



ਬੈਨਰ ਅਤੇ ਹੋਰਡਿੰਗ ਲੱਗੇ ਨਜਰ ਆ ਰਹੇ ਸਨ। ਰੋਡ ਸ਼ੋਅ 'ਚ ਊਨਾ, ਬਿਲਾਸਪੁਰ, ਮੰਡੀ ਅਤੇ ਕਾਂਗੜਾ ਜ਼ਿਲ੍ਹਿਆਂ ਦੇ ਪੁਰਸ਼, ਔਰਤਾਂ ਅਤੇ ਨੌਜਵਾਨ ਵੱਡੀ ਗਿਣਤੀ 'ਚ ਸ਼ਾਮਲ ਹੋਏ। ਇਹ ਰੋਡ ਸ਼ੋਅ ਕਾਂਗਰਸ ਦੇ ਉਮੀਦਵਾਰ ਸਤਪਾਲ ਰਾਏਜਾਦਾ ਵਲੋਂ ਹਮੀਰਪੁਰ ਸੀਟ ਤੋਂ ਆਪਣਾ ਨਾਮਜਦਗੀ ਪੱਤਰ ਦਾਖਲ ਕਰਨ ਦੇ ਇਕ ਦਿਨ

# ਬੱਸਾਂ ’ਚ ਹੋ ਰਹੀ ਧੱਕਾ-ਮੁੱਕੀ, ਰੇਲਵੇ ਸਟੇਸ਼ਨਾਂ ’ਤੇ ਖੁੱਲ੍ਹੇ ਆਸਮਾਨ ਹੇਠ ਲੰਘ ਰਹੀਆਂ ਰਾਤਾਂ, ਭਟਕਣ ਨੂੰ ਮਜਬੂਰ ਯਾਤਰੀ

ਜਲੰਧਰ 12 ਮਈ। ਟਰੇਨਾਂ ਦੇ ਸਫਰ ’ਚ ਪ੍ਰੇਸ਼ਾਨੀਆਂ ਖਤਮ ਹੋਣ ਦਾ ਨਾਂ ਨਹੀਂ ਲੈ ਰਹੀਆਂ, ਜਿਸ ਕਾਰਨ ਯਾਤਰੀਆਂ ਨੂੰ ਭਾਰੀ ਦਿੱਕਤਾਂ ਪੇਸ਼ ਆ ਰਹੀਆਂ ਹਨ। ਟਰੇਨਾਂ ਦੇ ਪ੍ਰਭਾਵਿਤ ਹੋਣ ਕਾਰਨ ਯਾਤਰੀ ਦੂਜੇ ਬਦਲਾਂ ਦੀ ਭਾਲ ਕਰਦਿਆਂ ਬੱਸ ਅੱਡੇ ਦਾ ਰੁਖ ਕਰਨ ਨੂੰ ਮਜਬੂਰ ਹਨ। ਦਿੱਲੀ ਤੇ ਅੰਮ੍ਰਿਤਸਰ ਰੂਟ ਦੀਆਂ ਵਧੇਰੇ ਬੱਸਾਂ ’ਚ ਡੇਢ ਗੁਣਾ ਯਾਤਰੀ ਹੋਣ ਕਾਰਨ ਸੀਟਾਂ ਮਿਲਣਾ ਬਹੁਤ ਮੁਸ਼ਕਿਲ ਹੋ ਰਿਹਾ ਹੈ। ਇਸ ਕਾਰਨ ਯਾਤਰੀਆਂ ਨੂੰ ਖੜ੍ਹੇ ਹੋ ਕੇ ਸਫਰ ਕਰਨਾ ਪੈ ਰਿਹਾ ਹੈ। ਕਈ ਰੂਟਾਂ ਦੀਆਂ ਬੱਸਾਂ ’ਚ ਚੜ੍ਹ ਪਾਉਣਾ ਵੀ ਆਸਾਨ ਨਹੀਂ ਹੈ। ਮੁਸ਼ਕਿਲਾਂ ਕਾਰਨ ਲੋਕਾਂ ਨੂੰ ਧੱਕਾ-ਮੁੱਕੀ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਪਿਛਲੇ ਦਿਨਾਂ ਤੋਂ ਸ਼ਤਾਬਦੀ ਤੋਂ ਲੈ ਕੇ ਗਰੀਬ ਰੱਥ ਵਰਗੀਆਂ ਵਧੇਰੇ ਟਰੇਨਾਂ ਦੇਰੀ ਨਾਲ ਪਹੁੰਚ ਰਹੀਆਂ ਹਨ। ਹਾਲਾਤ ਇਹ ਬਣ ਚੁੱਕੇ ਹਨ ਕਿ ਸਵੇਰੇ ਪਹੁੰਚਣ ਵਾਲੀਆਂ ਟਰੇਨਾਂ ਸ਼ਾਮ ਨੂੰ, ਜਦਕਿ ਰਾਤ ਨੂੰ ਆਉਣ ਵਾਲੀਆਂ ਟਰੇਨਾਂ ਸਵੇਰੇ ਸਟੇਸ਼ਨਾਂ ’ਤੇ ਪਹੁੰਚ ਰਹੀਆਂ ਹਨ। ਇਸ ਕਾਰਨ ਯਾਤਰੀਆਂ ਨੂੰ ਟਰੇਨਾਂ ਦੀ ਉਡੀਕ ’ਚ ਸਟੇਸ਼ਨਾਂ ’ਤੇ ਲੰਮਾ ਸਮਾਂ ਗੁਜਾਰਨਾ ਪੈ ਰਿਹਾ ਹੈ। ਟਰੇਨਾਂ ਲੇਟ ਹੋਣ ਕਾਰਨ ਕਈ ਯਾਤਰੀ ਰੇਲਵੇ ਸਟੇਸ਼ਨ ਦੇ ਬਾਹਰ ਨੀਂਦ ਪੂਰੀ ਕਰਦੇ ਦੇਖੇ ਜਾ ਸਕਦੇ ਹਨ। ਲੰਮੀ ਦੂਰੀ ਦੀਆਂ ਕਈ ਟਰੇਨਾਂ 6 ਤੋਂ 12 ਘੰਟਿਆਂ ਦੀ ਦੇਰੀ ਨਾਲ ਜਲੰਧਰ ਸਿਟੀ ਸਟੇਸ਼ਨ ’ਤੇ ਪਹੁੰਚ ਰਹੀਆਂ ਹਨ, ਜਿਸ ਕਾਰਨ ਯਾਤਰੀਆਂ ਨੂੰ ਦਿੱਕਤਾਂ




ਉਠਾਉਣੀਆਂ ਪੈ ਰਹੀਆਂ ਹਨ। ਦੇਰ ਰਾਤ 11.30 ਵਜੇ ਰੇਲਵੇ ਸਟੇਸ਼ਨ ਦੇ ਬਾਹਰ ਲਾਈਨਾਂ ’ਚ ਲੋਕਾਂ ਨੂੰ ਸੁੱਤੇ ਹੋਏ ਦੇਖਿਆ ਗਿਆ। ਉਕਤ ਪ੍ਰਤੀਨਿਧੀ ਨੇ ਜਮੀਨ ’ਤੇ ਸੌਂ ਰਹੇ ਲੋਕਾਂ ਤੋਂ ਪ੍ਰੇਸ਼ਾਨੀ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਟਰੇਨਾਂ ਦੀ ਉਡੀਕ ਕਰਨ ਤੋਂ ਇਲਾਵਾ ਉਨ੍ਹਾਂ ਕੋਲ ਕੋਈ ਬਦਲ ਨਹੀਂ ਹੈ, ਜਿਸ ਕਾਰਨ ਉਹ ਸਟੇਸ਼ਨ ਦੇ ਬਾਹਰ ਘਾਹ ’ਤੇ ਸੌਣ ਨੂੰ ਮਜਬੂਰ ਹਨ। ਵੱਖ-ਵੱਖ ਟਰੇਨਾਂ ਜਰੀਏ ਜਾਣ ਵਾਲੇ ਪ੍ਰਵਾਸੀ ਯਾਤਰੀਆਂ ਦਾ ਕਹਿਣਾ ਸੀ ਕਿ ਹੋਟਲਾਂ ’ਚ ਕਮਰੇ ਲੈਣਾ ਉਨ੍ਹਾਂ ਲਈ ਸੰਭਵ ਨਹੀਂ ਹੈ, ਜਿਸ ਕਾਰਨ ਉਹ ਸਟੇਸ਼ਨ ’ਤੇ ਸੌਂ ਰਹੇ ਹਨ। ਕੁਝ ਯਾਤਰੀਆਂ ਦਾ ਕਹਿਣਾ ਸੀ ਕਿ ਉਨ੍ਹਾਂ ਦੀ ਟਰੇਨ ਰਾਤ 11 ਵਜੇ ਪਹੁੰਚਣੀ ਸੀ ਪਰ ਸਟੇਸ਼ਨ ’ਤੇ ਪਹੁੰਚਣ ਉਪਰੰਤ ਉਨ੍ਹਾਂ ਨੂੰ ਪਤਾ ਲੱਗਾ ਕਿ ਟਰੇਨ ਸਵੇਰੇ ਪਹੁੰਚੇਗੀ, ਜਿਸ ਕਾਰਨ ਉਨ੍ਹਾਂ ਕੋਲ ਵਾਪਸ ਜਾਣ ਦਾ ਕੋਈ ਬਦਲ ਮੁਹੱਈਆ ਨਹੀਂ ਹੈ। ਸ਼ੰਭੂ ਸਟੇਸ਼ਨ ’ਤੇ ਰੇਲਵੇ ਟ੍ਰੈਕ ਤੇ ਹਾਈਵੇ ’ਤੇ ਬੈਠੇ ਕਿਸਾਨਾਂ ਕਾਰਨ ਅੰਬਾਲਾ ਤੋਂ ਅੰਮ੍ਰਿਤਸਰ ਤਕ ਦੇ ਸਫਰ ’ਚ ਦਿੱਕਤਾਂ ਪੇਸ਼ ਆ ਰਹੀਆਂ ਹਨ। ਇਸ ਕਾਰਨ ਲੁਧਿਆਣਾ, ਅੰਮ੍ਰਿਤਸਰ ਤੇ ਜਲੰਧਰ ਦੇ ਯਾਤਰੀਆਂ ਨੂੰ ਕਾਫੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਲੰਧਰ ਸੈਂਟਰ ਪੁਆਇੰਟ ਹੈ, ਜਿਸ ਕਾਰਨ ਇਥੋਂ ਜਾਣ ਵਾਲੇ ਯਾਤਰੀਆਂ ਲਈ ਪ੍ਰੇਸ਼ਾਨੀ ਦੁੱਗਣੀ ਹੋ ਰਹੀ ਹੈ। ਅੰਮ੍ਰਿਤਸਰ ਤੇ ਲੁਧਿਆਣਾ ਤੋਂ ਆਉਣ ਵਾਲੀਆਂ ਬੱਸਾਂ ਪਿੱਛਿਓਂ ਭਰ ਕੇ ਆ ਰਹੀਆਂ ਹਨ, ਜਿਸ ਕਾਰਨ ਜਲੰਧਰ ਤੋਂ ਸਫਰ ਕਰਨ ਵਾਲਿਆਂ ਨੂੰ ਸੀਟਾਂ ਮਿਲ ਪਾਉਣਾ ਮੁਸ਼ਕਿਲ ਹੋ ਰਿਹਾ ਹੈ। ਇਸ ਕਾਰਨ ਜਾਣਕਾਰੀ ਰੱਖਣ ਵਾਲੇ ਯਾਤਰੀ ਜਲੰਧਰ ਤੋਂ ਬਣ ਕੇ ਚੱਲਣ ਵਾਲੀਆਂ ਬੱਸਾਂ ’ਚ ਸਫਰ ਕਰਨ ਨੂੰ ਮਹੱਤਵ ਦਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਜਲੰਧਰੋਂ ਚੱਲਣ ਵਾਲੀਆਂ ਬੱਸਾਂ ’ਚ ਸੀਟ ਆਸਾਨੀ ਨਾਲ ਮਿਲ ਜਾਵੇਗੀ।

## ਭਾਖੜਾ ਨਹਿਰ ਦੇ ਪੁਲ ‘ਤੇ ਟਰਾਲਾ ਅਤੇ ਟਰੱਕ ਆਪਸ ’ਚ ਟਕਰਾਏ

ਸ੍ਰੀ ਕੀਰਤਪੁਰ ਸਾਹਿਬ 12 ਮਈ। ਮਨਾਲੀ-ਚੰਡੀਗੜ੍ਹ ਕੌਮੀ ਮਾਰਗ ‘ਤੇ ਅੱਜ ਸਵੇਰੇ ਸ੍ਰੀ ਕੀਰਤਪੁਰ ਸਾਹਿਬ ਵਿਖੇ ਭਾਖੜਾ ਨਹਿਰ ਦੇ ਪੁਲ ’ਤੇ ਇਕ ਟਿੱਪਰ ਅਤੇ ਟਰੱਕ ਇਕ ਦੂਜੇ ਨੂੰ ਪਾਸ ਕਰਨ ਸਮੇਂ ਆਪਸ ’ਚ ਟਕਰਾ ਗਏ, ਜਿਸ ਤੋਂ ਬਾਅਦ ਟਿੱਪਰ ਦਾ ਸੰਤੁਲਣ ਵਿਗੜ ਗਿਆ ਅਤੇ ਟਿੱਪਰ ਭਾਖੜਾ ਨਹਿਰ ਨਾਲ ਬਣੀ ਸੀਮੈਂਟ ਦੀ ਰੇਲਿੰਗ ’ਤੇ ਜਾ ਚੜ੍ਹਿਆ ਪਰ ਪੁਲ ਦੀ ਰੇਲਿੰਗ ਪੱਕੀ ਹੋਣ ਕਾਰਨ ਟਿੱਪਰ ਰੇਲਿੰਗ ਦੇ ਉੱਪਰ ਹੀ ਰੁਕ ਗਿਆ ਨਹੀਂ ਤਾਂ ਟਿੱਪਰ ਨਹਿਰ ’ਚ ਡਿੱਗ ਸਕਦਾ ਸੀ। ਇਸ ਹਾਦਸੇ ਤੋਂ ਬਾਅਦ ਮਨਾਲੀ-ਚੰਡੀਗੜ੍ਹ ਕੌਮੀ ਮਾਰਗ ਦਾ ਇਕ ਹਿੱਸਾ ਕਰੀਬ



ਚਾਰ ਘੰਟੇ ਲਈ ਬੰਦ ਰਿਹਾ ਪੁਲਸ ਅਤੇ ਟਿੱਪਰ ਪ੍ਰਬੰਧਕਾਂ ਵੱਲੋਂ ਬੜੀ ਮੁਸਕਿਲ ਨਾਲ ਵਾਹਨਾਂ ਨੂੰ ਹਟਾ ਕੇ ਟ੍ਰੈਫਿਕ ਚਾਲੂ ਕਰਵਾਈ ਗਈ। ਜਿ਼ਕਰਯੋਗ ਹੈ ਕਿ ਦੋਵੇਂ ਵਾਹਨ ਪਿੰਡ ਮੱਸੇਵਾਲ ਵੱਲ ਤੋਂ ਸ੍ਰੀ ਕੀਰਤਪੁਰ ਸਾਹਿਬ ਦੇ ਪਤਾਲਪੁਰੀ ਚੌਂਕ ਵੱਲ ਨੂੰ ਜਾ ਰਹੇ ਸੀ ਤਾਂ ਪੁਲਸ ਥਾਣੇ ਦੇ ਸਾਹਮਣੇ ਭਾਖੜਾ ਨਹਿਰ ਦੇ ਉੱਪਰ ਬਣੇ ਪੁਲ ’ਤੇ ਦੋਵੇਂ ਵਾਹਨਾਂ ਦੀ ਇਕ ਦੂਜੇ ਨੂੰ ਪਾਸ ਕਰਦੇ ਸਮੇਂ ਆਪਸ ’ਚ ਟਕਰਾ ਗਏ ਅਤੇ ਟਿੱਪਰ ਪੁਲ ਦੀ ਰੈਲਿੰਗ ’ਤੇ ਚੜ੍ਹ ਗਿਆ ਜਿਸ ਨਾਲ ਟਿੱਪਰ ਦਾ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ। ਟਿੱਪਰ ’ਚ ਮਾਈਨਿੰਗ ਮਟੀਰੀਅਲ ਲੋਡ ਸੀ। ਮੌਕੇ ’ਤੇ ਪਹੁੰਚੀ ਸਥਾਨਕ ਪੁਲਸ ਵੱਲੋਂ ਕਰੀਬ ਚਾਰ ਘੰਟੇ ਦੀ ਮੁਸੱਕਤ ਤੋਂ ਬਾਅਦ ਦੋਵੇਂ ਵਾਹਨਾਂ ਨੂੰ ਸਾਈਡ ਕਰਵਾ ਕੇ ਆਵਾਜਾਈ ਨੂੰ ਚਾਲੂ ਕਰਵਾਇਆ ਗਿਆ।

## ਬਹਿਰਾਮਪੁਰ ਪੁਲਸ ਦੇ ਹੱਥ ਲੱਗੀ ਵੱਡੀ ਸਫਲਤਾ, 420 ਗ੍ਰਾਮ ਹੈਰੋਇਨ ਸਣੇ 2 ਮੁਲਜਮ ਕੀਤੇ ਕਾਬੂ

ਦੀਨਾਨਗਰ 12 ਮਈ। ਬਹਿਰਾਮਪੁਰ ਪੁਲਸ ਨੂੰ ਉਸ ਸਮੇ ਵੱਡੀ ਸਫਲਤਾ ਮਿਲੀ ਜਦ ਇਕ ਗੁਪਤ ਸੂਚਨਾ ਦੇ ਆਧਾਰ ‘ਤੇ ਪਿੰਡ ਮੱਲੀਆਂ ਤੋ ਥੋੜਾ ਅੱਗੇ ਪਿੰਡ ਕੌਹਲੀਆ ਵੱਲ ਨੂੰ ਜਾਦੀ ਸੜਕ ‘ਤੇ ਨਾਕਬੰਦੀ ਦੌਰਾਨ ਚੈਕਿੰਗ ਕਰਦੇ ਸਮੇ ਇਕ ਸਵਿਫਟ ਡਿਜਾਇਰ ਗੱਡੀ ਸਵਾਰ 2 ਨੌਜਵਾਨਾਂ ਕੋਲੋ 420 ਗ੍ਰਾਮ ਹੈਰੋਇਨ ਬਰਾਮਦ ਕਰ ਕੇ ਗ੍ਰਿਫਤਾਰ ਕੀਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਐੱਸ.ਐੱਸ.ਪੀ. ਗੁਰਦਾਸਪੁਰ ਦਾਯਮਾ ਹਰੀਸ਼ ਕੁਮਾਰ ਨੇ ਦੱਸਿਆ ਕਿ ਬਹਿਰਾਮਪੁਰ ਪੁਲਸ ਵੱਲੋਂ ਗੁਪਤ




ਸੂਚਨਾ ਦੇ ਆਧਾਰ ‘ਤੇ ਨਾਕਾਬੰਦੀ ਕਰ ਕੇ ਵਹੀਕਲਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ। ਜਦ ਇਕ ਕਾਰ ਨੂੰ ਟਾਰਚ ਮਾਰ ਕੇ ਰੋਕਿਆ ਗਿਆ ਤਾਂ ਕਾਰ ਦੀ ਅਗਲੀ ਸੀਟ ‘ਤੇ ਬੈਠਾ ਨੌਜਵਾਨ ਇਕਦਮ ਕਾਰ ਦੀ ਤਾਕੀ ਖੋਲ੍ਹ ਕੇ ਭੱਜਣ ਲੱਗਾ ਤਾਂ ਪੁਲਸ ਫੋਰਸ ਨੇ ਉਸ ਦੀ ਕੋਸ਼ਿਸ਼ ਨਾਕਾਮ ਕਰਦਿਆਂ ਉਸ ਨੂੰ ਤੁਰੰਤ ਕਾਬੂ ਕਰ ਲਿਆ ਗਿਆ। ਜਦ ਉਸ ਦੀ ਤਲਾਸ਼ੀ ਕੀਤੀ ਗਈ ਤਾਂ ਇਕ ਕਾਲੇ ਰੰਗ ਦੇ ਮੋਮੀ ਲਿਫਾਫੇ ਵਿਚ ਪੀਲੇ ਰੰਗ ਦੀ ਟੇਪ ਲਪੇਟੀ ਹੋਈ ਸੀ, ਜਿਸ ਦੀ ਜਾਂਚ ਕਰਨ ‘ਤੇ ਉਸ ‘ਚੋਂ 420 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਵੱਲੋ ਪੂਰੀ ਜਾਂਚ ਪੜਤਾਲ ਕਰਨ ਉਪਰੰਤ ਹਰਪ੍ਰੀਤ ਸਿੰਘ ਹੈਪੀ ਪੁੱਤਰ ਅਜੀਤ ਸਿੰਘ ਵਾਸੀ ਮੱਲੀਆਂ ਥਾਣਾ ਬਹਿਰਾਮਪੁਰ ਅਤੇ ਜਤਿੰਦਰ ਸਿੰਘ ਪੁੱਤਰ ਨਿਰੰਜਨ ਸਿੰਘ ਵਾਸੀ ਸ਼ਾਹਪੁਰਕੰਢੀ ਪਠਾਨਕੋਟ ਵਿਰੁੱਧ ਵੱਖ-ਵੱਖ ਧਰਾਵਾਂ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਔਰਤ ਨੂੰ ਬੇਹੋਸ਼ ਕਰ ਕੀਤਾ ਵੱਡਾ ਕਾਂਡ, ਪੁਲਸ ਨੇ ਚਾਰ ਵਿਅਕਤੀਆਂ ਨੂੰ ਸਕਾਰਪੀਓ ਸਮੇਤ ਕੀਤਾ ਗ੍ਰਿਫਤਾਰ

ਤਰਨਤਾਰਨ 12 ਮਈ। ਤਰਨਤਾਰਨ ‘ਚ ਚੋਰੀਆਂ ਹੋਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ, ਇਸ ਦੌਰਾਨ ਇਕ ਹੋਰ ਹੈਰਾਨ ਕਰਨ ਦੇਣ ਵਾਲੀ ਖਬਰ ਸਾਹਮਣੇ ਹੈ। ਜਿਥੇ ਘਰ ’ਚ ਮੌਜੂਦ ਔਰਤ ਨੂੰ ਬੇਹੋਸ਼ ਕਰਦੇ ਹੋਏ ਤਿੰਨ ਤੋੜੇ ਕਣਕ ਅਤੇ 5000 ਦੀ ਨਕਦੀ ਚੋਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਿਸ ਤੋਂ ਬਾਅਦ ਪੁਲਸ ਵੱਲੋਂ ਕਾਰਵਾਈ ਕਰਦੇ ਹੋਏ ਫਰਾਰ ਚਾਰਾਂ ਵਿਅਕਤੀਆਂ ਨੂੰ ਤਿੰਨ ਤੋੜੇ ਕਣਕ, 3900 ਰੁਪਏ ਦੀ ਨਕਦੀ ਅਤੇ ਸਕਾਰਪੀਓ ਸਮੇਤ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਗਈ ਹੈ। ਪੁਲਸ ਵੱਲੋਂ ਇਸ ਸਬੰਧੀ ਥਾਣਾ ਵਲਟੋਹਾ ਵਿਖੇ ਮਾਮਲਾ ਦਰਜ ਕਰ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਜਾਣਕਾਰੀ ਦਿੰਦੇ ਹੋਏ ਡੀ. ਐੱਸ. ਪੀ. ਭਿੱਖੀਵਿੰਡ ਪ੍ਰੀਤ ਇੰਦਰ ਸਿੰਘ ਨੇ ਦੱਸਿਆ ਕਿ ਅਮਨਦੀਪ ਕੌਰ ਪਤਨੀ ਨਿਸ਼ਾਨ ਸਿੰਘ ਵਾਸੀ ਢੋਲਣ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਬੀਤੇ ਕੱਲ੍ਹ ਸਵੇਰ ਕਰੀਬ 10 ਵਜੇ ਆਪਣੇ ਜੇਠ ਮਨਜੀਤ ਸਿੰਘ ਪੁੱਤਰ ਦਰਬਾਰਾ ਸਿੰਘ ਅਤੇ ਭਰਾ ਗੁਰਦਿੱਤ ਸਿੰਘ ਜੋ ਦੋਨੇ ਅੰਗਹੀਨ ਹਨ, ਸਮੇਤ ਘਰ ਵਿਚ ਮੌਜੂਦ ਸੀ। ਇਸ ਦੌਰਾਨ ਇਕ ਸਰਕਾਰਪੀਓ ਗੱਡੀ ਉੱਪਰ ਸਵਾਰ ਹੋ ਚਾਰ



ਵਿਅਕਤੀ ਘਰ ਵਿਚ ਆਉਂਦੇ ਹਨ ਅਤੇ ਕਣਕ ਦੀ ਮੰਗ ਕਰਦੇ ਹਨ। ਜਦੋਂ ਅਮਨਦੀਪ ਕੌਰ ਰਸੋਈ ਵਿਚ ਜਾਂਦੀ ਹੈ ਤਾਂ ਵਿਅਕਤੀ ਉਸ ਨੂੰ ਬੇਹੋਸ਼ ਕਰਦੇ ਹੋਏ ਬੈੱਡ ਵਿਚ ਮੌਜੂਦ 5 ਹਜ਼ਾਰ ਰੁਪਏ ਦੀ ਨਕਦ ਰਕਮ ਅਤੇ ਤਿੰਨ ਤੋੜੇ ਕਣਕ ਜਿਸ ਦਾ ਵਜਨ ਡੇਢ ਕੁਇੰਟਲ ਹੈ ਨੂੰ ਲੈ ਕੇ ਮੌਕੇ ਤੋਂ ਫਰਾਰ ਹੋ ਗਏ। ਜਦੋਂ ਉਸਨੂੰ ਹੋਸ਼ ਆਇਆ ਤਾਂ ਉਸ ਨੇ ਭਰਾ ਅਤੇ ਜੇਠ ਨੂੰ ਦੱਸਿਆ ਕਿ ਚਾਰੇ ਵਿਅਕਤੀ ਜ਼ਬਰਦਸਤੀ ਸਕਾਰਪੀਓ ਗੱਡੀ ਵਿਚ ਕਣਕ ਦੇ ਤੋੜੇ ਲੱਦ ਕੇ ਲੈ ਗਏ ਹਨ। ਇਸ ਸਬੰਧੀ ਡੀ. ਐੱਸ. ਪੀ. ਪ੍ਰੀਤ ਇੰਦਰ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਇਸ ਮਾਮਲੇ ਸਬੰਧੀ ਤੁਰੰਤ ਕਾਰਵਾਈ ਕਰਦੇ ਹੋਏ ਜਸਵਿੰਦਰ ਸਿੰਘ ਪੁੱਤਰ ਗੁਰਮੁਖ ਸਿੰਘ, ਸਵਰਨ ਸਿੰਘ ਪੁੱਤਰ ਹਰਭਜਨ ਸਿੰਘ, ਮਨਜੀਤ ਸਿੰਘ ਪੁੱਤਰ ਹਰਭਜਨ ਸਿੰਘ ਅਤੇ ਅਤਰਦੀਪ ਸਿੰਘ ਪੁੱਤਰ ਦੀਦਾਰ ਸਿੰਘ ਸਾਰੇ ਵਾਸੀਆਨ ਨਿਊ ਪ੍ਰਤਾਪ ਨਗਰ ਸੁਲਤਾਨਵਿੰਡ ਰੋਡ ਅੰਮ੍ਰਿਤਸਰ ਨੂੰ ਸਕਾਰਪੀਓ ਗੱਡੀ ਸਮੇਤ ਗ੍ਰਿਫਤਾਰ ਕਰਦੇ ਹੋਏ ਉਨ੍ਹਾਂ ਪਾਸੋਂ ਤਿੰਨ ਤੋੜੇ ਕਣਕ ਅਤੇ 3900 ਦੀ ਨਕਦੀ ਬਰਾਮਦ ਕਰ ਲਈ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਮੁਲਜ਼ਮਾਂ ਨੂੰ ਮਾਨਯੋਗ ਅਦਾਲਤ ਵਿਚ ਪੇਸ਼ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

## ਪੰਜਾਬ ‘ਚ ਵੱਡਾ ਹਾਦਸਾ, ਅੱਧੀ ਰਾਤ ਨੂੰ ਗੈਸ ਲੀਕ, ਇਲਾਕਾ ਕਰ ‘ਤਾ ਸੀਲ, ਮੌਕੇ ‘ਤੇ ਪੁੱਜੇ ਸਿਹਤ ਮੰਤਰੀ

ਪਟਿਆਲਾ 12 ਮਈ। ਪਟਿਆਲਾ ਜਿ਼ਲ੍ਹਾ ਦੇ ਹਲਕਾ ਰਾਜਪੁਰਾ ‘ਚ ਲਿਬਰਟੀ ਚੌਂਕ ਨਜਦੀਕ ਪੈਂਦੇ ਇਕ ਕੋਲਡ ਸਟੋਰ ‘ਚ ਜਹਿਰੀਲੀ ਗੈਸ ਲੀਕ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਘਟਨਾ ਦੌਰਾਨ ਕਈ ਮੁਲਾਜਮ ਬੇਹੋਸ਼ ਹੋ ਗਏ, ਜਿਨ੍ਹਾਂ ਨੂੰ ਤੁਰੰਤ ਹਸਪਤਾਲ ਦਾਖਲ ਕਰਾਇਆ ਗਿਆ। ਇਸ ਨੂੰ ਲੈ ਕੇ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਮੌਕੇ ‘ਤੇ ਪਹੁੰਚੇ, ਜਿਨ੍ਹਾਂ ਨੇ ਸਿਹਤ ਵਿਭਾਗ ਦੀ ਟੀਮ, ਪਟਿਆਲਾ ਦੇ ਡਿਪਟੀ ਕਮਿਸਨਰ ਅਤੇ ਐੱਸ. ਐੱਸ. ਪੀ. ਪਟਿਆਲਾ ਨੂੰ ਤੁਰੰਤ ਸੂਚਨਾ ਦਿੱਤੀ। ਇਸ ਤੋਂ ਬਾਅਦ ਸਾਰਾ ਪ੍ਰਸਾਸਨ ਮੌਕੇ ‘ਤੇ ਪਹੁੰਚ ਗਿਆ। ਜਿਹੜੇ ਵਰਕਰ ਅੰਦਰ ਫਸੇ ਹੋਏ ਸਨ, ਉਨ੍ਹਾਂ ਨੂੰ ਬਾਹਰ ਕੱਢਿਆ ਗਿਆ ਹੈ। ਇਹ ਸਾਰੀ ਘਟਨਾ ਦੌਰਾਨ ਫਾਇਰ ਬ੍ਰਿਗੇਡ ਦੇ 4 ਮੁਲਾਜਮ ਵੀ ਬੇਹੋਸ ਹੋਏ ਸਨ, ਜਿਨ੍ਹਾਂ ਨੂੰ ਤੁਰੰਤ ਰਾਜਪੁਰਾ ਦੇ ਸਿਵਲ ਹਸਪਤਾਲ ‘ਚ ਦਾਖਲ ਕਰਵਾਇਆ ਗਿਆ ਹੈ। ਇਸ ਤੋਂ ਇਲਾਵਾ ਨੇੜੇ ਦੇ ਇਲਾਕੇ ਨੂੰ ਵੀ ਖਾਲੀ ਕਰਵਾ ਲਿਆ ਗਿਆ। ਉਨ੍ਹਾਂ ਦਾ ਹਾਲ-ਚਾਲ ਜਾਨਣ ਲਈ ਪਟਿਆਲਾ ਦੇ ਡਿਪਟੀ ਕਮਿਸਨਰ ਸੌਕਤ ਅਹਿਮਦ ਪਰੇ ਪਹੁੰਚੇ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਘਬਰਾਉਣ ਦੀ ਲੋੜ ਨਹੀਂ ਹੈ।

## ਭਾਰਤ ’ਚ 56 ਫੀਸਦੀ ਬਿਮਾਰੀਆਂ ਦਾ ਕਾਰਨ ਹੈ ਖਰਾਬ ਭੋਜਨ

ਨਵੀਂ ਦਿੱਲੀ, 12 ਮਈ। ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ (ਆਈ. ਸੀ. ਐੱਮ. ਆਰ.) ਨੇ ਬੁੱਧਵਾਰ ਨੂੰ ਕਿਹਾ ਕਿ ਭਾਰਤ ’ਚ 56.4 ਫੀਸਦੀ ਬਿਮਾਰੀਆਂ ਦਾ ਕਾਰਨ ਗੈਰ-ਸਿਹਤਮੰਦ ਖੁਰਾਕ ਦੇ ਸੇਵਨ ਕਰਨਾ ਹੈ। ਆਈ. ਸੀ. ਐੱਮ. ਆਰ. ਨੇ ਜਰੂਰੀ ਪੌਸਟਿਕ ਤੱਤਾਂ ਦੀਆਂ ਲੋੜਾਂ ਨੂੰ ਪੂਰਾ ਕਰਨ, ਮੋਟਾਪਾ ਅਤੇ ਸੂਗਰ ਵਰਗੀਆਂ ਬਿਮਾਰੀਆਂ ਤੋਂ ਬਚਣ ਲਈ 17 ਪ੍ਰਕਾਰ ਦੀ ਖੁਰਾਕ ਦੇ ਸੇਵਨ ਦੇ ਸਬੰਧ ’ਚ ਦਿਸਾ-ਨਿਰਦੇਸ ਜਾਰੀ ਕੀਤੇ ਹਨ। ਆਈ. ਸੀ. ਐੱਮ. ਆਰ. ਦੇ ਅਧੀਨ ਕੰਮ ਕਰਦੇ ਨੈਸਨਲ ਇੰਸਟੀਚਿਊਟ ਆਫ ਨਿਊਟ੍ਰੀਸਨ (ਐੱਨ. ਆਈ. ਐੱਨ.) ਨੇ ਕਿਹਾ ਕਿ ਪੌਸਟਿਕ ਤੱਤਾਂ ਨਾਲ ਭਰਪੂਰ ਖੁਰਾਕ ਖਾਣ ਨਾਲ ਦਿਲ ਦੀਆਂ ਬਿਮਾਰੀਆਂ ਅਤੇ ਹਾਈ ਬਲੱਡ ਪ੍ਰੈਸਰ ਨੂੰ ਕਾਫੀ ਹੱਦ ਤੱਕ ਘੱਟ ਕੀਤਾ ਜਾ ਸਕਦਾ ਹੈ ਅਤੇ ਸੂਗਰ ਤੋਂ ਵੀ ਬਚਿਆ ਜਾ ਸਕਦਾ ਹੈ। ਇਸ ਨੇ ਕਿਹਾ, “ਇਕ ਸਿਹਤਮੰਦ ਜੀਵਨ ਸੈਲੀ ਅਪਣਾਉਣ ਨਾਲ ਸਮੇਂ ਤੋਂ ਪਹਿਲਾਂ ਹੋਣ ਵਾਲੀ ਮੌਤ ਨੂੰ ਰੋਕਿਆ ਜਾ ਸਕਦਾ ਹੈ।”

## ਵਿਦਿਆਰਥਣ ਨਾਲ ਅਧਿਆਪਕ ਨੇ ਕੀਤਾ ਰੇਪ, ਗਰਭਵਤੀ ਹੋਣ ‘ਤੇ ਮਾਮਲਾ ਆਇਆ ਸਾਹਮਣੇ

ਗੌਰੇਲਾ 12 ਮਈ। ਛੱਤੀਸਗੜ੍ਹ ਦੇ ਗੌਰੇਲਾ ਪੇਂਡ੍ਰਾ ਮਰਵਾਹੀ ਜਿ਼ਲ੍ਹੇ ‘ਚ ਇਕ ਵਿਦਿਆਰਥਣ ਨੇ ਆਪਣੇ ਅਧਿਆਪਕ ‘ਤੇ ਜਬਰ ਜਿ਼ਨਾਹ ਦਾ ਦੋਸ਼ ਲਗਾਇਆ ਹੈ। ਪੀੜਤਾ ਦੀ ਸ਼ਿਕਾਇਤ ਤੋਂ ਬਾਅਦ ਪੁਲਸ ਨੇ ਦੋਸ਼ੀ ਅਧਿਆਪਕ ਖਿ਼ਲਾਫ ਸ਼ੁੱਕਰਵਾਰ ਨੂੰ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੀੜਤਾ ਅਤੇ ਉਸ ਦੇ ਪਰਿਵਾਰ ਵਾਲਿਆਂ ਨੇ ਥਾਣੇ ਪਹੁੰਚ ਕੇ ਮਾਮਲੇ ਦੀ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤ ਦੇ ਆਧਾਰ ‘ਤੇ ਪੁਲਸ ਨੇ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ। ਦੱਸਿਆ ਜਾ ਰਿਹਾ ਹੈ ਕਿ ਸਾਰਬਹਰਾ ਇਲਾਕੇ ‘ਚ ਰਹਿਣ ਵਾਲੇ ਅਧਿਆਪਕ ਮਹੇਂਦਰ ਸੋਨੀ ਨੇ ਆਪਣੇ ਹੀ ਸਕੂਲ ‘ਚ ਪੜ੍ਹਨ ਵਾਲੀ ਨਾਬਾਲਗ ਵਿਦਿਆਰਥਣ ਨਾਲ ਜਬਰ ਜਿ਼ਨਾਹ ਕੀਤਾ। ਇਸ ਨਾਲ ਵਿਦਿਆਰਥਣ ਗਰਭਵਤੀ ਹੋ ਗਈ। ਵਿਦਿਆਰਥਣ ਜਦੋਂ ਸਕੂਲ ‘ਚ ਪੜ੍ਹ ਰਹੀ ਸੀ, ਉਦੋਂ ਉਸ ਦੀ ਉਮਰ 12 ਸਾਲ ਸੀ। ਦੋਸ਼ ਹੈ ਕਿ ਅਧਿਆਪਕ ਉਦੋਂ ਤੋਂ ਵਿਦਿਆਰਥਣ ਦਾ ਸਰੀਰਕ ਸ਼ੋਸ਼ਣ ਕਰਦਾ ਰਿਹਾ। ਹੁਣ ਪੀੜਤ ਬਾਲਗ ਹੋ ਗਈ ਹੈ।

## ਲੁਧਿਆਣਾ ਵਾਸੀਆਂ ਲਈ ਜਰੂਰੀ ਖਬਰ, ਘਰੋਂ ਨਿਕਲੇ ਹੋ ਤਾਂ ਜਰਾ ਧਿਆਨ ਨਾਲ

ਲੁਧਿਆਣਾ 12 ਮਈ। ਦੁੱਗਰੀ ਵਾਲੇ ਪਾਸਿਓਂ ਆਉਣ ਵਾਲੇ ਵਾਹਨਾਂ ਨੂੰ ਪੱਖੋਵਾਲ ਰੋਡ ਨਹਿਰ ਦੇ ਚੌਂਕ ‘ਚ ਸਿੱਧੀ ਐਂਟਰੀ ਨਹੀਂ ਮਿਲੇਗੀ। ਇਹ ਕਵਾਇਦ ਪੱਖੋਵਾਲ ਰੋਡ ਫਲਾਈਓਵਰ ਤੇ ਅੰਡਰ ਬ੍ਰਿਜ ਚਾਲੂ ਹੋਣ ਤੋਂ ਬਾਅਦ ਆ ਰਹੀ ਟ੍ਰੈਫਿਕ ਜਾਮ ਦੀ ਸਮੱਸਿਆ ਦੇ ਹੱਲ ਲਈ ਨਗਰ ਨਿਗਮ ਅਤੇ ਟ੍ਰੈਫਿਕ ਪੁਲਸ ਵੱਲੋਂ ਮਿਲ ਕੇ ਸ਼ੁਰੂ ਕੀਤੀ ਗਈ ਹੈ। ਜਿਸ ਲਈ ਹਾਲ ਦੀ ਘੜੀ ਦੋ ਤਰੀਕੇ ਨਾਲ ਟ੍ਰਾਇਲ ਹੋ ਰਿਹਾ ਹੈ। ਇਸ ਵਿਚ ਪਹਿਲਾਂ ਤਾਂ ਦੁੱਗਰੀ ਸਾਈਡ ਤੋਂ ਫਲਾਈਓਵਰ ਦੇ ਥੱਲੇ ਆਉਣ ਵਾਲੇ ਵਾਹਨਾਂ ਨੂੰ ਵਿਸ਼ਾਲ ਨਗਰ ਦੇ ਅੱਗਿਓਂ ਯੂ-ਟਰਨ ਲੈਣ ਲਈ ਕਿਹਾ ਗਿਆ ਹੈ। ਇਸ ਤੋਂ ਇਲਾਵਾ ਦੁੱਗਰੀ ਵਾਲੇ ਪਾਸਿਓਂ ਆਉਣ ਵਾਲੇ ਵਾਹਨਾਂ ਨੂੰ ਫਲਾਈਓਵਰ ਦੇ ਥੱਲਿਓਂ ਯੂ-ਟਰਨ ਲੈ ਕੇ ਵਾਪਸ ਜਵੱਦੀ ਪੁਲ ’ਤੇ ਜਾਣਾ ਪਵੇਗਾ ਅਤੇ ਉਥੋਂ ਮਾਡਲ ਟਾਊਨ ਪਾਸੇ ਦੀ ਐਂਟਰੀ ਤੋਂ ਅੰਡਰਬ੍ਰਿਜ ਦੇ ਰਸਤੇ ਕਾਨਵੈਂਟ ਸਕੂਲ ਦੇ ਅੱਗਿਓਂ ਹੀਰੋ ਬੇਕਰੀ ਚੌਂਕ ਜਾਂ ਸਰਾਭਾ ਨਗਰ ਤੱਕ ਜਾ ਸਕਦੇ ਹਨ। ਇਸ ਸਬੰਧੀ ਰੋਡ ਸੇਫਟੀ ਐੱਨ. ਜੀ. ਓ. ਰਾਹੁਲ ਵਰਮਾ ਨੇ ਦੱਸਿਆ ਕਿ ਪੱਖੋਵਾਲ ਰੋਡ ਨਹਿਰ ਦੇ ਚੌਂਕ ਵਿਚ ਬੈਰੀਕੇਡ ਲਾ ਕੇ ਰਸਤਾ ਬੰਦ ਕਰ



ਦਿੱਤਾ ਗਿਆ ਹੈ ਅਤੇ ਇਸ ਨਵੇਂ ਪਲਾਨ ਨੂੰ ਦੋ-ਤਿੰਨ ਦਿਨ ਤੱਕ ਟ੍ਰਾਇਲ ਦੇ ਨਤੀਜਿਆਂ ਦੇ ਮੱਦੇਨਜ਼ਰ ਪੂਰੀ ਤਰ੍ਹਾਂ ਲਾਗੂ ਕਰ ਦਿੱਤਾ ਜਾਵੇਗਾ। ਪੱਖੋਵਾਲ ਰੋਡ ਤੋਂ ਆਉਣ ਵਾਲੇ ਲੋਕਾਂ ਨੂੰ ਫਲਾਈਓਵਰ ਦੇ ਥੱਲਿਓਂ ਲਾਉਣਾ ਪਵੇਗਾ ਲੰਬਾ ਗੇੜਾ ਨਵੇਂ ਟ੍ਰੈਫਿਕ ਪਲਾਨ ਦਾ ਅਸਰ ਪੱਖੋਵਾਲ ਰੋਡ ਤੋਂ ਆਉਣ ਵਾਲੇ ਲੋਕਾਂ ’ਤੇ ਵੀ ਪਵੇਗਾ, ਜਿਨ੍ਹਾਂ ਨੂੰ ਦੁੱਗਰੀ ਵੱਲ ਜਾਣ ਲਈ ਰੇਲਵੇ ਕ੍ਰਾਸਿੰਗ ’ਤੇ ਬਣੇ ਫਲਾਈਓਵਰ ਦੇ ਥੱਲਿਓਂ ਲੰਬਾ ਗੇੜਾ ਲਾ ਕੇ ਵਾਪਸ ਆਉਣਾ ਪਵੇਗਾ, ਇਹੀ ਰੂਟ ਪੱਖੋਵਾਲ ਰੋਡ ਤੋਂ ਆ ਕੇ ਮਾਡਲ ਟਾਊਨ ਵੱਲ ਜਾਣ ਵਾਲੇ ਲੋਕ ਵੀ ਅਪਣਾ ਸਕਦੇ ਹਨ। ਨਵੇਂ ਰੂਟ ਪਲਾਨ ਨੂੰ ਲਾਗੂ ਕਰਨ ਲਈ ਪੱਖੋਵਾਲ ਰੋਡ ’ਤੇ ਸੜਕ ਕੰਢੇ ਹੋਏ ਰੇਹੜੀ ਵਾਲਿਆਂ ਦੇ ਕਬਜ਼ੇ ਹਟਾਉਣ ਦੀ ਕਾਰਵਾਈ ਵੀ ਹੋਈ। ਹਾਲਾਂਕਿ ਜ਼ੋਨ ਡੀ ਦੀ ਤਹਿਬਾਜਾਰੀ ਬ੍ਰਾਂਚ ਦੀ ਟੀਮ ਦੇ ਕੁਝ ਮੈਂਬਰ ਇਨ੍ਹਾਂ ਰੇਹੜੀ ਵਾਲਿਆਂ ਦੇ ਨਾਲ ਚੱਲ ਰਹੀ ਸੈਟਿੰਗ ਟੁੱਟਣ ਦੇ ਡਰੋਂ ਐਕਸ਼ਨ ਲੈਣ ਲਈ ਤਿਆਰ ਨਹੀਂ ਸਨ ਅਤੇ ਉਨ੍ਹਾਂ ਨੇ ਚੋਣ ਮੌਸਮ ਦਾ ਬਹਾਨਾ ਵੀ ਬਣਾਇਆ ਪਰ ਵਾਹਨਾਂ ਦੀ ਆਵਾਜਾਈ ਵਿਚ ਆ ਰਹੀ ਮੁਸ਼ਕਲ ਦੇ ਮੱਦੇਨਜ਼ਰ ਟ੍ਰੈਫਿਕ ਪੁਲਸ ਦੀ ਸਿਫਾਰਸ਼ ’ਤੇ ਨਗਰ ਨਿਗਮ ਨੂੰ ਰੇਹੜੀ ਵਾਲਿਆਂ ਦੇ ਕਬਜ਼ੇ ਹਟਾਉਣੇ ਪਏ।

## ਮਿਲ ਸਕਦੀ ਹੈ ਰਾਹਤ, ਗਰਜ ਨਾਲ ਮੀਂਹ ਪੈਣ ਦੀ ਸੰਭਾਵਨਾ

ਚੰਡੀਗੜ੍ਹ (ਪਾਲ) : ਸ਼ੁੱਕਰਵਾਰ ਨੂੰ ਇੱਕ ਵਾਰ ਫਿਰ ਮੀਂਹ ਪੈਣ ਦੀ ਸੰਭਾਵਨਾ ਹੈ। ਮੌਸਮ ਕੇਂਦਰ ਮੁਤਾਬਕ ਵੀਰਵਾਰ ਸ਼ਾਮ ਤੋਂ ਪੱਛਮੀ ਗੜਬੜੀ ਸਰਗਰਮ ਹੋ ਗਈ ਹੈ। ਅਜਿਹੇ ’ਚ ਗਰਜ ਨਾਲ ਮੀਂਹ ਪੈਣ ਦੀ ਸੰਭਾਵਨਾ ਹੈ। ਹਾਲਾਂਕਿ ਪੱਛਮੀ ਗੜਬੜੀ ਮਜ਼ਬੂਤ ਨਹੀਂ ਹੈ ਪਰ ਹਲਕਾ ਮੀਂਹ ਪੈਣ ਦੀ ਸੰਭਾਵਨਾ ਹੈ। 12-13 ਮਈ ਨੂੰ ਗਰਜ ਦੇ ਨਾਲ ਮੀਂਹ ਪੈ ਸਕਦਾ ਹੈ। ਵੀਰਵਾਰ ਨੂੰ ਤਾਪਮਾਨ ’ਚ ਮਾਮੂਲੀ ਗਿਰਾਵਟ ਦੇਖਣ ਨੂੰ ਮਿਲੀ। ਵੱਧ ਤੋਂ ਵੱਧ ਤਾਪਮਾਨ 35.9 ਡਿਗਰੀ ਤੇ ਘੱਟੋ-ਘੱਟ ਤਾਪਮਾਨ 27.7 ਡਿਗਰੀ ਦਰਜ ਕੀਤਾ ਗਿਆ। ਬੀਤੀ ਰਾਤ ਮਈ ਦੀ ਹੁਣ ਤੱਕ ਦੀ ਸਭ ਤੋਂ ਗਰਮ ਰਾਤ ਰਹੀ। ਸਾਰਾ ਦਿਨ ਮੌਸਮ ਸਾਫ਼ ਰਿਹਾ ਤੇ ਤੇਜ਼ ਹਵਾਵਾਂ ਚੱਲਦੀਆਂ ਰਹੀਆਂ। ਸ਼ੁੱਕਰਵਾਰ ਨੂੰ ਬੱਦਲਵਾਈ ਦੇ ਨਾਲ ਮੀਂਹ ਪੈਣ ਦੀ ਸੰਭਾਵਨਾ ਹੈ। ਵੱਧ ਤੋਂ ਵੱਧ ਤਾਪਮਾਨ 38 ਡਿਗਰੀ ਤੇ ਘੱਟ ਤੋਂ ਘੱਟ 26 ਡਿਗਰੀ ਹੋ ਸਕਦਾ ਹੈ। ਸ਼ਨੀਵਾਰ ਨੂੰ ਬੱਦਲਵਾਈ ਹੋ ਸਕਦੀ ਹੈ। ਵੱਧ ਤੋਂ ਵੱਧ ਤਾਪਮਾਨ 36, ਜਦਕਿ ਘੱਟ ਤੋਂ ਘੱਟ ਤਾਪਮਾਨ 27 ਡਿਗਰੀ ਹੋ ਸਕਦਾ ਹੈ। ਐਤਵਾਰ ਨੂੰ ਹਲਕੇ ਬੱਦਲਾਂ ਨਾਲ ਮੀਂਹ ਪੈਣ ਦੀ ਸੰਭਾਵਨਾ ਹੈ। ਵੱਧ ਤੋਂ ਵੱਧ ਤਾਪਮਾਨ 33, ਜਦਕਿ ਘੱਟ ਤੋਂ ਘੱਟ ਤਾਪਮਾਨ 26 ਡਿਗਰੀ ਹੋ ਸਕਦਾ ਹੈ।

## ਮਰਾੜਾ ਫੋਕਲ ਪਲਾਂਟ ਵਿਖੇ ਕਣਕ ਦੀ ਲਿਫਟਿੰਗ ਦਾ ਕੰਮ ਢਿੱਲਾ ਹੋਣ ਕਾਰਨ ਖੁੱਲ੍ਹੇ ਮੈਦਾਨ ‘ਚ ਲੱਗਾ ਕਣਕ ਦਾ ਅੰਬਾਰ

ਦੀਨਾਨਗਰ 12 ਮਈ। ਸਰਹੱਦੀ ਖੇਤਰ ਦੇ ਮਰਾੜਾ ਫੋਕਲ ਪਲਾਂਟ ਵਿੱਚ ਖੁੱਲ੍ਹੀਆਂ ਵੱਖ-ਵੱਖ ਕਣਕ ਦੀਆਂ ਮੰਡੀਆਂ ਵਿੱਚ ਕਣਕ ਦੀ ਲਿਫਟਿੰਗ ਦਾ ਕੰਮ ਢਿੱਲਾ ਹੋਣ ਕਾਰਨ ਹਜਾਰਾਂ ਦੀ ਗਿਣਤੀ ਵਿੱਚ ਖੁੱਲੇ ਮੈਦਾਨ ਵਿੱਚ ਲੱਗੀਆਂ ਕਣਕ ਦੀਆਂ ਬੋਰੀਆਂ ਕਾਰਨ ਆੜਤੀ ਵਰਗ ਨੂੰ ਕਾਫੀ ਪਰੇਸਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਬੰਧੀ ਗੱਲਬਾਤ ਕਰਦੇ ਹੋਏ ਕੁਝ ਆੜਤੀਆਂ ਨੇ ਆਪਣਾ ਨਾਮ ਗੁਪਤ ਰੱਖਦੇ ਹੋਏ ਦੱਸਿਆ ਕਿ ਪਿਛਲੇ ਕੁਝ ਦਿਨਾਂ ਤੋਂ ਕਣਕ ਦੀ ਲਿਫਟਿੰਗ ਦਾ ਕੰਮ ਬਹੁਤ ਹੀ ਢਿੱਲੇਪਣ ਨਾਲ ਚੱਲ ਰਿਹਾ ਹੈ ਜਿਸ ਕਾਰਨ ਫੋਕਲ ਪਲਾਂਟ ਵਿੱਚ ਵੱਖ-ਵੱਖ ਆੜ੍ਹਤੀਆਂ ਦੀਆਂ ਕਣਕ ਦੀ ਲਿਫਟਿੰਗ ਨਾ ਹੋਣ ਕਾਰਨ ਕਾਫੀ ਪ੍ਰੇਸਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਦੱਸਿਆ ਕਿ ਬੋਰੀਆਂ ਦੇ ਅੰਬਾਰ ਲੱਗਣ ਕਾਰਨ ਜਗ੍ਹਾ ਵੀ ਬਹੁਤ ਘੱਟ



ਹੋਣ ਕਾਰਨ ਆੜ੍ਹਤੀਆਂ ਨੂੰ ਹੋਰ ਮੰਡੀਆਂ ਵਿੱਚ ਆ ਰਿਹਾ ਮਾਲ ਤੋਲਣ ਵਿੱਚ ਵੀ ਪ੍ਰੇਸ਼ਾਨੀ ਹੋ ਰਹੀ ਹੈ। ਉਹਨਾਂ ਦੱਸਿਆ ਕਿ ਆਉਣ ਵਾਲੇ ਅਗਲੇ ਦਿਨਾਂ ਵਿੱਚ ਮੌਸਮ ਖਰਾਬ ਹੋਣ ਦੀਆਂ ਖਬਰਾਂ ਮਿਲ ਰਹੀਆਂ ਹਨ, ਜਿਸ ਕਾਰਨ ਖੁੱਲੇ ਮੈਦਾਨ ਵਿੱਚ ਪਈ ਇਹ ਕਣਕ ਦੀ ਫਸਲ ਨੂੰ ਨੁਕਸਾਨ ਪਹੁੰਚ ਸਕਦਾ ਹੈ । ਉਹਨਾਂ ਨੇ ਜਿ਼ਲ੍ਹਾ ਪ੍ਰਸਾਸਨ ਕੋਲੋਂ ਮੰਗ ਕੀਤੀ ਹੈ ਕਿ ਕਣਕ ਦੀ ਲਿਫਟਿੰਗ ਵਿੱਚ ਸੁਧਾਰ ਕੀਤਾ ਜਾਵੇ ਤਾਂ ਕਿ ਆਉਣ ਵਾਲੇ ਦਿਨਾਂ ਵਿੱਚ ਜਲਦ ਹੀ ਸਾਰੀ ਕਣਕ ਨੂੰ ਚੁਕਾਇਆ ਜਾ ਸਕੇ ਤਾਂ ਕਿ ਕਿਸੇ ਤਰ੍ਹਾਂ ਦਾ ਕੋਈ ਮੌਸਮ ਦੀ ਖਰਾਬੀ ਕਾਰਨ ਨੁਕਸਾਨ ਦਾ ਸਾਹਮਣਾ ਨਾ ਕਰਨਾ ਪੈ ਸਕੇ।

## ਪੰਜਾਬ ‘ਚ ਚੱਲੀਆਂ ਤੇਜ ਧੂੜ ਭਰੀਆਂ ਹਵਾਵਾਂ

ਚੰਡੀਗੜ੍ਹ 12 ਮਈ। ਦੇਰ ਰਾਤ ਤੋਂ ਪੱਛਮੀ ਗੜਬੜੀ ਸਰਗਰਮ ਹੋ ਗਈ ਹੈ। ਸੁੱਕਰਵਾਰ ਨੂੰ ਦਿਨ ਭਰ ਮੌਸਮ ਸਾਫ ਰਿਹਾ ਪਰ ਸਾਮ ਤੱਕ ਤੇਜ ਧੂੜ ਭਰੀਆਂ ਹਵਾਵਾਂ ਚੱਲਣੀਆਂ ਸ਼ੁਰੂ ਹੋ ਗਈਆਂ। ਮੌਸਮ ਵਿਗਿਆਨ ਕੇਂਦਰ ਮੁਤਾਬਕ ਸੁੱਕਰਵਾਰ ਦੇਰ ਰਾਤ ਤੱਕ ਮੀਂਹ ਪੈਣ ਦੀ ਸੰਭਾਵਨਾ ਸੀ। ਹਾਲਾਂਕਿ ਵਿਭਾਗ ਨੇ ਕਿਹਾ ਹੈ ਕਿ ਸਨੀਵਾਰ ਤੋਂ ਮੌਸਮ ਸਾਫ ਹੋ ਜਾਵੇਗਾ। ਇਸ ਤੋਂ ਪਹਿਲਾਂ 12 ਅਤੇ 13 ਮਈ ਨੂੰ ਗਰਜ ਦੇ ਨਾਲ ਮੀਂਹ ਪੈਣ ਦੀ ਸੰਭਾਵਨਾ ਸੀ ਪਰ ਹੁਣ ਅਜਿਹਾ ਨਹੀਂ ਹੈ। ਸੁੱਕਰਵਾਰ ਨੂੰ ਤਾਪਮਾਨ ’ਚ ਮਾਮੂਲੀ ਗਿਰਾਵਟ ਦਰਜ ਕੀਤੀ ਗਈ। ਵੱਧ ਤੋਂ ਵੱਧ ਤਾਪਮਾਨ 37 ਡਿਗਰੀ ਦਰਜ ਕੀਤਾ ਗਿਆ। ਇਸ ਦੇ ਨਾਲ ਹੀ ਘੱਟੋ-ਘੱਟ ਤਾਪਮਾਨ 28.9 ਡਿਗਰੀ ਦਰਜ ਕੀਤਾ ਗਿਆ। ਸਨੀਵਾਰ ਨੂੰ ਮੌਸਮ ਸਾਫ ਰਹੇਗਾ। ਅੰਸਕ ਬੱਦਲ ਹੋਣ ਦੀ ਸੰਭਾਵਨਾ ਹੈ। ਵੱਧ ਤੋਂ ਵੱਧ ਤਾਪਮਾਨ 34, ਜਦੋਂ ਕਿ ਘੱਟ ਤੋਂ ਘੱਟ ਤਾਪਮਾਨ 28 ਡਿਗਰੀ ਹੋ ਸਕਦਾ ਹੈ। ਐਤਵਾਰ ਨੂੰ ਮੌਸਮ ਸਾਫ ਰਹੇਗਾ। ਇਸ ਦੇ ਨਾਲ ਹੀ ਸੋਮਵਾਰ ਨੂੰ ਵੀ ਮੌਸਮ ਸਾਫ ਰਹੇਗਾ। ਵੱਧ ਤੋਂ ਵੱਧ ਤਾਪਮਾਨ 35, ਜਦੋਂ ਕਿ ਘੱਟ ਤੋਂ ਘੱਟ ਤਾਪਮਾਨ 26 ਡਿਗਰੀ ਹੋ ਸਕਦਾ ਹੈ।

## ਨਾਨੀ ਨਾਲ ਜਨਮ ਦਿਨ ਮਨਾਉਣ ਆਏ ਬੱਚੇ ਦੀ ਮੌਤ

ਫ਼ਰੀਦਕੋਟ 12 ਮਈ। ਪ੍ਰਵਾਸੀ ਪਰਿਵਾਰ ਦੇ ਇਕ ਬੱਚੇ ਲਈ ਉਸਦਾ 5ਵਾਂ ਜਨਮ ਦਿਨ ਕਾਲ ਸਾਬਤ ਹੋਇਆ ਜਦੋਂ ਸਥਾਨਕ ਰੇਲਵੇ ਸਟੇਸ਼ਨ ਕੋਲ ਕਣਕ ਦੀਆਂ ਬੋਰੀਆਂ ਨਾਲ ਭਰੇ ਟਰੱਕ ਹੇਠ ਆ ਕੇ ਦਰੜੇ ਜਾਣ ਕਾਰਣ ਉਸ ਦੀ ਮੌਕੇ ’ਤੇ ਹੀ ਮੌਤ ਹੋ ਗਈ। ਬੱਚੇ ਦੇ ਪਰਿਵਾਰਕ ਮੈਂਬਰਾਂ ਦਾ ਰੋਣਾ ਸਹਾਰ ਨਹੀਂ ਹੋ ਰਿਹਾ ਸੀ। ਸ਼ਹਿਰ ’ਚ ਰਹਿੰਦੇ ਪ੍ਰਵਾਸੀ ਪਰਿਵਾਰ ਦਾ ਬੱਚਾ ਅਨਮੋਲ ਜੋ ਆਪਣੀ ਨਾਨੀ ਕੋਲ ਬਾਹਰੀ ਸਥਾਨ ’ਤੇ ਰਹਿ ਰਿਹਾ ਸੀ। ਅੱਜ 10 ਮਈ ਨੂੰ ਆਪਣਾ 5ਵਾਂ ਜਨਮ ਦਿਨ ਮਨਾਉਣ ਲਈ ਫ਼ਰੀਦਕੋਟ ਵਿਖੇ ਰਹਿੰਦੇ ਆਪਣੇ ਮਾਤਾ-ਪਿਤਾ ਕੋਲ ਕੱਲ੍ਹ ਹੀ ਆਇਆ ਸੀ ਪਰ ਉਸ ਨਾਲ ਇਹ ਅਣਹੋਣੀ ਵਾਪਰ ਗਈ। ਖਬਰ ਲਿਖੇ ਜਾਣ ਤੱਕ ਇਸ ਘਟਨਾ ਤੋਂ ਬਾਅਦ ਸਿਟੀ ਪੁਲਸ ਵੱਲੋਂ ਮ੍ਰਿਤਕ ਬੱਚੇ ਦੀ ਲਾਸ਼ ਆਪਣੇ ਕਬਜੇ ਵਿਚ ਲੈ ਕੇ ਕਾਨੂੰਨੀ ਕਾਰਵਾਈ ਜਾਰੀ ਸੀ।

## ਚੋਰੀਆਂ ਤੇ ਲੁੱਟਖੋਹ ਦੀਆਂ ਵਾਰਦਾਤਾਂ ‘ਚ ਸਾਮਲ ਗਿਰੋਹ ਦਾ ਪਰਦਾਫਾਸ, 5 ਮੁਲਜਮ ਗ੍ਰਿਫਤਾਰ

ਜਲੰਧਰ 12 ਮਈ। ਥਾਣਾ ਬਸਤੀ ਬਾਵਾ ਖੇਲ ਦੀ ਪੁਲਸ ਨੇ ਕਈ ਚੋਰੀਆਂ ਅਤੇ ਲੁੱਟਾਂਖੋਹਾਂ ਕਰਨ ਵਾਲੇ ਇਕ ਗਿਰੋਹ ਦਾ ਪਰਦਾਫਾਸ ਕਰਕੇ 5 ਮੁਲਜਮਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ ਤਿੰਨ ਮੋਟਰਸਾਈਕਲ, ਇਕ ਐਕਟਿਵਾ ਅਤੇ 10 ਮੋਬਾਇਲ ਫੋਨ ਬਰਾਮਦ ਕੀਤੇ ਹਨ। ਵੇਰਵਿਆਂ ਦਾ ਖੁਲਾਸਾ ਕਰਦਿਆਂ ਪੁਲਸ ਕਮਿਸਨਰ ਨੇ ਦੱਸਿਆ ਕਿ ਪੁਲਸ ਨੂੰ ਸੂਹ ਮਿਲੀ ਸੀ ਕਿ ਸੰਨੀ, ਸਾਗਰ ਸਿੰਘ ਉਰਫ ਗਾਮਾ, ਅਮਰਜੀਤ ਸਿੰਘ ਉਰਫ ਵਿੱਕੀ, ਵਿਕਰਮ ਸਿੰਘ ਉਰਫ ਵਿੱਕੀ ਅਤੇ ਰਵੀ ਖਿ਼ਲਾਫ ਕਈ ਕੇਸ ਦਰਜ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੋਸੀਆਂ ਵੱਲੋਂ ਮੋਟਰਸਾਈਕਲ, ਇਕ ਸਪਲੈਂਡਰ (ਪੀ. ਬੀ.08-ਐੱਫ. ਬੀ-3473) ਅਤੇ ਬਿਨਾਂ ਨੰਬਰ ਦੇ ਇਕ ਐਕਟਿਵਾ ਦੀ ਵਰਤੋਂ ਕਰਦਿਆਂ ਪ੍ਰਵਾਸੀ ਵਿਅਕਤੀਆਂ ਤੋਂ ਮੋਬਾਈਲ ਫੋਨ ਅਤੇ ਪਰਸ ਖੋਹ ਲਏ ਜਾਣ ਦੀ ਸੂਚਨਾ ਹੈ। ਸਵਪਨ ਸਰਮਾ ਨੇ ਦੱਸਿਆ ਕਿ ਸੂਚਨਾ ਦੇ ਆਧਾਰ ’ਤੇ ਕਾਰਵਾਈ ਕਰਦਿਆਂ ਪੁਲਸ ਪਾਰਟੀ ਨੇ ਇਨ੍ਹਾਂ ਪੰਜ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ 10 ਮੋਬਾਈਲ ਫੋਨ ਬਰਾਮਦ ਕੀਤੇ ਹਨ। ਪੁਲਸ ਕਮਿਸਨਰ ਨੇ ਦੱਸਿਆ ਕਿ ਤਫਤੀਸ ਦੌਰਾਨ ਅਮਰਜੀਤ ਸਿੰਘ ਉਰਫ ਵਿੱਕੀ ਅਤੇ ਸਾਗਰ ਸਿੰਘ ਉਰਫ ਗਾਮਾ ਨੇ ਮੰਨਿਆ ਕਿ ਉਨ੍ਹਾਂ ਨੇ ਮਨੋਜ ਕੁਮਾਰ ਪੁੱਤਰ ਧਰਮ ਰਾਜ ਵਾਸੀ ਫਾਟਕ ਤੋਂ 3000 ਰੁਪਏ ਅਤੇ ਇਕ ਹੀਰੋ ਸਪਲੈਂਡਰ ਮੋਟਰਸਾਈਕਲ (ਪੀ. ਬੀ. 08-ਬੀ. ਐੱਸ.-9611) ਖੋਹਿਆ ਸੀ। ਇਸ



ਲਈ ਉਨ੍ਹਾਂ ਕਿਹਾ ਕਿ ਪੁਲਸ ਮੁਕੱਦਮਾ/ਐੱਫ. ਆਈ. ਆਰ. ਨੰਬਰ 67 ਮਿਤੀ 06-04-2024 ਅਧੀਨ 379ਬੀ,34 ਆਈ. ਪੀ. ਸੀ. ਪੀ. ਐੱਸ. ਬਸਤੀ ਬਾਵਾ ਖੇਲ੍ਹ ਜਲੰਧਰ ਨੂੰ ਟਰੇਸ ਕਰ ਲਿਆ। ਸਵਪਨ ਸਰਮਾ ਨੇ ਦੱਸਿਆ ਕਿ ਪੁਲਸ ਨੇ ਇਨ੍ਹਾਂ ਕੋਲੋਂ ਤਿੰਨ ਹੀਰੋ ਹਾਂਡਾ ਮੋਟਰਸਾਈਕਲ, ਇੱਕ ਐਕਟਿਵਾ ਅਤੇ 10 ਮੋਬਾਇਲ ਬਰਾਮਦ ਕੀਤੇ ਹਨ। ਪੁਲਸ ਕਮਿਸਨਰ ਨੇ ਦੱਸਿਆ ਕਿ ਮੁਲਜਮਾਂ ਖਿ਼ਲਾਫ ਥਾਣਾ ਬਸਤੀ ਬਾਵਾ ਖੇਲ ਜਲੰਧਰ ਵਿਖੇ ਐਫਆਈਆਰ 80 ਮਿਤੀ 01-05-2024 ਅਧੀਨ 379ਬੀ/411/34 ਆਈਪੀਸੀ ਦਰਜ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸੰਨੀ ਖਿ਼ਲਾਫ ਪਹਿਲਾਂ ਹੀ ਚਾਰ, ਸਾਗਰ ਸਿੰਘ ਉਰਫ ਗਾਮਾ ਖਿ਼ਲਾਫ ਦੋ ਅਤੇ ਅਮਰਜੀਤ ਸਿੰਘ ਉਰਫ ਵਿੱਕੀ ਖਿ਼ਲਾਫ ਦੋ ਕੇਸ ਪੈਂਡਿੰਗ ਹਨ। ਸਵਪਨ ਸਰਮਾ ਨੇ ਕਿਹਾ ਕਿ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ, ਵੇਰਵੇ ਬਾਅਦ ਵਿੱਚ ਸਾਂਝੇ ਕੀਤੇ ਜਾਣਗੇ।

## ਸਿਰ ’ਚ ਇੱਟ ਮਾਰ ਕੇ ਮਾਂ ਦਾ ਕਤਲ ਵਾਲਾ ਕਾਤਲ ਪੁੱਤ ਗ੍ਰਿਫਤਾਰ

ਫਿਰੋਜ਼ਪੁਰ 12 ਮਈ। ਆਪਣੀ ਮਾਂ ਦਾ ਕਤਲ ਕਰਨ ਵਾਲੇ ਕਾਤਲ ਪੁੱਤਰ ਨੂੰ ਥਾਣਾ ਮਮਦੋਟ ਦੀ ਪੁਲਸ ਨੇ ਐੱਸ. ਐੱਚ. ਓ. ਗੁਰਿੰਦਰ ਸਿੰਘ ਦੀ ਅਗਵਾਈ ਹੇਠ ਗ੍ਰਿਫਤਾਰ ਕਰ ਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ. ਪੀ. ਇਨਵੈਸਟੀਗੇਸ਼ਨ ਫਿਰੋਜ਼ਪੁਰ ਰਣਧੀਰ ਕੁਮਾਰ ਨੇ ਦੱਸਿਆ ਕਿ ਖਰੀਦੇ ਇਨਵਰਟਰ ਨੂੰ ਲੈ ਕੇ ਪਰਿਵਾਰ ’ਚ ਹੋਏ ਲੜਾਈ-ਝਗੜੇ ’ਚ ਆਪਣੀ ਮਾਤਾ ਪਿਆਰੋ ਬਾਈ ਦੇ ਸਿਰ ’ਚ ਉਸ ਦੇ ਲੜਕੇ ਅਮਰਜੀਤ ਸਿੰਘ ਨੇ ਬੀਤੇ ਦਿਨੀਂ ਇੱਟ ਮਾਰ ਕੇ ਕਤਲ ਕਰ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਗ੍ਰਿਫਤਾਰ ਕੀਤੇ ਕਾਤਲ ਅਮਰਜੀਤ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਬਸਤੀ ਕਸ਼ਮੀਰ ਸਿੰਘ ਵਾਲੀ ਨੂੰ ਅਦਾਲਤ ’ਚ ਪੇਸ਼ ਕਰਕੇ ਉਸ ਦਾ ਪੁਲਸ ਰਿਮਾਂਡ ਲੈ ਕੇ ਪੁੱਛਗਿੱਛ ਕੀਤੀ ਜਾਵੇਗੀ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814
Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਭਿਆਨਕ ਹਾਦਸੇ 'ਚ ਨੌਜਵਾਨ ਦੀ ਮੌਤ, ਗੱਡੀ 'ਚੋਂ ਸੋਨਾ ਅਤੇ ਨਕਦੀ ਚੋਰੀ

ਅਬੋਹਰ 12 ਮਈ। ਸੜਕ 'ਤੇ ਖੜੀ ਟਰਾਲੀ ਨਾਲ ਵਾਹਨ ਦੀ ਟੱਕਰ ਨਾਲ ਇਕ ਨੌਜਵਾਨ ਦੀ ਮੌਤ ਹੋ ਜਾਣ ਅਤੇ ਗੱਡੀ 'ਚੋਂ ਨਕਦੀ ਤੇ ਸੋਨਾ ਚੋਰੀ ਹੋਣ ਦੇ ਮਾਮਲੇ 'ਚ ਥਾਣਾ ਸਦਰ ਪੁਲਸ ਨੇ ਤਿੰਨ ਵਿਅਕਤੀਆਂ ਖ਼ਿਲਾਫ ਕੇਸ ਦਰਜ ਕੀਤਾ ਹੈ। ਮਾਮਲੇ ਦੀ ਜਾਂਚ ਸਹਾਇਕ ਸਬ-ਇੰਸਪੈਕਟਰ ਲੇਖਰਾਜ ਕਰ ਰਹੇ ਹਨ। 17-10-23 ਨੂੰ ਪੁਲਸ ਅਧਿਕਾਰੀਆਂ ਨੂੰ ਦਿੱਤੀ ਦਰਖਾਸਤ 'ਚ ਭੁਪਿੰਦਰ ਸਿੰਘ ਪੁੱਤਰ ਸ਼ੇਰ ਹਮੀਰ ਸਿੰਘ ਵਾਸੀ ਬਰਕੰਦੀ ਨੇ ਦੱਸਿਆ ਕਿ 4 ਜੂਨ 2023 ਨੂੰ ਉਸ ਦਾ ਲੜਕਾ ਗੁਰਸਾਗਰ ਆਪਣੀ ਸਕਾਰਪੀਓ ਗੱਡੀ ਵਿਚ ਕੰਮ ਕਰਕੇ ਅਬੋਹਰ ਤੋਂ ਘਰ ਪਰਤ ਰਿਹਾ ਸੀ ਕਿ ਜਦ ਉਹ ਬੱਲੂਆਣਾ ਨੇੜੇ ਪਹੁੰਚੇ ਤਾਂ ਰਸਤੇ ਵਿਚ ਮਿੱਟੀ ਨਾਲ ਭਰੀ ਇਕ ਟਰਾਲੀ ਖੜੀ ਸੀ। ਜਿਸ ਕਾਰਨ ਉਸ ਦੇ ਲੜਕੇ ਦੀ ਗੱਡੀ ਉਸ ਟਰਾਲੀ ਨਾਲ ਟਕਰਾ ਗਈ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਗੱਡੀ 'ਚੋਂ ਨਕਦੀ ਤੇ ਸੋਨਾ ਵੀ ਚੋਰੀ ਹੋ ਗਿਆ। ਲੜਕੇ ਦੀ ਮੌਤ ਬਾਰੇ ਸੁਣ ਕੇ ਉਸ ਦੇ ਪਰਿਵਾਰ ਵਾਲੇ ਸਦਮੇ ਵਿਚ ਹਨ ਅਤੇ ਉਨ੍ਹਾਂ ਨੂੰ ਇਸ ਬਾਰੇ ਕੋਈ ਪਤਾ ਨਹੀਂ ਲੱਗ ਸਕਿਆ।

### ਮਾਂ-ਧੀ ਨੇ ਇਕ-ਦੂਜੇ ਦਾ ਹੱਥ ਫੜ ਟਰੇਨ ਹੇਠਾਂ ਆ ਕੀਤੀ ਖੁਦਕੁਸ਼ੀ

ਸੰਗਰੂਰ 12 ਮਈ। ਅੱਜ ਸੰਗਰੂਰ ਵਿਖੇ ਟਰੇਨ ਹੇਠ ਆ ਕੇ ਇੱਕ ਮਾਂ ਅਤੇ ਧੀ ਵੱਲੋਂ ਆਪਣੀ ਜੀਵਨ ਲੀਲਾ ਸਮਾਪਤ ਕਰ ਲੈਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਸੰਗਰੂਰ ਰੇਲਵੇ ਲਾਈਨਾਂ 'ਤੇ ਇਕ ਮਾਂ-ਧੀ ਵੱਲੋਂ ਇਕ ਦੂਜੇ ਦਾ ਹੱਥ ਫੜ ਕੇ ਰੇਲਵੇ ਲਾਈਨ ਉੱਪਰ ਲੰਮੇ ਪੈ ਕੇ ਆਤਮ ਹੱਤਿਆ ਕਰ ਲਈ ਗਈ। ਇਸ ਘਟਨਾ ਦਾ ਪਤਾ ਚੱਲਦਿਆਂ ਹੀ ਸੰਗਰੂਰ ਸ਼ਹਿਰ ਵਿਚ ਸੋਗ ਦੀ ਲਹਿਰ ਫੈਲ ਗਈ। ਇਸ ਮਾਮਲੇ ਨੂੰ ਲੈ ਕੇ ਜੀ. ਆਰ.ਪੀ ਸੰਗਰੂਰ ਵੱਲੋਂ ਲਾਸ਼ਾਂ ਨੂੰ ਕਬਜ਼ੇ ਵਿਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਮ੍ਰਿਤਕਾਂ ਨੇ ਮਾਂ ਧੀ ਵਲੋਂ ਇਹ ਕਦਮ ਕਿਉਂ ਚੁੱਕਿਆ ਗਿਆ ਇਸ ਬਾਰੇ ਅਜੇ ਤਕ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੋ ਸਕੇ।

# ਸਰਕਾਰੀ ਸਕੂਲਾਂ ਨਾਲ ਜੁੜੀ ਅਹਿਮ ਖਬਰ, ਸਿੱਖਿਆ ਵਿਭਾਗ ਕਰਨ ਜਾ ਰਿਹਾ ਇਹ ਕੰਮ

ਚੰਡੀਗੜ੍ਹ 12 ਮਈ। ਨਵੇਂ ਸੈਸ਼ਨ ਲਈ ਸਹਿਰ ਦੇ ਸਰਕਾਰੀ ਸਕੂਲਾਂ ਲਈ ਚੰਡੀਗੜ੍ਹ ਸਿੱਖਿਆ ਵਿਭਾਗ ਵੱਲੋਂ ਤਿਆਰੀਆਂ ਲਗਭਗ ਮੁਕੰਮਲ ਹੋ ਚੁੱਕੀਆਂ ਹਨ। ਵਿਭਾਗ ਵੱਲੋਂ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਸਰਕਾਰੀ ਸਕੂਲਾਂ 'ਚ ਸਿੱਖਿਆ ਵਿਚ ਸੁਧਾਰ ਤੇ ਅਧਿਆਪਕਾਂ ਦੀ ਘਾਟ ਪੂਰਾ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ। ਸਕੂਲਾਂ 'ਚ 23 ਮਈ ਤੋਂ 30 ਜੂਨ ਤੱਕ ਗਰਮੀਆਂ ਦੀਆਂ ਛੁੱਟੀਆਂ ਹੋਣ ਜਾ ਰਹੀਆਂ ਹਨ। ਸਿੱਖਿਆ ਵਿਭਾਗ ਸਰਕਾਰੀ ਸਕੂਲਾਂ 'ਚ 11ਵੀਂ 'ਚ ਆਨਲਾਈਨ ਦਾਖਲੇ ਦੇ ਨਾਲ 594 ਅਧਿਆਪਕਾਂ ਦੀ ਭਰਤੀ ਪ੍ਰਕਿਰਿਆ ਪੂਰਾ ਕਰਨ ਜਾ ਰਿਹਾ ਹੈ। 2 ਸਰਕਾਰੀ ਸਕੂਲਾਂ 'ਚ ਬਲਾਕ ਤੇ 3 ਨਵੇਂ ਸਕੂਲ ਖੋਲ੍ਹਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਸਿੱਖਿਆ ਵਿਭਾਗ ਵੱਲੋਂ ਸੈਕਟਰ-7 ਦੇ ਸਰਕਾਰੀ ਹਾਈ ਸਕੂਲ 'ਚ ਪ੍ਰੀ-ਪ੍ਰਾਇਮਰੀ ਤੋਂ ਇਲਾਵਾ ਮਲੋਆ ਸਥਿਤ ਜੀ. ਐੱਸ. ਐੱਸ. ਐੱਸ. ਬਲਾਕ ਐਕਸਟੈਨਸ਼ਨ ਤੋਂ ਇਲਾਵਾ ਧਨਾਸ, ਮਨੀਮਾਜਰਾ ਅਤੇ ਹੱਲੋਮਾਜਰਾ 'ਚ ਨਵੇਂ ਸਕੂਲ ਖੋਲ੍ਹਣ ਦੀ ਤਿਆਰੀ ਕੀਤੀ ਜਾ ਰਹੀ ਹੈ। ਸਿੱਖਿਆ ਵਿਭਾਗ ਸਰਕਾਰੀ ਸਕੂਲਾਂ 'ਚ ਸਿੱਖਿਆ ਦਾ ਪੱਧਰ ਉੱਚਾ ਚੁੱਕ ਕੇ ਅਧਿਆਪਕਾਂ ਦੀ ਘਾਟ ਨੂੰ ਦੂਰ ਕਰਨ ਜਾ ਰਿਹਾ ਹੈ। ਇਸ ਦੀ ਤਿਆਰੀ ਵਿਭਾਗ ਵੱਲੋਂ ਪਿਛਲੇ ਸਾਲ ਤੋਂ ਸ਼ੁਰੂ ਕਰ ਦਿੱਤੀ ਗਈ ਹੈ। ਚੋਣ ਜ਼ਾਬਤਾ ਲਾਗੂ ਹੋਣ ਕਾਰਨ ਅਧਿਆਪਕਾਂ ਦੀ ਭਰਤੀ ਦੌਰਾਨ ਪ੍ਰੀਖਿਆ ਨਤੀਜੇ ਐਲਾਨਣ 'ਚ ਦੇਰੀ ਹੋ ਰਹੀ ਹੈ। ਜੂਨ 'ਚ ਨਵੇਂ ਅਧਿਆਪਕਾਂ ਦੀ ਭਰਤੀ ਮੁਕੰਮਲ ਕਰਨ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਅਧਿਆਪਕਾਂ ਦੀਆਂ 594 ਅਸਾਮੀਆਂ 'ਚੋਂ 396 ਜੇ.ਬੀ.ਟੀ ਅਧਿਆਪਕ, 100 ਐੱਨ.ਟੀ.ਟੀ ਅਧਿਆਪਕ ਤੇ 98 ਪੀ.ਜੀ.ਟੀ ਅਧਿਆਪਕ ਨਵੇਂ ਮਿਲਣਗੇ। ਵਿਭਾਗ ਵੱਲੋਂ ਲਿਖਤੀ ਪ੍ਰੀਖਿਆ ਲਈ ਗਈ ਹੈ। ਸਿਰਫ ਨਤੀਜੇ ਐਲਾਨ ਹੋਣੇ ਹਨ। ਵਿਭਾਗ ਅਨੁਸਾਰ ਟੀ. ਜੀ. ਟੀ ਦੀਆਂ 303 ਅਸਾਮੀਆਂ ਦੀ ਭਰਤੀ ਪ੍ਰਕਿਰਿਆ ਲਈ ਜੂਨ ਅੰਤ 'ਚ ਪ੍ਰੀਖਿਆਵਾਂ ਹੋਣਗੀਆਂ। ਟੀ. ਜੀ. ਟੀ. ਤੇ ਸਪੈਸ਼ਲ ਐਜੂਕੇਟਰ ਦੇ ਅਹੁਦਿਆਂ ਨੂੰ ਛੱਡ ਕੇ ਹੋਰ ਨਿਯੁਕਤੀਆਂ ਜੂਨ 'ਚ ਕੀਤੀਆਂ ਜਾਣਗੀਆਂ। ਜੁਲਾਈ ਮਹੀਨੇ 'ਚ ਜਦੋਂ ਸਕੂਲ ਖੁੱਲ੍ਹਣਗੇ ਤਾਂ ਨਵੇਂ ਅਧਿਆਪਕ ਬੱਚਿਆਂ ਦਾ ਸਵਾਗਤ ਕਰਨਗੇ। ਵਿਭਾਗ ਵੱਲੋਂ ਚਲਾਏ ਜਾ ਰਹੇ 112 ਸਰਕਾਰੀ ਸਕੂਲਾਂ 'ਚ ਅਧਿਆਪਕਾਂ ਤੇ ਬੱਚਿਆਂ ਦੀ ਗਿਣਤੀ ਇਲਾਕੇ 'ਤੇ ਨਿਰਭਰ ਕਰਦੀ ਹੈ। ਪੈਰੀਫਿਰੀ ਤੇ ਕਾਲੋਨੀ ਦੇ ਸਕੂਲਾਂ 'ਚ ਬੱਚਿਆਂ ਦੀ ਗਿਣਤੀ ਵੱਧ ਤੇ ਅਧਿਆਪਕ ਘੱਟ ਹਨ। ਸੈਕਟਰ ਦੇ ਸਕੂਲਾਂ 'ਚ ਵੱਖਰਾ ਸਿਸਟਮ ਹੈ। ਸਿੱਖਿਆ ਵਿਭਾਗ ਵੱਲੋਂ ਹਰ ਸਕੂਲ 'ਚ ਬੱਚਿਆਂ ਲਈ ਅਧਿਆਪਕਾਂ ਦਾ ਅਨੁਕੂਲ ਅਨੁਪਾਤ ਬਣਾਉਣ ਲਈ ਸਮੀਕਰਣ ਬਣਾਏ ਜਾ ਰਹੇ ਹਨ। ਇਸ ਨਾਲ ਸਰਕਾਰੀ ਸਕੂਲ 'ਚ ਪੜ੍ਹਦੇ ਬੱਚਿਆਂ ਨੂੰ ਮਿਆਰੀ ਸਿੱਖਿਆ ਮੁਹੱਈਆ ਕਰਵਾਈ ਜਾ ਸਕੇ।

### ਪ੍ਰਾਪਰਟੀ ਵੇਚਣ ਦਾ ਝਾਂਸਾ ਦੇ ਕੇ ਮਾਰੀ ਇਕ ਕਰੋੜ ਦੀ ਠੱਗੀ

ਲੁਧਿਆਣਾ 12 ਮਈ। ਪ੍ਰਾਪਰਟੀ ਵੇਚਣ ਦਾ ਝਾਂਸਾ ਦੇ ਕੇ ਇਕ ਵਿਅਕਤੀ ਨੇ ਕਲੱਬ ਰੋਡ ਦੇ ਰਹਿਣ ਵਾਲੇ ਵਿਅਕਤੀ ਨਾਲ ਇਕ ਕਰੋੜ ਦੀ ਧੋਖਾਧੜੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ 'ਚ ਥਾਣਾ ਡਵੀਜ਼ਨ ਨੰਬਰ-8 ਦੀ ਪੁਲਸ ਨੇ ਯੋਗੇਸ਼ ਕੁਮਾਰ ਦੀ ਸ਼ਿਕਾਇਤ 'ਤੇ ਦੋਸ਼ੀ ਸਤਵਿੰਦਰ ਸਿੰਘ ਪਵਾਰ ਖ਼ਿਲਾਫ ਕੇਸ ਦਰਜ ਕੀਤਾ ਹੈ। ਪੁਲਸ ਸ਼ਿਕਾਇਤ 'ਚ ਯੋਗੇਸ਼ ਨੇ ਦੱਸਿਆ ਕਿ ਉਸਦੀ ਗੱਲ ਸਤਵਿੰਦਰ ਸਿੰਘ ਪਵਾਰ ਦੇ ਨਾਲ ਇਕ ਪ੍ਰਾਪਰਟੀ ਨੂੰ ਲੈ ਕੇ ਹੋਈ ਸੀ। ਉਸ ਪ੍ਰਾਪਰਟੀ ਦਾ ਸੌਦਾ 1.65 ਕਰੋੜ ਰੁਪਏ 'ਚ ਹੋਇਆ ਸੀ। ਉਸਨੇ ਇਕ ਕਰੋੜ ਰੁਪਏ ਦੋਸ਼ੀ ਨੂੰ ਦੇ ਦਿੱਤੇ ਪਰ ਜਦੋਂ ਰਜਿਸਟਰੀ ਕਰਵਾਉਣ ਦਾ ਸਮਾਂ ਆਇਆ ਤਾਂ ਦੋਸ਼ੀ ਨੇ ਨਾ ਤਾਂ ਰਜਿਸਟਰੀ ਕਰਵਾਈ ਅਤੇ ਨਾ ਹੀ ਪੈਸੇ ਵਾਪਸ ਕੀਤੇ। ਜਿਸ ਤੋਂ ਬਾਅਦ ਉਸਨੇ ਉਸਦੇ ਖ਼ਿਲਾਫ ਸ਼ਿਕਾਇਤ ਦਿੱਤੀ। ਫਿਲਹਾਲ ਪੁਲਸ ਨੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਪਾਕਿ ਡਰੋਨ ਰਾਹੀਂ ਮੰਗਵਾਏ ਹਥਿਆਰਾਂ ਸਮੇਤ 3 ਗ੍ਰਿਫ਼ਤਾਰ, 3 ਪਿਸਟਲਾਂ, 4 ਮੈਗਜ਼ੀਨ ਤੇ 9 ਕਾਰਤੂਸ ਬਰਾਮਦ

ਅੰਮ੍ਰਿਤਸਰ 12 ਮਈ। ਥਾਣਾ ਘਰਿੰਡਾ ਦੀ ਪੁਲਸ ਵੱਲੋਂ ਇਤਲਾਹ ਦੇ ਆਧਾਰ 'ਤੇ ਨਾਕਾਬੰਦੀ ਕਰਦਿਆਂ ਨਾਜਾਇਜ਼ ਹਥਿਆਰਾਂ ਸਮੇਤ ਕਾਰ/ਮੋਟਰਸਾਈਕਲ ਸਵਾਰ ਤਿੰਨ ਸਮੱਗਲਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਮੁਲਜ਼ਮ ਜਸਵਿੰਦਰ ਸਿੰਘ ਪੁੱਤਰ ਲਖਵਿੰਦਰ ਸਿੰਘ ਵਾਸੀ ਪਿੰਡ ਲਖਾਣਾ, ਗੁਰਪ੍ਰੀਤ ਸਿੰਘ ਪੁੱਤਰ ਸੁੱਚਾ ਸਿੰਘ ਵਾਸੀ ਮੇਜਪੁਰ ਅਤੇ ਬੋਹੜ ਸਿੰਘ ਪੁੱਤਰ ਅਨੋਖ ਸਿੰਘ ਵਾਸੀ ਸੈਦਪੁਰ ਖੁਰਦ ਦੇ ਕਬਜ਼ੇ ਵਿੱਚੋਂ ਇੱਕ 9 ਐੱਮ. ਐੱਮ ਜਿਗਾਨਾ ਪਿਸਟਲ 9 ਐੱਮ. ਐੱਮ, 2 ਗਲੋਕ ਪਿਸਟਲ, ਚਾਰ ਮੈਗਜ਼ੀਨ, 9 ਜ਼ਿੰਦਾ ਕਾਰਤੂਸ, ਇੱਕ ਆਲਟੋ ਗੱਡੀ ਅਤੇ ਇੱਕ ਮੋਟਰਸਾਈਕਲ ਬਿਨਾਂ ਨੰਬਰੀ ਸਮੇਤ ਪੰਜ ਮੋਬਾਈਲ ਫੋਨ ਬਰਾਮਦ ਕੀਤੇ ਗਏ ਹਨ। ਮੁੱਢਲੀ ਪੁੱਛਗਿੱਛ ਦੌਰਾਨ ਅਧਿਕਾਰੀ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਇਹ ਮੁਲਜ਼ਮ ਜੋ ਪਾਕਿਸਤਾਨੀ ਸਮੱਗਲਰ ਕਾਸਿਮ ਵਿੱਲੋਂ ਦੇ ਸੰਪਰਕ ਵਿਚ ਸਨ ਅਤੇ ਡਰੋਨ ਰਾਹੀਂ ਇਹ ਹਥਿਆਰ ਮੰਗਵਾਏ ਗਏ ਸਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁਲਜ਼ਮਾਂ ਨੂੰ ਅਦਾਲਤ ਵਿਖੇ ਪੇਸ਼ ਕਰ ਕੇ ਮਿਲੇ ਰਿਮਾਂਡ ਦੌਰਾਨ ਬਾਰੀਕੀ ਨਾਲ ਪੁੱਛਗਿੱਛ ਕੀਤੀ ਜਾਵੇਗੀ।

# ਪੰਜਾਬ 'ਚ ਚੱਲਦੀ ਟਰੇਨ ਨਾਲੋਂ ਵੱਖ ਹੋਇਆ ਇੰਜਣ, ਹਜਾਰਾਂ ਯਾਤਰੀਆਂ ਦੀ ਜਾਨ ਦਾਅ 'ਤੇ ਲੱਗੀ



ਖੰਨਾ 12 ਮਈ। ਖੰਨਾ 'ਚ ਚੱਲਦੀ ਟਰੇਨ ਨਾਲੋਂ ਇੰਜਣ ਵੱਖ ਹੋਣ ਦੀ ਖਬਰ ਸਾਹਮਣੇ ਆਈ ਹੈ। ਇਹ ਇੰਜਣ ਇਕੱਲਾ ਹੀ ਕਰੀਬ 3 ਕਿਲੋਮੀਟਰ ਤੱਕ ਪੱਟੜੀ 'ਤੇ ਦੌੜਦਾ ਰਿਹਾ। ਗਨੀਮਤ ਇਹ ਰਹੀ ਕਿ ਕੋਈ ਵੱਡਾ ਹਾਦਸਾ ਨਹੀਂ ਹੋਇਆ ਹੈ ਅਤੇ ਇਸ ਦੌਰਾਨ ਕਰੀਬ ਹਜਾਰਾਂ ਯਾਤਰੀਆਂ ਦੀ ਜਾਨ ਵਾਲ-ਵਾਲ ਬਚ ਗਈ। ਜਿਵੇਂ ਹੀ ਇਕੱਲੇ ਇੰਜਣ ਦੇ ਟਰੈਕ ਉਤੇ ਦੌੜਨ ਦਾ ਪਤਾ ਲੱਗਾ ਤਾਂ ਇਸ ਤੋਂ ਬਾਅਦ ਟਰੈਕ 'ਤੇ ਕੰਮ ਕਰ ਰਹੇ ਕੀ-ਮੈਨ ਨੇ ਰੌਲਾ ਪਾਇਆ ਅਤੇ ਡਰਾਈਵਰ ਨੂੰ ਇਸ ਦੀ ਸੂਚਨਾ ਦਿੱਤੀ। ਡਰਾਈਵਰ ਨੇ ਫਿਰ ਇੰਜਣ ਨੂੰ ਬੰਦ ਕੀਤਾ ਅਤੇ ਇੰਜਣ ਨੂੰ ਗੱਡੀ ਨਾਲ ਜੋੜ ਦਿੱਤਾ। ਇਹ ਹਾਦਸਾ ਪਟਨਾ ਤੋਂ ਜੰਮੂ ਤਵੀ ਜਾ ਰਹੀ ਅਰਚਨਾ ਐਕਸਪ੍ਰੈਸ ਟਰੇਨ ਵਿੱਚ ਵਾਪਰਿਆ। ਗਨੀਮਤ ਇਹ ਰਹੀ ਕਿ ਇਸ ਦੌਰਾਨ ਕੋਈ ਦੂਜੀ ਰੇਲਗੱਡੀ ਨਹੀਂ ਆਈ, ਜਿਸ ਨਾਲ ਹਜਾਰਾਂ ਯਾਤਰੀਆਂ ਦੀ ਜਾਨ ਬਚ ਗਈ। ਉਥੇ ਹੀ ਇਸ ਬਾਰੇ ਰੇਲ ਗਾਰਡ ਨੇ ਦੱਸਿਆ ਕਿ ਅਚਾਨਕ ਹੀ ਰੇਲ ਗੱਡੀ ਨਾਲੋਂ ਇੰਜਣ ਵੱਖ ਹੋ ਗਿਆ ਸੀ। ਉਨ੍ਹਾਂ ਜਦੋਂ ਵੇਖਿਆ ਤਾਂ ਵਾਇਰਲੈੱਸ ਤੋਂ ਮੈਸੇਜ ਦਿੱਤਾ। ਕੀ-ਮੈਨ ਨੇ ਦੱਸਿਆ ਕਿ ਉਹ ਰੇਲ ਪਟੜੀ 'ਤੇ ਕੰਮ ਕਰ ਰਹੇ ਸਨ। ਇਸੇ ਦੌਰਾਨ ਉਨ੍ਹਾਂ ਵੇਖਿਆ ਕਿ ਇਕ ਇੰਜਣ ਇਕੱਲਾ ਹੀ ਆ ਰਿਹਾ ਹੈ ਅਤੇ ਪਿੱਛੇ ਕਰੀਬ 3 ਕਿਲੋਮੀਟਰ ਰੇਲਗੱਡੀ ਖੜ੍ਹੀ ਹੈ ਉਨ੍ਹਾਂ ਰੌਲਾ ਪਾਇਆ ਅਤੇ ਇੰਜਣ ਨੂੰ ਰੁਕਵਾਇਆ। ਇਸ ਦੇ ਨਾਲ ਹੀ ਰੇਲ ਅਧਿਕਾਰੀਆਂ ਨੂੰ ਸੂਚਿਤ ਕੀਤਾ। ਇੰਜਣ ਨੂੰ ਰੋਕਣ ਮਗਰੋਂ ਡਰਾਈਵਰ ਇੰਜਣ ਨੂੰ ਲੈ ਕੇ ਆਇਆ ਅਤੇ ਰੇਲ ਗੱਡੀ ਨਾਲ ਜੋੜ ਕੇ ਫਿਰ ਰਵਾਨਾ ਕੀਤਾ ਗਿਆ। ਰੇਲ ਗੱਡੀ ਕੋਚ ਅਟੈਂਡੈਂਟ ਨੇ ਦੱਸਿਆ ਕਿ ਗੱਡੀ ਨੰਬਰ 12355/56 ਅਰਚਨਾ ਐਕਸਪ੍ਰੈੱਸ ਪਟਨਾ ਤੋਂ ਜੰਮੂ ਤਵੀ ਜਾ ਰਹੀ ਸੀ। ਸਰਹਿੰਦ ਜੰਕਸ਼ਨ 'ਤੇ ਗੱਡੀ ਦਾ ਇੰਜਣ ਬਦਲਿਆ ਗਿਆ। ਇਸ ਦੇ ਬਾਅਦ ਖੰਨਾ ਵਿਚ ਇੰਜਣ ਖੁੱਲ੍ਹ ਗਿਆ ਅਤੇ ਕਾਫੀ ਅੱਗੇ ਤੱਕ ਚਲਾ ਗਿਆ। ਟਰੇਨ ਵਿਚ 2 ਤੋਂ ਢਾਈ ਹਜਾਰ ਯਾਤਰੀ ਸਵਾਰ ਸਨ। ਉਥੇ ਹੀ ਚਸ਼ਮਦੀਦ ਨੇ ਦੱਸਿਆ ਕਿ ਰੇਲ ਦਾ ਇੰਜਣ ਵੱਖ ਹੋ ਕੇ ਕਾਫੀ ਦੂਰ ਤੱਕ ਚਲਾ ਗਿਆ। ਕਈ ਸਾਲ ਪਹਿਲਾਂ ਇਸ ਜਗ੍ਹਾ ਤੋਂ ਥੋੜ੍ਹੀ ਕੌੜੀ ਪਿੰਡ ਵਿਚ ਰੇਲ ਹਾਦਸਾ ਹੋਇਆ ਸੀ, ਜਿਸ ਦੀਆਂ ਯਾਦਾਂ ਤਾਜੀਆਂ ਹੋ ਗਈਆਂ। ਇਹ ਰੇਲਵੇ ਦੀ ਲਾਪਰਵਾਹੀ ਹੈ, ਇਸ ਨੂੰ ਸੁਧਾਰਨਾ ਚਾਹੀਦਾ ਹੈ।

## ਅੱਗ ਕਾਰਨ ਸੜ ਕੇ ਸੁਆਹ ਹੋਈਆਂ ਝੁੱਗੀਆਂ, ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕਰਨ ਪੁੱਜੇ ਵਿਧਾਇਕ ਜਸਵੀਰ

ਟਾਂਡਾ ਉੜਮੁੜ 12 ਮਈ। ਬੇਟ ਖੇਤਰ ਅਧੀਨ ਪੈਂਦੇ ਪਿੰਡ ਰੜਾ ਵਿਖੇ ਬੀਤੇ ਦਿਨੀਂ ਹਿਜਰਤ ਕਰਕੇ ਆਏ ਸਬਜੀ ਕਾਸਤਕਾਰ ਪ੍ਰਵਾਸੀ ਮੁਸਲਮਾਨਾਂ ਦੀਆਂ ਝੁੱਗੀਆਂ ਨੂੰ ਅੱਗ ਲੱਗਣ ਕਾਰਨ ਵੱਡਾ ਨੁਕਸਾਨ ਹੋ ਗਿਆ ਸੀ। ਇਹਨਾਂ ਪੀੜਤ ਪਰਿਵਾਰਾਂ ਨੂੰ ਮਿਲਣ ਅਤੇ ਹੋਏ ਨੁਕਸਾਨ ਦਾ ਜਾਇਜਾ ਲੈਣ ਲਈ ਅੱਜ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਆਪਣੀ ਟੀਮ ਸਮੇਤ ਘਟਨਾ ਸਥਾਨ ਦਾ ਦੌਰਾ ਕੀਤਾ। ਇਸ ਮੌਕੇ ਬੇਟ ਖੇਤਰ ਇੰਚਾਰਜ ਰਜਿੰਦਰ ਸਿੰਘ ਮਾਰਸਲ, ਬਲਾਕ ਪ੍ਰਧਾਨ ਕੇਸਵ ਸਿੰਘ ਸੈਣੀ, ਬਲਾਕ ਯੂਥ ਪ੍ਰਧਾਨ ਲਖਵਿੰਦਰ ਸਿੰਘ ਸੇਠੀ, ਗੁਰਦੀਪ ਸਿੰਘ ਹੈਪੀ, ਸੀਨੀਅਰ ਆਗੂ ਜਸਵੰਤ ਸਿੰਘ ਬਿੱਟੂ ਜਲਾਲਪੁਰ ਮੌਜੂਦ ਸਨ। ਇਸ ਮੌਕੇ ਪੀੜਤ ਪਰਿਵਾਰ ਦੇ ਮੁਹੰਮਦ ਸਦੀਕ ਪੁੱਤਰ ਅਬਦੁਲ ਰਫੀਕ, ਅਲਾਕਤ ਅਲੀ ਪੁੱਤਰ ਅਬਦੁਲ ਅਲੀ, ਗੁਲਾਮ ਨਬੀ ਪੁੱਤਰ ਅਬਦੁਲ ਲਥੀਪ, ਗੁਲਾਮ ਰਸੂਲ ਪੁੱਤਰ ਅਬਦੁਲ ਲਤੀਫ, ਨੂਰ ਮੁਹੰਮਦ ਅਲੀ ਅਤੇ ਸੇਖਰ ਤੇ ਹੋਰਨਾ ਪੀੜਤ ਮੈਂਬਰਾਂ ਨੇ ਦੱਸਿਆ ਕਿ



ਅੱਗ ਲੱਗਣ ਕਾਰਨ ਉਹਨਾਂ ਦੀਆਂ ਕਰੀਬ 10 ਤੋਂ ਜ਼ਿਆਦਾ ਝੁੱਗੀਆਂ ਸੜ ਕੇ ਸੁਆਦ ਹੋ ਗਈਆਂ ਹਨ। ਇਸ ਦੇ ਨਾਲ ਹੀ ਲੱਖਾਂ ਰੁਪਏ ਦੀ ਨਗਦੀ, ਘਰ ਦਾ ਸਮਾਨ, ਟਰੈਕਟਰ, ਟਰਾਲੀ, ਮੋਟਰਸਾਈਕਲ ਆਦਿ ਵੀ ਸੜ ਕੇ ਸੁਆਹ ਹੋ ਗਏ ਹਨ, ਜਿਸ ਨਾਲ ਉਹਨਾਂ ਦਾ ਬਹੁਤ ਜ਼ਿਆਦਾ ਆਰਥਿਕ ਨੁਕਸਾਨ ਹੋਇਆ ਹੈ। ਘਟਨਾ ਸਥਾਨ ਦਾ ਜਾਇਜਾ ਲੈਣ ਪਹੁੰਚੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਦੱਸਿਆ ਕਿ ਅੱਗ ਕਾਰਨ ਹੋਏ ਵੱਡੇ ਨੁਕਸਾਨ ਦਾ ਸਰਵੇ ਕਰਵਾਇਆ ਗਿਆ ਹੈ। ਉਹਨਾਂ ਨੇ ਇਸ ਮੌਕੇ ਪੀੜਤ ਪਰਿਵਾਰਾਂ ਨੂੰ ਵਿਸਵਾਸ ਦਵਾਇਆ ਕਿ ਲੋਕ ਸਭਾ ਚੋਣਾਂ ਦੇ ਮੱਦੇਨਜਰ ਚੱਲ ਰਹੇ ਆਦਰਸ ਚੋਣ ਜਾਬਤੇ ਉਪਰੰਤ ਮੁੱਖ ਮੰਤਰੀ ਰਾਹਤ ਫੰਡ 'ਚੋਂ ਉਹਨਾਂ ਦੀ ਮਦਦ ਕੀਤੀ ਜਾਵੇਗੀ। ਇਸ ਮੌਕੇ ਵਿਧਾਇਕ ਜਸਵੀਰ ਰਾਜਾ ਨੇ ਕਿਹਾ ਕਿ ਅੱਗ ਲੱਗਣ ਦੇ ਕਾਰਨਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਜਾਵੇਗੀ।

## ਸ਼ੰਭੂ ਬਾਰਡਰ 'ਤੇ ਕਿਸਾਨੀ ਮੋਰਚੇ 'ਚ ਸ਼ਾਮਲ ਕਿਸਾਨ ਔਰਤ ਬਲਵਿੰਦਰ ਕੌਰ ਦੀ ਮੌਤ

ਬਨੂੜ 12 ਮਈ। ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਦਿੱਲੀ ਵਿਖੇ ਕਿਸਾਨ ਜਥੇਬੰਦੀਆਂ ਵੱਲੋਂ ਕਿਤੇ ਗਏ ਸੰਘਰਸ਼ ਦੀ ਸਮਾਪਤੀ ਮੌਕੇ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਕਿਸਾਨ ਮਜਦੂਰ ਮੋਰਚਾ ਅਤੇ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ ਵੱਲੋਂ 13 ਫਰਵਰੀ ਨੂੰ ਦਿੱਲੀ ਜਾਣ ਦਾ ਸੱਦਾ ਦਿੱਤਾ ਗਿਆ ਸੀ। ਪਰ ਹਰਿਆਣਾ ਦੀ ਭਾਜਪਾ ਦੀ ਸਰਕਾਰ ਵੱਲੋਂ ਸ਼ੰਭੂ ਬਾਰਡਰ 'ਤੇ ਵੱਡੀਆਂ ਰੋਕਾਂ ਲਗਾ ਕੇ ਸੂਬੇ ਦੇ ਕਿਸਾਨਾਂ ਨੂੰ ਸ਼ੰਭੂ ਬਾਰਡਰ 'ਤੇ ਰੋਕ ਦਿੱਤਾ ਗਿਆ ਸੀ ਜਿੱਥੇ ਕਿਸਾਨਾਂ ਦਾ ਮੋਰਚਾ 84 ਵੇਂ ਦਿਨ ਵੀ ਨਿਰੰਤਰ ਜਾਰੀ ਹੈ ਤੇ ਇਸ ਕਿਸਾਨੀ ਮੋਰਚੇ ਵਿੱਚ ਸਵੇਰੇ ਤੜਕੇ ਇਕ ਵਜੇ ਦੇ ਕਰੀਬ ਕਿਸਾਨੀ ਸੰਘਰਸ਼ ਵਿੱਚ ਬੈਠੀ ਕਿਸਾਨੀ ਔਰਤ ਦੀ ਮੌਤ ਹੋ ਜਾਣ ਦਾ ਸਮਾਚਾਰ ਮਿਲਿਆ ਹੈ। ਇਸ ਘਟਨਾ ਬਾਰੇ ਜਾਣਕਾਰੀ ਦਿੰਦੇ ਹੋਏ ਭਾਰਤੀ ਕਿਸਾਨ ਮਜਦੂਰ ਯੂਨੀਅਨ ਦੇ ਕੌਮੀ ਪ੍ਰਧਾਨ ਮਨਜੀਤ ਸਿੰਘ ਘੁਮਾਣਾ ਨੇ ਦੱਸਿਆ ਕਿ ਬੀਬੀ ਬਲਵਿੰਦਰ ਕੌਰ ਉਮਰ 55 ਸਾਲ ਪਤਨੀ ਰਸਪਾਲ ਸਿੰਘ ਵਾਸੀ ਪਿੰਡ ਵਲੀਪੁਰ ਜ਼ਿਲ੍ਹਾ ਤਰਨਤਾਰਨ ਸਾਹਿਬ ਜੋ ਕਿ ਪਿਛਲੇ ਕਈ ਦਿਨਾਂ ਤੋਂ ਆਪਣੇ ਕਿਸਾਨੀ ਜਥੇ ਨਾਲ ਸ਼ੰਭੂ ਬਾਰਡਰ 'ਤੇ ਕਿਸਾਨੀ ਸੰਘਰਸ਼ ਵਿੱਚ ਸ਼ਾਮਲ ਸੀ। ਬੀਤੀ ਰਾਤ ਇਕ ਵਜੇ ਦੇ ਕਰੀਬ ਅਚਾਨਕ ਉਸਦੀ ਸਿਹਤ ਖਰਾਬ ਹੋ ਗਈ ਤੇ ਉਸਨੂੰ ਚੁੱਕ ਕੇ ਇਲਾਜ ਲਈ ਰਾਜਪੁਰਾ ਦੇ ਸਰਕਾਰੀ ਹਸਪਤਾਲ ਵਿੱਚ ਲੈ ਕੇ ਗਏ ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਜਾਣਕਾਰੀ ਅਨੁਸਾਰ ਮ੍ਰਿਤਕ ਬੀਬੀ ਬਲਵਿੰਦਰ ਕੌਰ ਦੇ ਦੋ ਪੁੱਤਰ ਹਨ ਅਤੇ ਉਸ ਦਾ ਪਰਿਵਾਰ ਪਿਛਲੇ ਲੰਮੇ ਸਮੇਂ ਤੋਂ ਕਿਸਾਨੀ ਸੰਘਰਸ਼ ਵਿੱਚ ਸ਼ਾਮਲ ਹੈ। ਕਿਸਾਨ ਆਗੂ ਮਨਜੀਤ ਸਿੰਘ ਘੁਮਾਣਾ ਨੇ ਪੀੜਤ ਪਰਿਵਾਰ ਨੂੰ ਯੋਗ ਮੁਆਵਜਾ ਅਤੇ ਇੱਕ ਸਰਕਾਰੀ ਨੌਕਰੀ ਦੇਣ ਦੀ ਮੰਗ ਕੀਤੀ ਹੈ। ਇਸ ਤੋਂ ਇਲਾਵਾ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ, ਸਵਰਨ ਸਿੰਘ ਪੰਧੇਰ ,ਸਤਨਾਮ ਸਿੰਘ ਬੈਹਿਰੂ ,ਮਨਜੀਤ ਸਿੰਘ ਫੂਲ, ਨੰਬਰਦਾਰ ਸਤਨਾਮ ਸਿੰਘ ਸੱਤਾ ਖਲੌਰ, ਦਿਲਬਾਗ ਸਿੰਘ ਗਿੱਲ ਤੋਂ ਇਲਾਵਾ ਹੋਰ ਕਿਸਾਨ ਮਜਦੂਰ ਮੋਰਚਾ ਅਤੇ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ ਵਿੱਚ ਸਾਮਲ ਜਥੇਬੰਦੀਆਂ ਦੇ ਆਗੂਆਂ ਨੇ ਦੁਖੀ ਪਰਿਵਾਰ ਨਾਲ ਪਹੁੰਚ ਕੇ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।



## ਨਸ਼ੇ ਵਾਲੇ ਟੀਕਿਆਂ ਸਣੇ 2 ਲੋਕ ਆਏ ਪੁਲਸ ਅੜਿੱਕੇ

ਟਾਂਡਾ ਉੜਮੁੜ 12 ਮਈ। ਜ਼ਿਲ੍ਹਾ ਪੁਲਸ ਮੁਖੀ ਸੁਰਿੰਦਰ ਲਾਂਬਾ ਅਤੇ ਡੀ. ਐੱਸ. ਪੀ. ਹਰਜੀਤ ਸਿੰਘ ਰੰਧਾਵਾ ਦੇ ਦਿਸਾ-ਨਿਰਦੇਸਾਂ ਤਹਿਤ ਨਸ਼ੇ ਖ਼ਿਲਾਫ ਵਿੱਢੀ ਮੁਹਿੰਮ ਤਹਿਤ ਟਾਂਡਾ ਪੁਲਸ ਨੇ ਸਕੂਟਰੀ ਸਵਾਰ



ਦੋ ਲੋਕਾਂ ਨੂੰ ਪਿੰਡ ਬੈਂਸ ਅਵਾਨ ਨੇੜੇ ਨਸ਼ੇ ਵਾਲੇ ਟੀਕਿਆਂ ਅਤੇ ਬਿਨ੍ਹਾਂ ਨੰਬਰੀ ਸਕੂਟਰੀ ਸਣੇ ਗ੍ਰਿਫਤਾਰ ਕੀਤਾ ਹੈ। ਥਾਣਾ ਮੁਖੀ ਟਾਂਡਾ ਐੱਸ. ਆਈ. ਰਮਨ ਕੁਮਾਰ ਨੇ ਦੱਸਿਆ ਕਿ ਏ. ਐੱਸ. ਆਈ. ਲੋਕ ਰਾਮ ਦੀ ਟੀਮ ਵੱਲੋਂ ਗ੍ਰਿਫਤਾਰ ਕੀਤੇ ਗਏ ਮੁਲਜਮਾਂ ਦੀ ਪਛਾਣ ਸਤਵਿੰਦਰ ਸਿੰਘ ਰਾਜਾ ਪੁੱਤਰ ਚਰਨ ਸਿੰਘ ਵਾਸੀ ਵਾਰਡ ਨੰਬਰ 6 ਮਿਆਣੀ ਅਤੇ ਹਰਮਨਪ੍ਰੀਤ ਸਿੰਘ ਹਨੀ ਪੁੱਤਰ ਕੁਲਵੀਰ ਸਿੰਘ ਵਾਸੀ ਵਾਰਡ ਨੰਬਰ 3 ਮਿਆਣੀ ਦੇ ਰੂਪ ਵਿਚ ਹੋਈ ਹੈ। ਉਨ੍ਹਾਂ ਦੱਸਿਆ ਕਿ ਜਦੋਂ ਇਨ੍ਹਾਂ ਮੁਲਜਮਾਂ ਨੂੰ ਪੁਲਸ ਟੀਮ ਨੇ ਰਾਤ ਦੇ ਸਮੇਂ ਟਾਰਚ ਦੀ ਰੋਸ਼ਨੀ ਨਾਲ ਰੁਕਣ ਦਾ ਇਸ਼ਾਰਾ ਕੀਤਾ ਤਾਂ ਇਨ੍ਹਾਂ ਨੇ ਭੱਜਣ ਦੀ ਕੋਸ਼ਿਸ਼ ਕੀਤੀ। ਪੁਲਸ ਟੀਮ ਨੇ ਇਨ੍ਹਾਂ ਨੂੰ ਕਾਬੂ ਕਰਕੇ ਇਨ੍ਹਾਂ ਦੇ ਕਬਜ਼ੇ ਵਿੱਚੋਂ ਨਸ਼ੇ ਵਾਲੇ ਬਿਨ੍ਹਾਂ ਮਾਰਕਾ 9 ਟੀਕੇ ਬਰਾਮਦ ਕਰਕੇ ਇਨ੍ਹਾਂ ਖ਼ਿਲਾਫ ਐੱਨ. ਡੀ. ਪੀ. ਐੱਸ. ਐਕਟ ਦੇ ਅਧੀਨ ਮਾਮਲਾ ਦਰਜ ਕੀਤਾ ਹੈ।

**NAME CHANGE**

I, GULKHARI DEVI Mother of No-15703704N Rank-HAV Name-PRAMOD KUMAR SINGH R/o VILL-SILOUNDHA, PO-DANGRI, TEH-MOHANIA, DIST-KAIMUR (BHABUA), BIHAR-821109, have changed my name from GULKHARI DEVI to GUJRATI DEVI for all future purposes and in my son's service records my date of birth wrongly mentioned as 01/07/1964 instead of my correct date of birth as 01/01/1965 vide affidavit dated 09/05/2024 before Notary Public, Delhi.

**NAME CHANGE**

It is for general information that I, KARAN WALIA S/O RAMESH KUMAR WALIA R/O F1/186, 1st FLOOR, SECTOR-16, ROHINI, F BLOCK, VIKRANT PROPERTY WALI GALI, NORTH WEST DELHI, DELHI-110085 declare that name of my minor son has been wrongly written as SHERYANSH WALIA in my minor son SHREYANSH WALIA aged10 years in his School Record. The actual name of my son is SHREYANSH WALIA, which may be amended accordingly.

**PUBLIC NOTICE**

My client Kamrul Islam S/o Abdul Salam R/o 352, Gali No.12, Near Mustafa Masjid, Jaitpur Extension, Part-II, PO Badarpur, New Delhi-110044, have severed all his relations with his son namely Altmas and disowned him from all movable and immovable properties and assets due to his misconduct. My client will not responsible for his any act in future.

**SHAHNAWAZ Advocate**
Chamber No.213
Saket Court Complex,
New Delhi-110054

**PUBLIC NOTICE**

Public notice is hereby given that Mr. Ajay Gagneja, is the owner of the Entire Third Floor with roof rights, Built up on Property Bearing No. 48/7, area measuring 200 sq. yds., situated at East Patel Nagar, New Delhi and said property purchase his mother Mrs. Anjali Gagneja vide Sale Deed dated 14.07.2006. Subsequently, Mrs. Anjali Gagneja passed away on 20.10.2010 and leaving behind following legal heirs Mr. Ankush Gagneja (husband) Mr. Anshul Gagneja (Son) and Mr. Ajay Gagneja (Son). Thereafter Mr. Ankush Gagneja & Mr. Anshul Gagneja release/transfer their share in favour of Mr. Ajay Gagneja through a Relinquishment Deed Dated 07.11.2023.The same property is being financed by RBL Bank Limited, located at AF 19, 20, 21 FF Aditya Mall, Indirapuram, Ghaziabad U.P. 201012. If any person(s) objection & regarding subject property, then kindly may submit his/her objection within 07 days from the date of the Notice in writing. The said objection may be kindly sent to the undersigned by way of the Registered Post on the address given below and by E-mail. failing which, the claim as per aforesaid shall be treated as null and void in respect of the subject property.

**[ASHWANI KUMAR] Advocate**
Chamber No. 122,
Tehsil Compound, Ghaziabad, U.P.

**NAME CHANGE**

I, Ravit Kumar / Ravit Sharma s/o Rajender Sharma R/o Z-707, Sidharth Apartment, Pitam Pura, Delhi-110034, have changed my name to Ravit Kumar Sharma for all future purposes.

**PUBLIC NOTICE**

It is for general information that I Lalit Kumar S/o Rajesh Kumar residing at House No.320, Gali No.D-5, Batra Hospital, Sangam Vihar, Khanpur Delhi-110062 declare that name of my father has been wrongly written as Rajesh Kumar Sharma in my Education Documents, Aadhar Card, Pan Card and Driving License. The actual name of my father is Rajesh Kumar which may be amended accordingly.

**NAME CHANGE**

I Anita W/O of No - 2802665 H HAV Shinde Prakash Sambhaji R/O village - Hanmantwadi Post - Hanmantwadi Tel - karveer Dist - Kolhapur Pin - 416010 State - Maharashtra Have changed my name from Anita To Anita Prakash Shinde for all future 19/12/2022 before notary public, Delhi

**NAME CHANGE**

I, DEEPALI W/O NO 2798487L.HAV KIRDAT ANKUSH JAYRAM. R/O VILL_KARANDI POST_KARANDI TEH_SATARA DIST_SATARA MAHARASHTRA 415002 have changed my name from deepali to *DEEPALI* *ANKUSH* *KIRDAT*.for all future purpose vide Affidavit dated 20/12/2022 before notary public, Delhi

**PUBLIC NOTICE**

Information is given to general public at large that our clients (1) Mr. Paras Kumrah (2) Mr. Puneet Kumrah are the owner of Freehold Residential Built up First Floor, upto celling level, Built on Portion of Property Bearing No. 275, area measuring of Plot 43.89 Sq. Mtrs. out of Khasra no. 27/5/1 & 27/52, Situated in the abadi of Ram Nagar, Krishna Nagar, in the area of Village Khureji Khas, Illaqa Shahdara, Delhi-110051. By Virtue of Sale Deed dated 16.06.2022 duly registered in the office of SR-VIII doc no. 5284 vol. no. 10277 on page no. 192-197 dated 16.06.2022. in the chain document below mentioned document not available i.e. Probate Order of Will date 12.06.1985 & SMC of Late Mr. Jai Kishan, now our client is in the area of Village Khureji Khas, Illaqa Shahdara, Delhi-110051. By Virtue of Sale Deed dated 16.0declaring that that any other Person does not have any right over the said property, Same property is currently financed by Indiabulls Housing Finance and now same is going to be going to be re-financed by Utkarsh Small Finance Bank Limited Branch: Ghaziabad, Uttar Pradesh. If any person(s) has any objection(s) or claim(s) with respect to the` right, title or interest in the Said Property then contact us within 07 days from the date of Publication of this notice and or the same to the undersigned if found by anyone. Thereafter no claim shall be entertained

**[NAVEEN KUMAR VERMA]**
Advocate
F-211,sector-3 Vaishali Ghaziabad
Uttar Pradesh-201010, Contact at 09958871432

**NAME CHANGE**

I Anuj Kumar S/o Chander Mohan R/o C-65 First Floor Vipul Wourld Sector-48 Gurgaon-122101 Haryana Have Changed My Name To Anuj Sharma For all Purpose

**NAME CHANGE**

I Amita Kumari Yadav W/o Yadram Yadav R/o E-1,PHP Dwarka, Sector-16B,NSIT, Dwarka, Delhi-110078, Have Changed My Name To Amita For All Purpose

**NAME CHANGE**

I, Ravit Kumar / Ravit Sharma s/o Rajender Sharma R/o Z-707, Sidharth Apartment, Pitam Pura, Delhi-110034, have changed my name to Ravit Kumar Sharma for all future purposes.

**NAME CHANGE**

I Samiya Rashid w/o Syed Khateeb Ali R/o 161/3 T/F Ashna Apartment Joga Bai Okhla New Delhi 110025 have changed my name from Samia to Samiya Rashid after marriage for all future purposes

**NAME CHANGE**

I, ALITA W/O OF NO 2809595X NK PATIL VITTAL GUNDU VILL-HAJGOLI POST - HAJGOLI TEH- CHANDGAD DIST KOLHAPUR STATE - MAHARASHTRA 416507 have a changed my name from ALITA to ALITA VITTAL PATIL for all future purposes vide Affidavit dated 15/12/2022 before Notary public, Delhi

**NAME CHANGE**

I, Tofik Ahmad S/o Shabir Ahmad R/o H. No. 2892, Kh. No.365, Gali No.23, Rajiv Gandhi Nagar, New Mustafabad, Delhi-110094, have changed my name to Tofik Ahmed for all future purposes.

**NAME CHANGE**

I, Ayoub Khan S/O Rafiq Ahmed R/O L-117 First Floor MCD Flats, Sunder Nagari, Nand Nagari Delhi -110093 have changed my name from Ayoub Khan to Ayub Khan for all future purpose

**NAME CHANGE**

I Solanki Bharatkumar Laxmanbhai S/o Solanki Laxmanbhai Meramanbhai R/o D-1601, Adani M2K Oyster Grande,Sector-102,gurgaon,Haryana-122001,Have Changed My Minor Son Name Dhruv Bharatkumar Solanki To Dhruv Solanki For All Purpose

**NAME CHANGE**

I, Pritees Singh S/o Devinder Singh R/o G-63, Oriental Villas, Sushant Lok-3, Near Ansal,s Boom Plaza, Sector-57, Wazirabad-75, Gurgaon Haryana-122003, have changed my name to Priteesh Singh for all purposes.

**NAME CHANGE**

I, VANITHA W/o No. 6944024L Rank HAV Name DHAMODIRAN D, R/o 184/5, 1st STREET, SALLAVOOR , PERIYAPUDUR, KATPADI, VELLORE (TAMIL NADU)-632059, have changed my name from VANITHA to D VANITHA for all future purposes. And in my husband service record my date of birth wrongly mentioned is 17/12/1989 instead of 17/12/1991. Vide Affidavit dated 08/05/2024 before Notary Public Delhi.

**PUBLIC NOTICE**

My chent SH. RAJENDER S/O SH. OM PRAKASH R/O 1747, CHABBU PANA VILLAGE, POOTH KHURD, NORTH WEST DELHI -110039, have severed all relations with son namely SH. KRISHAN DABAS and have disowned & disinherited him from all their movable and immovable properties due to his untoward behaviour & conduct. Whosoever deals with him in any manner, shall do so at his/her own risk & consequences.

**JYOTI BATRA ADVOCATE**
CH. NO T-1(A) TEHSIL LANE TIS
HAZARI COURT DELHI-110054

**NAME CHANGE**

I Amita Kumari Yadav W/o Yadram Yadav R/o E-1,PHP Dwarka, Sector-16B,NSIT, Dwarka, Delhi-110078, Have Changed My Name To Amita For All Purpose

**NAME CHANGE**

I SACHIN S/O SHRI VINOD KUMAR R/O H. NO.-519, GUBHANA (70), JHAJJAR, HARYANA-124507 HAVE CHANGED MY NAME FROM SACHIN TO CHAUDHARY SACHIN BIRHMAN FOR ALL FUTURE PURPOSES.

**NAME CHANGE**

I SAPNA W/O SHRI SACHIN R/O H. NO.-519, GUBHANA (70), JHAJJAR, HARYANA-124507 HAVE CHANGED MY NAME FROM SAPNA TO SAPNA BIRHMAN FOR ALL FUTURE PURPOSES.

**NAME CHANGE**

I, Suvarna W/O of No - 2803471M, Hav Badake Santosh Shivaji R/o VPO-Hole TEH-Pandharpur,DIST-Solapur, MAHARASHTRA, 413315, have changed my name from Suvrana to Suvarna Santosh Badake for all future purposes vide Affidavit dated 11/12/2022 before Notary Public, Delhi.

**NAME CHANGE**

I, Mohd Gulzar s/o Mohd Yasin R/o E-228/1, Shaheen Bagh, Jamia Nagar, Okhla, New Delhi-110025, have changed my name to Mohd Gulzar Saifi for all future purposes.

**PUBLIC NOTICE**

It is for general information that I Lalit Kumar S/o Rajesh Kumar residing at House No.320, Gali No.D-5, Batra Hospital, Sangam Vihar, Khanpur Delhi-110062 declare that name of my father has been wrongly written as Rajesh Kumar Sharma in my Education Documents, Aadhar Card, Pan Card and Driving License. The actual name of my father is Rajesh Kumar which may be amended accordingly.

**NAME CHANGE**

I, SUNIL S/O RAGHUVIR SINGH residing at B-342, PANDAV NAGAR, PATEL NAGAR, DELHI-110008 have changed my name to SUNIL KUMAR for all future purpose.

**NAME CHANGE**

I, ROHIT GAUTAM S/O VIJAY KUMAR residing at H NO-4314, BADI BASTI, BASANT ROAD, PAHAR GANJ, DELHI-110055 have changed my name to ROHIT for all future purpose.

**NAME CHANGE**

I , RESHMA W/O of No-2799016k HAV- GHADGE NANASAHEB BABURAO, R/O Vill- LALGUN POST- LALGUN TEH - KHATAV DIST- SATARA MAHARASTRA 415503, have changed my name from RESHMA to RESHMA NANASAHEB GHADGE for all future purposes vide Affidavit dated 21/12/2022 before Notary public, Delhi

**NAME CHANGE**

I, Devinder Singh Bhui S/o Gurdit Singh Gyani R/o G-63, Oriental Villas, Sushant Lok-3, Near Ansal,s Boom Plaza, Sector-57, Wazirabad-75, Gurgaon Haryana-122003, have changed my name to Devinder Singh for all purposes.

**NAME CHANGE**

I, PREETI KUMARI CHHINCHANI D/O PRADEEP KUMAR residing at H NO-C-5 MANSHA BHAWAN WESTEND MARG SAKET DELHI-110030 have changed my name to PREETI CHHINCHANI for all future purpose.

**NAME CHANGE**

I, Amit Bansal S/O Naresh Nkumar Bansal R/O House Number 53 A Kamla Nagar, Malka Ganj North Delhi -110007 have changed my name from Amit Bansal to Amit Kumar Bansal for all future purpose.

**NAME CHANGE**

I, RAJU S/O JAGDISH PARASHAR R/O H.N0- A-27 BLOCK-A PURI PALAM SECTOR-85 BPTP PARK LAND FARIDABAD-121002 HAVE CHANGED MY NAME TO RAJU PARASHAR FOR ALL FUTURE PURPOSES

**PUBLIC NOTICE**

It is informed to the general public that my clients Vikram S/o Sh. Ramphal, Smt. Rani W/o Vikram R/o H. No. 50, G-9, Sangam Vihar, New Delhi, hereby disowned and debarred their son Arjun from their all movable and immovable properties and also severe all their relations from him. My clients shall not be responsible for any act of their son.

**GAJRAJ SINGH ADVOCATE**
CHAMBER NO. 640 LAWYERS
CHAMBER BLOCK, SAKET
COURT COMPLEX,
NEW DELHI-110017

**NAME CHANGE**

I, Ansar Ahmad S/O Abdul Vahab R/O H NO-V-63, Gali No-27, Vijay Park Maujpur, North East Delhi-110053, Have Changed My Name Ansar Ahmed For All Future Purpose

**NAME CHANGE**

I, Mani Ram Kala S/o Lakhi Ram R/o FCA-1972, Street No-19, Block-B, SGM Nagar, Faridabad-121001, Haryana, have changed my name to Mani Ram permanently

**NAME CHANGE**

I, Amit S/o Sonu R/O 291/15 Taigore Gali, Jnana Hospital, Rohtak Haryana -124001 have changed my name from Amit to Amit Batra for all future purpose.

**NAME CHANGE**

I, Shahnwaz s/o Mohd Niyaz R/o 6631/32, Dal Mil Chamelian Road, Bara Hindu Rao, Delhi-110006, have changed my name to Shahnawaz for all future purposes

**PUBLIC NOTICE**

"It is to informed to the Public at large that my client Shri Ajay Gandhi S/o Shri Chander Prakash Gandhi R/o H. No. 316, Gali Mithu Lal, Chotti Bazaria, Ghaziabad, U.P.-201001; Purchasing a Property from Shri Om Prakash Arora, vide ATS dt.27.09.2022, Along with taking a Loan for Plot Purchase + Construction against property i.e. Portion of Residential Vacant Plot No. 74, area measuring 66.66 sq. yds., i.e. 55.74 sq. mtrs., Situated at Gupta Colony, Old Name Dharampura, Ghaziabad, Tehsil & Distt. Ghaziabad, U.P; being the Owner of said property by virtue of Sale Deed dt. 22.12.2021 executed by 1. Sh. Rachit Jain & 2. Smt. Meenu Jain in favour of Sh. Om Prakash Arora, w.r.t. said property Plot No.74, area 66.66 sq. yds., duly regd. As doc. No. 15719, Vol. 18742, on page 275-294, on dt. 22.12.2021, hereinafter referred to as " the said property " submitted the Papers regarding this property with Satin Housing Finance Limited, And Original Sale Deed dt. 27.03.1965 executed by Sh. Harkishan Dass & 2. Smt. Basant Kaur in favour of Smt. Kelawati, w.r.t. said property Plot No. 24 & 25, area 200 sq. yds., duly regd. As doc. No. 1708, Vol. No. 1201, on page 144-145, on dt. 27.03.1965 has been missing and Newspaper publication already done on dt. 14.04.2018 in Newspaper Manasvi Vani And Original Partition Deed executed by Naveen Jain (H.U.F), through karta Mr. Naveen Jain S/o late Mr. S. K. Jain, Mr. Ajay Gandhi S/o Late Mr. Chandra Prakash Gandhi, Mr. Rachit Jain also missing and is not traceable, If any Person Found the same, Kindly return it at the address mentioned below, Along with "the said property" Late Smt. Kaila Devi was the previous owner of said property and after his death leaving behind his legal heirs Mrs. Shashibala Goyal, Mr. Naveen Jain, Mr. Ajay Gandhi & Mr. Rachit Jain as only 4 legal heirs and no any other legal heirs of this property and Any person, who has got, rights, interest, title, claim, encumbrances, charges of any nature whatsoever in respect of the above said Property or any part thereof, can send their objections with their documentary evidence at below address within 7 days from the date of publication of this notice, failing which, it shall be presumed that the said Property in entirely is free from all such claims, interest, charges, encumbrances etc.

**Sahil Virmani**
(ADVOCATE)
Address G-721
Karkardooma Court, Delhi
8929535407, 9643394303

# ਪਟਿਆਲਾ ਪੁਲਿਸ ਵੱਲੋਂ ਪਾਤੜਾਂ ਵਿਖੇ ਰਾਤ ਸਮੇਂ ਦੁਕਾਨ ਦਾ ਸ਼ਟਰ ਤੋੜ ਕੇ ਤਾਂਬੇ ਦੀਆਂ ਤਾਰਾਂ ਚੋਰੀ ਕਰਨ ਵਾਲਾ ਗਿਰੋਹ ਗ੍ਰਿਫਤਾਰ




**ਪਟਿਆਲਾ, 12 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਵਰੁਣ ਸ਼ਰਮਾ, ਆਈ.ਪੀ.ਐਸ,ਸੀਨੀਅਰ ਕਪਤਾਨ ਪੁਲਿਸ ਪਟਿਆਲਾ, ਸ੍ਰੀ ਯੋਗੇਸ ਸ਼ਰਮਾ ਕਪਤਾਨ ਪੁਲਿਸ (ਇੰਨਵੈਸਟੀਗੇਸ਼ਨ) ਪਟਿਆਲਾ, ਸ੍ਰ: ਅਵਤਾਰ ਸਿੰਘ ਉਪ ਕਪਤਾਨ ਪੁਲਿਸ (ਇੰਨਵੈਸਟੀਗੇਸ਼ਨ) ਪਟਿਆਲਾ, ਜੀ ਦੀ ਯੋਗ ਅਗਵਾਈ ਵਿਚ ਸਬ- ਇੰਸਪੈਕਟਰ ਮਨਪ੍ਰੀਤ ਸਿੰਘ ਇੰਚਾਰਜ ਸੀ.ਆਈ.ਏ ਸਟਾਫ ਸਮਾਨਾ ਨੇ ਪ੍ਰੈਸ ਨੋਟ ਰਾਹੀ ਜਾਣਕਾਰੀ ਦਿੰਦਿਆ ਦੱਸਿਆ ਕਿ ਸੀ.ਆਈ.ਏ ਸਮਾਨਾ ਦੀ ਟੀਮ ਨੇ ਮਿਤੀ 15,16-04-2024 ਦੀ ਦਰਮਿਆਨੀ ਰਾਤ ਨੂੰ ਪਾਤੜਾਂ ਵਿਖੇ ਤਾਬੇ ਦੀਆ ਤਾਰਾ ਵਾਲੀ ਦੁਕਾਨ ਤੋ ਦੋ ।-20 ਕਾਰਾ ਤੇ ਸਵਾਰ ਚੋਰਾ ਨੇ ਦੁਕਾਨ ਦਾ ਸਟਰ ਤੋੜਕੇ ਤਾਬੇ ਦੀਆ ਤਾਰਾ ਚੋਰੀ ਕੀਤੀ ਗਈਆ ਸੀ। ਜਿਸ ਸਬੰਧੀ ਸੀ.ਆਈ.ਏ ਸਮਾਨਾ ਦੀ ਟੀਮ ਨੂੰ ਉਸ ਸਮੇ ਵੱਡੀ ਕਾਮਯਾਬੀ ਮਿਲੀ ਜਦੋ ਚੋਰੀ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਦੋਸੀਆ ਵਿੱਚੋ ਚਾਰ ਦੋਸੀਆ ਨੂੰ ਗ੍ਰਿਫਤਾਰ ਕਰਕੇ ਉਹਨਾ ਪਾਸੋ 4 ਕੁਆਇੰਟਲ ਤਾਬੇ ਦੀਆ ਤਾਰਾ ਬ੍ਰਾਮਦ ਕਰਵਾਈਆ ਗਈਆ ਤੇ ਦੋਸੀਆਨ ਵੱਲੋ ਵਾਰਦਾਤ ਦੋਰਾਨ ਵਰਤੀਆ ਹੁਡਈ ।-20 ਕਾਰਾ ਵੀ ਬ੍ਰਾਮਦ ਕੀਤੀਆ ਗਈਆ।

ਸਬ: ਇੰਸਪਕੈਟਰ ਮਨਪ੍ਰੀਤ ਸਿੰਘ ਇੰਚਾਰਜ ਸੀ.ਆਈ.ਏ ਸਮਾਨਾ ਵੱਲੋ ਵਿਸਥਾਰ ਪੂਰਵਕ ਜਾਣਕਾਰੀ ਦਿੰਦੀਆ ਦੱਸਿਆ ਕਿ ਮਿਤੀ 15,16-04-2024 ਦੀ ਦਰਮਿਆਨੀ ਰਾਤ ਨੂੰ ਪਾਤੜਾਂ ਵਿਖੇ ਤਾਬੇ ਦੀਆ ਤਾਰਾ ਵਾਲੀ ਦੁਕਾਨ ਤੋ ਚੋਰਾ ਨੇ ਦੋ 9-20 ਕਾਰਾ ਤੇ ਸਵਾਰ ਹੋਕੇ ਆਏ ਸੀ ਜਿਹਨਾਂ ਨੇ ਤਾਬੇ ਦੀਆ ਤਾਰਾ ਵਾਲੀ ਦੁਕਾਨ ਦਾ ਸਟਰ ਤੋੜਕੇ ਤਾਬੇ ਦੀਆ ਤਾਰਾ ਦੇ ਬੰਡਲ ਚੋਰੀ ਕਰਕੇ ਲੈ ਗਏ ਸੀ ਜਿਸ ਸਬੰਧੀ ਥਾਣਾ ਪਾਤੜਾਂ ਵੱਲੋ ਮੁਕੱਦਮਾ ਨੰਬਰ 86 ਮਿਤੀ 16-04-2024 ਅ/ਧ 457,380 IPC ਥਾਣਾ ਪਾਤੜਾਂ ਦਰਜ ਰਜਿਸਟਰ ਕੀਤਾ ਗਿਆ ਸੀ। ਜਿਸ ਸਬੰਧੀ ਸੀਨੀਅਰ ਅਫਸਰਾਨ ਦੇ ਹੁਕਮ ਅਨੁਸਾਰ ਚੋਰੀ ਨੂੰ ਟਰੇਸ ਕਰਨ ਲਈ ਸੀ.ਆਈ.ਏ ਸਮਾਨਾ ਦੀਆ ਟੀਮਾ ਗਠਿਤ ਕੀਤੀਆ ਗਈਆ। ਦੋਰਾਨੇ ਤਫਤੀਸ ਭਜਨ ਲਾਲ ਪੁੱਤਰ ਹੁਕਮ ਚੰਦ ਪਿੰਡ ਕੱਲਰਭੈਣੀ ਥਾਣਾ ਉਕਲਾਣਾ ਜਿਲਾ ਹਿਸਾਰ ਹਰਿਆਣਾ, ਵਿਨੋਦ ਪੁੱਤਰ ਤੇਜਾ, ਦਿਲਬਾਗ ਉਰਫ ਰਿੰਕੂ ਪੁੱਤਰ ਰਮੇਸ ਅਤੇ ਕਮਲ ਉਰਫ ਰਾਹੁਲ ਪੁੱਤਰ ਰੋਹਤਾਸ ਵਾਸੀਆਨ ਪਿੰਡ ਨਗਰ ਥਾਣਾ ਸਿਟੀ ਗੋਹਾਣਾ ਜਿਲਾ ਸੋਨੀਪਤ ਹਰਿਆਣਾ ਨੂੰ ਨਾਮਜਦ ਕਰਕੇ ਗ੍ਰਿਫਤਾਰ ਕਰਕੇ 4 ਕੁਆਇੰਟਲ ਤਾਬੇ ਦੀਆ ਤਾਰਾ ਬ੍ਰਾਮਦ ਕਰਵਾਈਆ ਗਈਆ ਅਤੇ ਵਾਰਦਾਤ ਦੋਰਾਨ ਦੋ 1-20 ਕਾਰ ਨੂੰ ਵੀ ਬ੍ਰਾਮਦ ਕੀਤਾ ਗਿਆ।

ਦੋਸੀਆਨ ਉਕਤਾਨ ਨੂੰ ਮਾਨਯੋਗ ਅਦਾਲਤ ਵਿੱਚ ਪੇਸ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ। ਦੋਸੀ ਭਜਨ ਲਾਲ ਖਿਲਾਫ ਪਹਿਲਾ ਕਰੀਬ 34 ਦੇ ਕਰੀਬ ਚੋਰੀ ਵਗੈਰਾ ਦੇ ਮੁਕੱਦਮੇ ਦਰਜ ਹਨ। ਵਿਨੋਦ ਅਤੇ ਦਿਲਬਾਗ ਉਰਫ ਰਿੰਕੂ ਦੇ ਖਿਲਾਫ ਵੀ ਚੋਰੀ ਦੇ ਮੁੱਕਦਮੇ ਦਰਜ ਹਨ।

# ਪੰਜਾਬ ਪੁਲਿਸ ਨੇ 48 ਘੰਟਿਆਂ ਅੰਦਰ ਸੁਲਝਾਈ ਬਾਊਂਸਰ ਹੱਤਿਆ ਕਾਂਡ ਦੀ ਗੁੱਥੀ; ਲੱਕੀ ਪਟਿਆਲ ਗੈਂਗ ਦੇ ਦੋ ਸ਼ੂਟਰ ਸੰਖੇਪ ਮੁਕਾਬਲੇ ਉਪਰੰਤ ਕਾਬੂ

## ਪੁਲਿਸ ਟੀਮਾਂ ਨੇ ਗ੍ਰਿਫ਼ਤਾਰ ਕੀਤੇ ਸ਼ੂਟਰਾਂ ਕੋਲੋਂ ਇੱਕ ਪਿਸਤੌਲ ਤੇ ਅਸਲੇ ਸਮੇਤ ਅਪਰਾਧ ਵਿੱਚ ਵਰਤਿਆ ਮੋਟਰਸਾਈਕਲ ਕੀਤਾ ਬਰਾਮਦ: ਡੀਜੀਪੀ ਪੰਜਾਬ ਗੌਰਵ ਯਾਦਵ




**ਪਟਿਆਲਾ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪੁਲਿਸ ਨੇ ਅੱਜ ਇੱਥੇ ਨਿਊ ਚੰਡੀਗੜ੍ਹ ਖੇਤਰ ਵਿੱਚ ਸੰਖੇਪ ਮੁਕਾਬਲੇ ਉਪਰੰਤ ਲੱਕੀ ਪਟਿਆਲ ਗੈਂਗ ਦੇ ਦੋ ਸ਼ੂਟਰਾਂ ਨੂੰ ਗ੍ਰਿਫ਼ਤਾਰ ਕਰਕੇ ਬਾਊਂਸਰ ਹੱਤਿਆ ਕਾਂਡ ਦੀ ਗੁੱਥੀ 48 ਘੰਟਿਆਂ ਅੰਦਰ ਸੁਲਝਾ ਦਿੱਤੀ ਹੈ। ਜਾਣਕਾਰੀ ਮੁਤਾਬਕ ਮੰਗਲਵਾਰ ਨੂੰ ਮੋਟਰਸਾਈਕਲ ਸਵਾਰ ਦੋ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਪੀੜਤ ਮੁਨੀਸ਼ ਰਾਣਾ ਉਰਫ਼ ਬਾਊਂਸਰ ਦੀ ਹੱਤਿਆ ਕਰ ਦਿੱਤੀ ਸੀ।

ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਗ੍ਰਿਫਤਾਰ ਕੀਤੇ ਸ਼ੂਟਰਾਂ ਦੀ ਪਛਾਣ ਵਿਕਰਮ ਰਾਣਾ ਉਰਫ਼ ਹੈਪੀ (23) ਵਾਸੀ ਪਿੰਡ ਤਿਊੜ ਅਤੇ ਕਿਰਨ ਸਿੰਘ (23) ਵਾਸੀ ਗੁਰੂ ਰਾਮਦਾਸ ਐਨਕਲੇਵ ਖਰੜ ਵਜੋਂ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਨੇ ਇਨ੍ਹਾਂ ਦੇ ਕਬਜ਼ੇ 'ਚੋਂ .32 ਬੋਰ ਦੇ ਪਿਸਤੌਲ ਸਮੇਤ ਛੇ ਜਿੰਦਾ ਕਾਰਤੂਸ ਅਤੇ ਗੋਲੀਆਂ ਦੇ ਚਾਰ ਖਾਲੀ ਖੋਲ ਬਰਾਮਦ ਕਰਨ ਦੇ ਨਾਲ ਨਾਲ ਵਾਰਦਾਤ 'ਚ ਵਰਤਿਆ ਗਿਆ ਹੌਂਡਾ ਸ਼ਾਈਨ ਮੋਟਰਸਾਈਕਲ ਵੀ ਜ਼ਬਤ ਕੀਤਾ ਹੈ।

ਇਸ ਕਾਰਵਾਈ ਬਾਰੇ ਜਾਣਕਾਰੀ ਦਿੰਦਿਆਂ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸ.ਐਸ.ਪੀ.) ਐਸ.ਏ.ਐਸ.ਨਗਰ ਡਾ. ਸੰਦੀਪ ਗਰਗ ਨੇ ਦੱਸਿਆ ਕਿ ਥਾਣਾ ਸਦਰ ਖਰੜ ਵਿਖੇ ਕਤਲ ਕੇਸ ਦਰਜ ਹੋਣ ਤੋਂ ਤੁਰੰਤ ਬਾਅਦ ਵਿਸ਼ੇਸ਼ ਪੁਲਿਸ ਟੀਮਾਂ ਦਾ ਗਠਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਨਿਊ ਚੰਡੀਗੜ੍ਹ ਖੇਤਰ ਵਿੱਚ ਮੈਡੀਸਿਟੀ ਨੇੜੇ ਸ਼ੂਟਰਾਂ ਦੀ ਮੌਜੂਦਗੀ ਬਾਰੇ ਭਰੋਸੇਮੰਦ ਅਤੇ ਸੂਤਰਾਂ ਦੇ ਹਵਾਲੇ ਤੋਂ ਮਿਲੀ ਸੂਹ 'ਤੇ ਕਾਰਵਾਈ ਕਰਦਿਆਂ, ਡੀਐਸਪੀ ਗੁਰਸ਼ੇਰ ਸਿੰਘ ਸੰਧੂ ਦੀ ਅਗਵਾਈ ਵਿੱਚ ਸਪੈਸ਼ਲ ਸੈੱਲ ਮੁਹਾਲੀ ਦੀਆਂ ਪੁਲਿਸ ਟੀਮਾਂ ਨੇ ਸ਼ੂਟਰਾਂ ਦਾ ਪਿੱਛਾ ਕੀਤਾ ਅਤੇ ਉਨ੍ਹਾਂ ਦਾ ਪਤਾ ਲਗਾਉਣ ਵਿੱਚ ਸਫ਼ਲ ਰਹੇ।

ਉਨ੍ਹਾਂ ਦੱਸਿਆ ਕਿ ਪੁਲੀਸ ਪਾਰਟੀ ਵੱਲੋਂ ਪਿੱਛਾ ਕਰਨ 'ਤੇ ਮੁਲਜ਼ਮਾਂ ਨੇ ਪੁਲੀਸ ਪਾਰਟੀ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ, ਜਦੋਂਕਿ ਪੁਲੀਸ ਟੀਮਾਂ ਨੇ ਵੀ ਆਪਣੇ ਬਚਾਅ ਵਿੱਚ ਜਵਾਬੀ ਗੋਲੀਬਾਰੀ ਕੀਤੀ, ਜਿਸ ਦੌਰਾਨ ਦੋਵੇਂ ਮੁਲਜ਼ਮਾਂ ਨੂੰ ਗੋਲੀਆਂ ਲੱਗੀਆਂ। ਦੋਵਾਂ ਨੂੰ ਇਲਾਜ ਲਈ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ।

ਇਸ ਸਬੰਧੀ ਐਫਆਈਆਰ ਨੰ. 120 ਮਿਤੀ 7/5/2024 ਨੂੰ ਥਾਣਾ ਸਦਰ ਖਰੜ ਵਿਖੇ ਭਾਰਤੀ ਦੰਡਾਵਲੀ ਦੀ ਧਾਰਾ 302 ਅਤੇ 34 ਅਤੇ ਅਸਲਾ ਐਕਟ ਦੀ ਧਾਰਾ 25 ਤਹਿਤ ਪਹਿਲਾਂ ਹੀ ਮਾਮਲਾ ਦਰਜ ਕੀਤਾ ਜਾ ਚੁੱਕਾ ਹੈ।

# ਅਨੀਲ ਜੋਸ਼ੀ ਵੱਲੋਂ ਅੰਮ੍ਰਿਤਸਰ ਉਤਰੀ ਹਲਕੇ 'ਚ ਚੋਣ ਪ੍ਰਚਾਰ ਤੇਜ਼

**ਅੰਮ੍ਰਿਤਸਰ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਵਲੋ ਅੰਮ੍ਰਿਤਸਰ ਲੋਕ ਸਭਾ ਹਲਕੇ ਤੋ ਚੋਣ ਲੜ ਰਹੇ ਸਾਬਕਾ ਕੈਬਿਨਟ ਮੰਤਰੀ ਅਨੀਲ ਜੋਸ਼ੀ ਵਲੋ ਅੱਜ ਵਿਧਾਨ ਸਭਾ ਹਲਕਾ ਅੰਮ੍ਰਿਤਸਰ ਉਤਰੀ ਦੇ ਫਤਿਹਗੜ੍ਹ ਚੂੜੀਆ ਰੋਡ ਵਿਖੇ ਬਾਬਾ ਦੀਪ ਸਿੰਘ ਐਵੀਨਿਉ ਪੰਚਾਇਤ ਵਲੋ ਸੋਨੀ ਪੈਲੇਸ ਵਿਚ ਕਰਵਾਈ ਚੋਣ ਇਕੱਤਰਤਾ ਵਿਚ ਸ਼ਮੂਲਿਅਤ ਕੀਤੀ ਗਈ। ਇਸ ਮੋਕੇ ਸ਼੍ਰੀ ਜੋਸ਼ੀ ਨੇ ਆਪਣੇ ਮੰਤਰੀ ਅਹੁਦੇ ਦੇ ਕਾਰਜਕਾਲ ਦੋਰਾਨ ਅੰਮ੍ਰਿਤਸਰ, ਖਾਸ ਕਰ ਅੰਮ੍ਰਿਤਸਰ ਦੇ ਉਤੱਰੀ ਹਲਕੇ ਵਿਖੇ ਕਰਵਾਏ ਗਏ ਵਿਕਾਸ ਕਾਰਜਾ ਦਾ ਹਵਾਲਾ ਦਿੰਦਿਆ ਹੋਇਆ ਦੱਸਿਆ ਕਿ ਉਨ੍ਹਾਂ ਫਤਿਹਗੜ੍ਹ ਚੂੜੀਆ ਰੋਡ ਦੀ ਮੁਰਾਦਪੁਰਾ ਪਿੰਡ ਤੱਕ 4 ਲੇਨ ਉਸਾਰੀ ਤੇ ਬਾਈਪਾਸ ਤੇ ਨਵਾਂ ਪੁਲ ਬਣਾ ਕੇ ਆਵਾਜਾਈ ਜਾਮ ਦੀ ਗੰਭੀਰ ਸਮੱਸਿਆ ਨੂੰ ਦੂਰ ਕੀਤਾ। ਇਸ ਮੋਕੇ ਪ੍ਰਮੁੱਖ ਤੋਰ ਤੇ ਜਗਤਾਰ ਸਿੰਘ ਮੈਂਬਰਸ ਪੰਚਾਇਤ, ਤਰਸੇਮ ਸਿੰਘ ਮੈਂਬਰ ਪੰਚਾਇਤ, ਬਲਜਿੰਦਰ ਸਿੰਘ ਬਾਊ, ਨਾਇਬ ਮੈਂਬਰ ਪੰਚਾਇਤ ਸਮੇਤ ਹੋਰ ਇਲਾਕਾ ਨਿਵਾਸੀ ਅਕਾਲੀ ਦਲ ਵਿਚ ਸ਼ਾਮਿਲ ਹੋਏ । ਇਕੱਤਰਤਾ ਮੋਕੇ ਤੇ ਸ਼ਮਸੇਰ ਸਿੰਘ ਆਦਿ ਹਾਜ਼ਰ ਸਨ।

# ਰਿਆਤ ਬਾਹਰਾ ਯੂਨੀਵਰਸਿਟੀ ਵਿਖੇ ਦੋ ਦਿਨਾਂ ਅੰਤਰਰਾਸ਼ਟਰੀ ਕਾਨਫਰੰਸ ਦਾ ਆਯੋਜਨ

**ਖਰੜ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਰਿਆਤ ਬਾਹਰਾ ਯੂਨੀਵਰਸਿਟੀ ਸਕੂਲ ਆਫ਼ ਐਗਰੀਕਲਚਰਲ ਸਾਇੰਸਿਜ਼ ਵੱਲੋਂ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਅਤੇ ਮਾਈਕ੍ਰੋਬਾਇਓਲੋਜਿਸਟ ਸੁਸਾਇਟੀ ਆਫ ਇੰਡੀਆ ਦੇ ਸਹਿਯੋਗ ਨਾਲ ਸਾਂਝੇ ਤੌਰ 'ਤੇ 'ਐਡਵਾਂਸਜ਼ ਇਨ ਐਗਰੀਕਲਚਰ ਸਾਇੰਸਜ਼' (ਆਈਸੀਏਐਸ-2024) 'ਤੇ ਪਹਿਲੀ ਦੋ ਦਿਨਾਂ ਅੰਤਰਰਾਸ਼ਟਰੀ ਕਾਨਫਰੰਸ ਦਾ ਆਯੋਜਨ ਕੀਤਾ ਗਿਆ।

ਇਸ ਕਾਨਫਰੰਸ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚੇ ਐਮਿਟੀ ਯੂਨੀਵਰਸਿਟੀ, ਮੋਹਾਲੀ ਦੇ ਵਾਈਸ-ਚਾਂਸਲਰ ਅਤੇ ਕੇਂਦਰੀ ਯੂਨੀਵਰਸਿਟੀ, ਪੰਜਾਬ ਦੇ ਸਾਬਕਾ ਵਾਈਸ-ਚਾਂਸਲਰ ਡਾ: ਰਵਿੰਦਰ ਕੇ. ਕੋਹਲੀ ਨੇ ਆਪਣੇ ਸੰਬੋਧਨ ਵਿੱਚ ਅੱਜ ਇੱਥੇ ਹਰੀ ਕ੍ਰਾਂਤੀ ਦੇ ਟਿਕਾਊ ਲਾਭਾਂ ਦੀ ਸਾਂਭ-ਸੰਭਾਲ ਲਈ ਭੂਮੀ ਦੀ ਸੰਭਾਲ ਅਤੇ ਪਾਣੀ ਦੇ ਪ੍ਰਬੰਧਨ ਦੀ ਲੋੜ 'ਤੇ ਜ਼ੋਰ ਦਿੱਤਾ।



ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਦੱਸਿਆ ਕਿ ਵਿਚਾਰਾਂ ਅਤੇ ਗਿਆਨ ਦੇ ਆਦਾਨ-ਪ੍ਰਦਾਨ ਲਈ ਹਾਈਬ੍ਰਿਡ ਮੋਡ ਵਿੱਚ ਆਯੋਜਿਤ ਕਾਨਫਰੰਸ ਵਿੱਚ ਭਾਰਤ ਅਤੇ ਵਿਦੇਸ਼ਾਂ ਤੋਂ 200 ਤੋਂ ਵੱਧ ਪ੍ਰਤੀਭਾਗੀਆਂ ਨੇ ਭਾਗ ਲਿਆ। ਇਹ ਸਮਾਗਮ ਖੇਤੀਬਾੜੀ ਖੋਜ ਅਤੇ ਨਵੀਨਤਾ ਲਈ ਸੰਸਥਾ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ, ਇਸਦੀ ਅਮੀਰ ਵਿਰਾਸਤ ਨੂੰ ਯਾਦ ਕਰਦਾ ਹੈ ਅਤੇ ਭਵਿੱਖ ਦੇ ਯਤਨਾਂ ਦੀ ਉਮੀਦ ਕਰਦਾ ਹੈ।

ਇਸ ਮੌਕੇ ਰਿਆਤ ਬਾਹਰਾ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ: ਪਰਵਿੰਦਰ ਸਿੰਘ ਨੇ ਕਿਹਾ ਕਿ ਇਹ ਕਾਨਫਰੰਸ ਇੱਕ ਅਕਾਦਮਿਕ ਸਮਾਗਮ ਅਤੇ ਵਿਚਾਰਾਂ ਦੇ ਅਦਾਨ-ਪ੍ਰਦਾਨ ਅਤੇ ਗਿਆਨ ਦੀ ਸਾਂਝ, ਵਿਚਾਰ-ਵਟਾਂਦਰੇ ਅਤੇ ਅੰਤਰ-ਅਨੁਸ਼ਾਸਨੀ ਸੰਵਾਦ ਨੂੰ ਉਤਸ਼ਾਹਤ ਕਰਨ ਵਾਲੀਆਂ ਵੱਖ-ਵੱਖ ਤਕਨਾਲੋਜੀਆਂ ਅਤੇ ਉਨ੍ਹਾਂ ਦੀਆਂ ਐਪਲੀਕੇਸ਼ਨਾਂ ਦੇ ਕਨਵਰਜੈਂਸ ਨੂੰ ਸਮਝਣ ਲਈ ਪਲੇਟਫਾਰਮ ਸੀ।ਇਸ ਤੋਂ ਪਹਿਲਾਂ ਯੂਨੀਵਰਸਿਟੀ ਸਕੂਲ ਆਫ਼ ਐਗਰੀਕਲਚਰ ਸਾਇੰਸਜ਼ ਵਿਭਾਗ ਦੀ ਮੁਖੀ ਡਾ: ਅਮਿਤਾ ਮਹਾਜਨ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ।

ਇਸ ਦੌਰਾਨ ਕਾਨਫ਼ਰੰਸ ਦੇ ਮੁੱਖ ਬੁਲਾਰਿਆਂ ਅਤੇ ਮਾਹਿਰਾਂ ਵਿੱਚ ਡਾ: ਬਲਬੀਰ ਸਿੰਘ ਖੱਡਾ, ਡਿਪਟੀ ਡਾਇਰੈਕਟਰ, ਕ੍ਰਿਸ਼ੀ ਵਿਗਿਆਨ ਕੇਂਦਰ, ਮੋਹਾਲੀ ਵੱਲੋਂ ਭਾਰਤ ਵਿੱਚ ਬੱਕਰੀ ਪਾਲਣ ਦੀਆਂ ਸੰਭਾਵਨਾਵਾਂ , ਡਾ: ਸਵਰਨਜੀਤ ਸਿੰਘ, ਡਾਇਰੈਕਟਰ, ਐਸਏਐਸ ਪੌਲੀਕਲੀਨਿਕ ਅਤੇ ਮਾਈਕਰੋਬਾਇਓਲੋਜਿਸਟ ਸੁਸਾਇਟੀ ਆਫ ਇੰਡੀਆ ਦੇ ਪ੍ਰਧਾਨ, ਚੰਡੀਗੜ੍ਹ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਬਨਸਪਤੀ ਵਿਗਿਆਨ ਵਿਭਾਗ ਤੋਂ ਪ੍ਰੋ. ਐਮ ਸੀ ਸਿੱਧੂ ਮੌਜੂਦ ਸਨ। ਸ੍ਰੀ ਬਾਲ ਮੁਕੰਦ, ਚੇਅਰਪਰਸਨ ਫੂਡ ਕਮਿਸ਼ਨ ਪੰਜਾਬ ਨੇ ਖੇਤੀ ਕਾਰੋਬਾਰ ਵਿੱਚ ਉੱਦਮ ਬਾਰੇ ਚਰਚਾ ਕੀਤੀ ।

ਇਸ ਤੋਂ ਬਾਅਦ 'ਸਸਟੇਨੇਬਲ ਐਗਰੀਕਲਚਰ ਐਂਡ ਰਿਸੋਰਸ ਮੈਨੇਜਮੈਂਟ, ਡਾ: ਰਾਜੇਸ਼ ਜਲੋਟਾ, ਸੀਨੀਅਰ ਪ੍ਰੋਜੈਕਟ ਅਫਸਰ, ਕੁਈਨਜ਼ਲੈਂਡ, ਡਿਪਾਰਟਮੈਂਟ ਆਫ਼ ਇਨਵਾਇਰਮੈਂਟ, ਸਾਇੰਸ ਐਂਡ ਇਨੋਵੇਸ਼ਨ, ਆਸਟ੍ਰੇਲੀਆ ਦੁਆਰਾ ਇੱਕ ਔਨਲਾਈਨ ਪੇਸ਼ਕਾਰੀ ਵਿੱਚ, ਭਾਗੀਦਾਰਾਂ ਨਾਲ ਖੇਤੀਬਾੜੀ ਅਤੇ ਸਰੋਤ ਪ੍ਰਬੰਧਨ ਦੇ ਟਿਕਾਊ ਵਿਕਾਸ ਦੀ ਲੋੜ 'ਤੇ ਚਰਚਾ ਕੀਤੀ ਗਈ।

ਇਸ ਤੋਂ ਬਾਅਦ ਡਾ ਅਕਸ਼ੈ ਕੁਮਾਰ ਬਿਸਵਾਲ, ਜਾਰਜੀਆ ਯੂਨੀਵਰਸਿਟੀ, ਟਿਫਟਨ ਕੈਂਪਸ, ਯੂ.ਐਸ.ਏ. ਦੁਆਰਾ ਮੂੰਗਫਲੀ ਵਿੱਚ ਬੀਜ ਦੀ ਗੁਣਵੱਤਾ ਲਈ ਪ੍ਰਜਨਨ 'ਤੇ ਇੱਕ ਔਨਲਾਈਨ ਪੇਸ਼ਕਾਰੀ ਦਿੱਤੀ ਗਈ।

ਸੈਂਟਰਲ ਫੂਡ ਟੈਕਨਾਲੋਜੀ ਰਿਸਰਚ ਇੰਸਟੀਚਿਊਟ, ਮੈਸੂਰ ਤੋਂ ਡਾ: ਰੇਣੂ ਅਗਰਵਾਲ ਨੇ ਉੱਚ ਕੀਮਤੀ ਉਤਪਾਦਾਂ ਲਈ ਖੇਤੀ ਰਹਿੰਦ-ਖੂੰਹਦ ਦੀ ਵਰਤੋਂ ਬਾਰੇ ਗੱਲ ਕੀਤੀ।

ਇਸ ਤੋਂ ਬਾਅਦ ਸਮਾਪਤੀ ਸਮਾਰੋਹ ਵਿੱਚ ਵੱਖ ਵੱਖ ਮੁਕਾਬਲਿਆਂ ਦੇ ਜੇਤੂਆਂ ਨੂੰ ਇਨਾਮ ਦਿੱਤੇ ਗਏ। ਅੰਤ ਵਿੱਚ ਖੇਤੀਬਾੜੀ ਵਿਭਾਗ ਦੇ ਪ੍ਰੋਫੈਸਰ ਡਾ.ਕੇ.ਐਸ. ਚੰਦੇਲ ਨੇ ਭਾਗ ਲੈਣ ਵਾਲਿਆਂ ਦਾ ਧੰਨਵਾਦ ਕੀਤਾ।

# ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੱਲੋਂ ਡਿਪਟੀ ਕਮਿਸ਼ਨਰਾਂ, ਪੁਲਿਸ ਕਮਿਸ਼ਨਰਾਂ ਅਤੇ ਐਸਐਸਪੀਜ਼ ਨੂੰ ਸਾਰੇ ਉਮੀਦਵਾਰਾਂ ਲਈ ਬਰਾਬਰ ਦਾ ਮਾਹੌਲ ਯਕੀਨੀ ਬਣਾਉਣ ਦੀ ਹਦਾਇਤ

**ਚੰਡੀਗੜ੍ਹ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ 2024 ਦੇ ਮੱਦੇਨਜ਼ਰ ਸੂਬੇ ਵਿੱਚ ਆਜ਼ਾਦ ਅਤੇ ਨਿਰਪੱਖ ਚੋਣ ਅਮਲ ਨੂੰ ਨੇਪਰੇ ਚਾੜ੍ਹਨ ਲਈ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਅੱਜ ਸਾਰੇ ਡਿਪਟੀ ਕਮਿਸ਼ਨਰਾਂ-ਕਮ-ਜ਼ਿਲ੍ਹਾ ਚੋਣ ਅਧਿਕਾਰੀਆਂ, ਪੁਲਿਸ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਕਪਤਾਨਾਂ (ਐਸਐਸਪੀਜ਼) ਨੂੰ ਉਮੀਦਵਾਰਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਸਾਰਿਆਂ ਲਈ ਬਰਾਬਰ ਦਾ ਮਾਹੌਲ ਯਕੀਨੀ ਬਣਾਉਣ ਲਈ ਕਿਹਾ ਹੈ । ਮੁੱਖ ਚੋਣ ਅਧਿਕਾਰੀ ਨੇ ਜ਼ੋਰ ਦੇ ਕੇ ਕਿਹਾ ਕਿ ਉਮੀਦਵਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਜ਼ਿਲ੍ਹਾ ਚੋਣ ਅਮਲੇ ਦੀ ਮੁੱਢਲੀ ਜ਼ਿੰਮੇਵਾਰੀ ਹੈ ਅਤੇ ਭਾਰਤੀ ਚੋਣ ਕਮਿਸ਼ਨ ਇਸ ਮਾਮਲੇ ਪ੍ਰਤੀ ਪੂਰੀ ਤਰ੍ਹਾਂ ਗੰਭੀਰ ਹੈ।



ਸਾਰੇ ਸਬੰਧਿਤ ਅਧਿਕਾਰੀਆਂ ਨੂੰ ਜਾਰੀ ਇੱਕ ਪੱਤਰ ਵਿੱਚ ਮੁੱਖ ਚੋਣ ਅਧਿਕਾਰੀ ਨੇ ਕਿਹਾ ਹੈ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਸੂਬੇ ਦੇ ਵੱਖ-ਵੱਖ ਹਿੱਸਿਆਂ ਤੋਂ ਚੋਣ ਪ੍ਰਚਾਰ ਵਿੱਚ ਵਿਘਨ ਪਾਉਣ ਦੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਹਨ। ਉਨ੍ਹਾਂ ਦੱਸਿਆ ਕਿ ਇਹ ਘਟਨਾਵਾਂ ਵੱਖ-ਵੱਖ ਸ਼ਿਕਾਇਤਾਂ ਅਤੇ ਮੀਡੀਆਂ ਰਿਪੋਰਟਾਂ ਰਾਹੀਂ ਸਾਹਮਣੇ ਆਈਆਂ ਹਨ, ਜਿਸ ਵਿੱਚ ਅੰਦੋਲਨਕਾਰੀ ਕਿਸਾਨਾਂ ਵੱਲੋਂ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਚੋਣ ਪ੍ਰਚਾਰ ਕਰਨ ਤੋਂ ਰੋਕਿਆ ਜਾ ਰਿਹਾ ਹੈ ਜਿਸ ਕਰਕੇ ਉਹ ਸੂਬੇ ਦੇ ਨਾਗਰਿਕਾਂ ਨੂੰ ਆਪਣੇ ਚੋਣ ਮਨੋਰਥ ਪੱਤਰ ਤੋਂ ਜਾਣੂ ਨਹੀਂ ਕਰਵਾ ਪਾ ਰਹੇ। ਉਨ੍ਹਾਂ ਕਿਹਾ ਕਿ ਅਜਿਹੀਆਂ ਕਾਰਵਾਈਆਂ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਤੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਹਨ।

ਸਿਬਿਨ ਸੀ ਨੇ ਅੱਗੇ ਕਿਹਾ ਕਿ ਇਹ ਵੀ ਦੇਖਿਆ ਗਿਆ ਹੈ ਕਿ ਸੀ.ਆਰ.ਪੀ.ਸੀ. ਦੀ ਧਾਰਾ 144 ਤਹਿਤ ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਜਾਰੀ ਹੁਕਮਾਂ ਦੇ ਬਾਵਜੂਦ ਪ੍ਰਦਰਸ਼ਨਕਾਰੀ ਕਿਸਾਨਾਂ ਵੱਲੋਂ ਬਿਨਾਂ ਇਜਾਜ਼ਤ ਦੇ ਇਕੱਠ ਕਰਨ ਤੋਂ ਇਲਾਵਾ ਲਾਊਡ ਸਪੀਕਰਾਂ ਦੀ ਵਰਤੋਂ ਵੀ ਕੀਤੀ ਜਾ ਰਹੀ ਹੈ।

ਮੁੱਖ ਚੋਣ ਅਧਿਕਾਰੀ ਨੇ ਭਾਰਤੀ ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਹ ਬਹੁਤ ਮਹੱਤਵਪੂਰਨ ਹੈ ਕਿ ਉਮੀਦਵਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦਿਆਂ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਤਾਂ ਜੋ ਉਮੀਦਵਾਰਾਂ ਨੂੰ ਚੋਣ ਪ੍ਰਚਾਰ ਲਈ ਬਰਾਬਰ ਦਾ ਮਾਹੌਲ ਪ੍ਰਦਾਨ ਕੀਤਾ ਜਾ ਸਕੇ।

ਸਿਬਿਨ ਸੀ ਨੇ ਦੁਹਰਾਇਆ ਕਿ ਜ਼ਿਲ੍ਹਿਆਂ ਵਿੱਚ ਤਾਇਨਾਤ ਸਮੂਹ ਚੋਣ ਅਮਲੇ ਦਾ ਫਰਜ਼ ਹੈ ਕਿ ਉਹ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਕਾਨੂੰਨ ਆਪਣੇ ਹੱਥ ਵਿੱਚ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਸਿਬਿਨ ਸੀ ਨੇ ਸਾਰੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਇਨ੍ਹਾਂ ਨਿਰਦੇਸ਼ਾਂ ਨੂੰ ਸਹੀ ਅਰਥਾਂ ਵਿੱਚ ਲਾਗੂ ਕਰਨਾ ਯਕੀਨੀ ਬਣਾਉਣ ਅਤੇ ਜੇਕਰ ਚੋਣ ਪ੍ਰਚਾਰ ਵਿੱਚ ਵਿਘਨ ਪਾਉਣ ਦੀ ਕੋਈ ਘਟਨਾ ਸਾਹਮਣੇ ਆਉਂਦੀ ਹੈ ਤਾਂ ਉਸ ਨੂੰ ਗੰਭੀਰਤਾ ਨਾਲ ਲੈਂਦਿਆਂ ਚੋਣ ਕਮਿਸ਼ਨ ਦੇ ਧਿਆਨ ਵਿੱਚ ਲਿਆਂਦਾ ਜਾਵੇ।

ਦੱਸਣਯੋਗ ਹੈ ਕਿ ਅੱਜ ਕਿਸਾਨਾਂ ਦੇ ਇੱਕ ਵਫ਼ਦ ਵੱਲੋਂ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨਾਲ ਉਨ੍ਹਾਂ ਦੇ ਦਫ਼ਤਰ ਵਿਖੇ ਮੁਲਾਕਾਤ ਕੀਤੀ ਗਈ ਹੈ। ਮੀਟਿੰਗ ਦੌਰਾਨ ਸਿਬਿਨ ਸੀ ਨੇ ਕਿਸਾਨ ਜਥੇਬੰਦੀਆਂ ਨੂੰ ਅਮਨ-ਕਾਨੂੰਨ ਦੀ ਸਥਿਤੀ ਬਣਾਈ ਰੱਖਣ ਅਤੇ ਸੂਬੇ ਭਰ ਵਿੱਚ ਚੋਣ ਲੜ ਰਹੇ ਉਮੀਦਵਾਰਾਂ ਦੀਆਂ ਚੋਣ ਮੁਹਿੰਮਾਂ ਵਿੱਚ ਵਿਘਨ ਨਾ ਪਾਉਣ ਦੀ ਅਪੀਲ ਕੀਤੀ ਹੈ।

# ਮਾਡਲ ਸਕੂਲ ਵਿਖੇ ਐਸ.ਬੀ.ਆਈ. ਵੱਲੋਂ ਬੱਚਿਆਂ ਦੇ ਖਾਤੇ ਖੋਲਣ ਲਈ ਲਗਾਇਆ ਗਿਆ ਵਿਸ਼ੇਸ਼ ਕੈਂਪ




**ਪਟਿਆਲਾ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਟੇਟ ਬੈਂਕ ਆਫ ਇੰਡੀਆ, ਪੰਜਾਬੀ ਯੂਨੀਵਰਸਿਟੀ ਪਟਿਆਲਾ ਸ਼ਾਖਾ ਦੇ ਉੱਚ ਅਧਿਕਾਰੀਆਂ ਨੇ ਮਾਡਲ ਸਕੂਲ ਵਿਖੇ ਦੌਰਾ ਕਰਕੇ ਬੈਂਕ ਵੱਲੋਂ ਵਿਦਿਆਰਥੀਆਂ ਦੇ ਲਾਭ ਲਈ ਚਲਾਈਆਂ ਗਈਆਂ ਵੱਖ-ਵੱਖ ਸਕੀਮਾਂ ਨੂੰ ਸਾਂਝਾ ਕੀਤਾ। ਐਸਬੀਆਈ ਟੀਮ ਦੀ ਅਗਵਾਈ ਚੀਫ ਮੈਨੇਜਰ ਹਰਿੰਦਰ ਕੁਮਾਰ ਆਸ਼ਟਾ ਨੇ ਕੀਤੀ। ਕੈਂਪ ਦੌਰਾਨ ਵਿਦਿਅਰਾਥੀਆਂ ਦੇ ਨਵੇਂ ਬੱਚਤ ਖਾਤੇ ਖੋਲੇ ਗਏ। ਵਿਦਿਆਰਥੀਆਂ ਨੂੰ ਬੈਂਕ ਵੱਲੋਂ ਦਿੱਤੀਆਂ ਜਾਂਦੀਆਂ ਨੈੱਟ ਬੈਂਕਿੰਗ ਨੂੰ ਅਤੇ ਹੋਰ ਸਹੂਲਤਾ ਬਾਰੇ ਜਾਗਰੂਕ ਕੀਤਾ ਗਿਆ। ਇਸ ਮੌਕੇ ਸਕੂਲ ਇੰਚਾਰਜ ਸਤਵੀਰ ਸਿੰਘ ਗਿੱਲ, ਹਰਪ੍ਰੀਤ ਸਿੰਘ, ਬਲਵਿੰਦਰ ਕੌਰ, ਅਨਮੋਲ ਸ਼ਰਮਾ ਅਤੇ ਮੈਡਮ ਡੌਲੀ ਹਾਜਰ ਸਨ।

# ਸਵ. ਜਗਮੋਹਨ ਸਿੰਘ ਟੱਕਰ ਦੀ ਯਾਦ ਵਿਚ ਖੂਨਦਾਨ ਕੈਂਪ ਅੱਜ

**ਮਾਛੀਵਾੜਾ ਸਾਹਿਬ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਵ. ਜਗਮੋਹਨ ਟੱਕਰ ਦੀ 12ਵੀਂ ਬਰਸੀ ਮੌਕੇ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਖੂਨਦਾਨ ਕੈਂਪ ਭਲਕੇ 12 ਮਈ ਦਿਨ ਸ਼ਨੀਵਾਰ ਨੂੰ ਸਮਰਾਲਾ ਰੋਡ 'ਤੇ ਐੱਚ.ਡੀ.ਐੱਫ.ਸੀ. ਬੈਂਕ ਨੇਡ ? ਲਗਾਇਆ ਜਾ ਰਿਹਾ ਹੈ। ਮਾਛੀਵਾਡ ?ਾ ਸਾਹਿਬ ਸੋਸ਼ਲ ਵੈਲਫੇਅਰ ਸੁਸਾਇਟੀ ਵਲੋਂ ਲਗਾਏ ਜਾ ਰਹੇ ਖੂਨਦਾਨ ਕੈਂਪ ਵਿਚ ਸ੍ਰੀ ਗੁਰੂ ਹਰਕ੍ਰਿਸ਼ਨ ਸੁਪਰਸਪੈਸ਼ਲਿਟੀ ਹਸਪਤਾਲ ਦੀ ਟੀਮ ਵਲੋਂ ਖੂਨ ਇਕੱਤਰ ਕੀਤਾ ਜਾਵੇਗਾ।

ਇਸ ਮੌਕੇ ਸਮਾਜ ਸੇਵੀ ਸ਼ਿਵ ਕੁਮਾਰ ਸ਼ਿਵਲੀ ਨੇ ਦੱਸਿਆ ਕਿ ਸਵ. ਜਗਮੋਹਨ ਸਿੰਘ ਟੱਕਰ ਦੀ ਯਾਦ ਵਿਚ ਲਗਾਏ ਜਾ ਰਹੇ ਕੈਂਪ ਦਾ ਮੁੱਖ ਉਦੇਸ਼ ਲੋਕਾਂ ਨੂੰ ਵੱਧ ਤੋਂ ਵੱਧ ਖੂਨਦਾਨ ਕਰਨ ਲਈ ਪ੍ਰੇਰਿਤ ਕਰਨਾ ਹੈ ਤਾਂ ਜੋ ਕੀਮਤੀ ਜਾਨਾਂ ਬਚਾਈਆਂ ਜਾ ਸਕਣ।

ਉਨ੍ਹਾਂ ਨੌਜਵਾਨਾਂ ਨੂੰ ਕੈਂਪ ਵਿਚ ਵਧ ਚੜ੍ਹ ਕੇ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ। ਇਸ ਮੌਕੇ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਜਾਵੇਗਾ।

# ਗਰਮੀ ਅਤੇ ਲੂਅ ਤੋਂ ਬਚਣ ਲਈ ਪੀਓ ਵੱਧ ਤੋਂ ਵੱਧ ਤਰਲ ਪਦਾਰਥ : ਡਿਪਟੀ ਕਮਿਸ਼ਨਰ

**ਫਾਜ਼ਿਲਕਾ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਨੇ ਲੋਕਾਂ ਨੂੰ ਗਰਮੀ ਅਤੇ ਲੂ ਤੋਂ ਬਚਣ ਲਈ ਸਿਹਤ ਵਿਭਾਗ ਵੱਲੋਂ ਜਾਰੀ ਸਾਵਧਾਨੀਆਂ ਵਰਤਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਗਰਮੀ ਅਤੇ ਲੂ ਤੋਂ ਬਚਣ ਲਈ ਵੱਧ ਤੋਂ ਵੱਧ ਤਰਲ ਪਦਾਰਥਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

ਉਨ੍ਹਾਂ ਦੱਸਿਆ ਕਿ ਗਰਮ ਹਵਾਵਾਂ ਸਾਡੀ ਤ੍ਰੇਹ (ਪਿਆਸ) ਵਧਾਉਣ ਦੇ ਨਾਲ ਨਾਲ ਸਾਡੇ ਸਰੀਰ ਖਾਸ ਕਰਕੇ ਅੱਖਾਂ ਅਤੇ ਚਮੜੀ ਨੂੰ ਪੂਰੀ ਤਰ੍ਹਾਂ ਝੁਲਸਾ ਦਿੰਦੀਆਂ ਹਨ । ਜ਼ਿਆਦਾ ਗਰਮੀ ਹੋਣ ਤੇ ਸਾਡਾ ਸਰੀਰ ਪਸੀਨੇ ਦੇ ਰੂਪ ਵਿੱਚ ਗਰਮੀ ਬਾਹਰ ਕੱਢਦਾ ਹੈ ਅਤੇ ਤਾਪਮਾਨ ਨੂੰ ਨਿਯੰਤਰਿਤ ਰੱਖਦਾ ਹੈ। ਜਿਸ ਨਾਲ ਸਰੀਰ ਵਿੱਚ ਪਾਣੀ ਦੀ ਕਮੀ ਹੋ ਜਾਂਦੀ ਹੈ। ਇੱਕ ਨਿਸ਼ਚਿਤ ਸੀਮਾ ਤੋਂ ਬਾਅਦ ਸਾਡੇ ਸਰੀਰ ਦਾ ਇਹ ਸਿਸਟਮ ਕੰਮ ਕਰਨਾ ਬੰਦ ਕਰ ਦਿੰਦਾ ਹੈ ਅਤੇ ਸਰੀਰ ਬਾਹਰ ਦੇ ਤਾਪਮਾਨ ਦੇ ਸਮਾਨ ਗਰਮ ਹੋ ਜਾਂਦਾ ਹੈ। ਜਿਸ ਨੂੰ ਲੂਅ ਲੱਗਣਾ ਕਹਿੰਦੇ ਜਾਂ ਫਿਰ ਹੀਟ ਸਟ੍ਰੋਕ ਕਹਿੰਦੇ ਹਨ।

ਉਨ੍ਹਾਂ ਕਿਹਾ ਕਿ ਗਰਮੀ ਜਾਂ ਲੂਅ ਲੱਗਣ ਦੇ ਲੱਛਣ ਜਿਸ ਵਿਚ ਅੱਖਾਂ ਦੇ ਸਾਹਮਣੇ ਹਨੇਰਾ ਛਾ ਜਾਣਾ, ਚੱਕਰ ਖਾ ਕੇ ਡਿੱਗ ਪੈਣਾ, ਗੱਲ ਸਮਝਣ ਵਿਚ ਮੁਸ਼ਕਲ ਆਉਣੀ, ਚਿੜਚਿੜਾਪਣ, ਜੁਬਾਨ ਦਾ ਲੜਖੜਾਉਣਾ, ਤੁਰਨ ਸਮੇਂ ਲੜਖੜਾਉਣਾ, ਦੌਰਾ ਪੈਣਾ ਆਦਿ, ਬੇਚੈਨੀ ਅਤੇ ਘਬਰਾਹਟ , ਹਲਕਾ ਜਾਂ ਤੇਜ਼ ਬੁਖਾਰ, ਜੀਅ ਖਰਾਬ ਹੋਣਾ, ਲੋੜ ਤੋਂ ਜ਼ਿਆਦਾ ਪਿਆਸ ਲੱਗਣਾ, ਸਿਰ ਵਿਚ ਤੇਜ਼ ਦਰਦ ਅਤੇ ਉਲਟੀਆਂ ਆਉਣਾ, ਕਮਜ਼ੋਰੀ ਮਹਿਸੂਸ ਹੋਣਾ, ਗਰਮੀ ਕਰਕੇ ਪਿੱਤ ਦਾ ਹੋਣਾ, ਗਰਮੀ ਦੇ ਬਾਵਜੂਦ ਪਸੀਨਾ ਘੱਟ ਆਉਣਾ, ਮਾਸ਼ ਪੇਸ਼ੀਆਂ ਵਿੱਚ ਦਰਦ, ਲਾਲ, ਗਰਮ ਅਤੇ ਖੁਸ਼ਕ ਚਮੜੀ ਆਦਿ ਹਨ। ਲੂ ਲੱਗਣ ਵਿੱਚ ਮਰੀਜ਼ ਨੂੰ ਪਸੀਨਾ ਆਉਂਦੇ ਰਹਿਣਾ ਇੱਕ ਵਧੀਆ ਲੱਛਣ ਹੈ, ਇਸ ਨਾਲ ਸਰੀਰ ਦਾ ਤਾਪਮਾਨ ਸਥਿਰ ਰਹਿੰਦਾ ਹੈ ।

ਗਰਮੀ ਅਤੇ ਲੂ ਲਗਣ ਦੀ ਖ਼ਤਰਨਾਕ ਸਥਿਤੀ ਜਿਸ ਵਿਚ ਤੇਜ਼ ਬੁਖਾਰ, ਜੋ 40 ਡਿਗਰੀ ਸੈਲਸੀਅਸ ਜਾਂ 104-105 ਡਿਗਰੀ ਫਾਰਨਹਾਈਟ ਤੋਂ ਜ਼ਿਆਦਾ ਹੋਵੇ, ਸਰੀਰ ਦੇ ਗਰਮ ਹੋਣ ਉੱਤੇ ਪਸੀਨਾ ਆਉਣਾ ਬੰਦ ਹੋ ਜਾਵੇ ਅਤੇ ਚਮੜੀ ਰੁੱਖੀ ਰੁੱਖੀ ਹੋ ਜਾਵੇ, ਮਰੀਜ਼ ਦਾ ਬੇਹੋਸ਼ ਹੋ ਜਾਣਾ, ਘਬਰਾਹਟ ਹੋਣਾ ਹਨ। ਉਨ੍ਹਾਂ ਕਿਹਾ ਕਿ ਲੂ ਦੇ ਲੱਛਣ ਨਜ਼ਰ ਆਉਣ ਵਿਅਕਤੀ ਨੂੰ ਛਾਵੇਂ ਬਿਠਾ ਦਿੱਤਾ ਜਾਵੇ, ਵਿਅਕਤੀ ਦੇ ਕੱਪੜੇ ਢਿੱਲੇ ਕਰ ਦਿੱਤੇ ਜਾਣ, ਵਿਅਕਤੀ ਨੂੰ ਪੀਣ ਲਈ ਤਰਲ ਪਦਾਰਥ ਦਿੱਤਾ ਜਾਵੇ, ਸਰੀਰ ਦੇ ਤਾਪਮਾਨ ਨੂੰ ਘੱਟ ਕਰਨ ਦੇ ਲਈ ਠੰਢੇ ਪਾਣੀ ਦੀਆਂ ਪੱਟੀਆਂ ਕੀਤੀਆਂ ਜਾਣ, ਠੰਡੇ ਪਾਣੀ ਨਾਲ ਭਰੇ ਬਾਥ ਟੱਬ ਵਿੱਚ ਮਰੀਜ਼ ਨੂੰ ਗਲੇ ਤੱਕ ਲਿਟਾਇਆ ਜਾ ਸਕਦਾ ਹੈ, ਬੁਖਾਰ ਨੂੰ ਘੱਟ ਕਰਨ ਲਈ ਡਾਕਟਰ ਦੀ ਸਲਾਹ ਤੋਂ ਬਿਨ੍ਹਾ ਆਮ ਦਵਾਈਆਂ ਦਾ ਪ੍ਰਯੋਗ ਨਾ ਕੀਤਾ ਜਾਵੇ, ਮਰੀਜ਼ ਨੂੰ ਜਿੰਨੀ ਜਲਦੀ ਹੋ ਸਕੇ ਹਸਪਤਾਲ ਲੈ ਕੇ ਜਾਇਆ ਜਾਵੇ ।

ਉਨ੍ਹਾਂ ਕਿਹਾ ਕਿ ਗਰਮੀ ਚ ਲੂਅ ਤੋਂ ਬਚਣ ਦੇ ਲਈ ਘਰ ਤੋਂ ਬਾਹਰ ਨਿਕਲਣਾ ਹੋਵੇ ਤਾਂ ਜ਼ਿਆਦਾ ਮਾਤਰਾ ਵਿੱਚ ਪਾਣੀ ਪੀਤਾ ਜਾਵੇ , ਸੂਤੀ, ਹਲਕੇ ਅਤੇ ਆਰਾਮਦਾਇਕ ਕੱਪੜੇ ਪਾ ਕੇ ਅਤੇ ਸਿਰ ਨੂੰ ਢੱਕ ਕੇ ਰੱਖਿਆ ਜਾਵੇ , ਤਰਲ ਪਦਾਰਥਾਂ ਜਿਵੇਂ ਪਾਣੀ, ਨਿੰਬੂ ਪਾਣੀ, ਲੱਸੀ, ਓ.ਆਰ.ਐੱਸ. ਦੇ ਘੋਲ ਦਾ ਵੱਧ ਤੋਂ ਵੱਧ ਸੇਵਨ ਕੀਤਾ ਜਾਵੇ , ਦੁਪਹਿਰ ਦੇ ਵੇਲੇ ਘਰ ਤੋਂ ਬਾਹਰ ਬਹੁਤ ਜਿਆਦਾ ਜਰੂਰੀ ਹੋਣ ਤੇ ਹੀ ਨਿਕਲਿਆ ਜਾਵੇ । ਉਨ੍ਹਾਂ ਕਿਹਾ ਕਿ ਇਸ ਦੌਰਾਨ ਖਾਲੀ ਪੇਟ ਘਰੋਂ ਬਾਹਰ ਨਾ ਨਿਕਲਿਆ ਜਾਵੇ, ਜ਼ਿਆਦਾ ਮਿਰਚ ਅਤੇ ਮਸਾਲੇਦਾਰ ਭੋਜਨ ਤੋਂ ਪ੍ਰਹੇਜ਼ ਕੀਤਾ ਜਾਵੇ , ਕੂਲਰ ਜਾਂ ਏ.ਸੀ. ਵਾਲੇ ਕਮਰੇ ਵਿੱਚ ਬੈਠਣ ਤੋਂ ਬਾਅਦ ਇੱਕ ਦਮ ਧੁੱਪ ਵਿੱਚ ਨਾ ਨਿਕਲਿਆ ਜਾਵੇ,ਦੁਪਹਿਰ ਦੇ ਸਮੇਂ ਘਰ ਤੋਂ ਬਾਹਰ ਨਾ ਨਿਕਲਿਆ ਜਾਵੇ।

ਇਸ ਮੌਕੇ ਡਾ ਕਵਿਤਾ ਸਿੰਘ ਜਿਲ੍ਹਾ ਪਰਿਵਾਰ ਭਲਾਈ ਅਫ਼ਸਰਨੇ ਕਿਹਾ ਕਿ ਸਿਹਤ ਵਿਭਾਗ ਦੁਆਰਾ ਲੂਅ ਤੋਂ ਬਚਣ ਲਈ ਦੱਸੀਆਂ ਗਈਆਂ ਸਾਵਧਾਨੀਆਂ ਨੂੰ ਅਮਲ ਵਿੱਚ ਲਿਆ ਕੇ ਘਰ ਵਿੱਚ ਰਹੋ, ਸੁਰੱਖਿਅਤ ਰਹੋ ਤੇ ਸਵਸਥ ਰਹੋ। ਉਹਨਾ ਕਿਹਾ ਕਿ ਬੱਚਿਆਂ, ਬਜ਼ੁਰਗਾਂ ਅਤੇ ਗਰਭਵਤੀ ਔਰਤਾਂ ਨੂੰ ਗਰਮੀ ਲੱਗਣ ਦਾ ਖਤਰਾ ਜ਼ਿਆਦਾ ਹੁੰਦਾ ਹੈ। ਉਹਨਾਂ ਕਿਹਾ ਕਿ ਸਿਹਤ ਵਿਭਾਗ ਦੇ ਸਮੂਹ ਅਧਿਕਾਰੀਆਂ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਆਪਣੇ ਅਧੀਨ ਏਰੀਆ ਵਿੱਚ ਸਿਹਤ ਸਟਾਫ ਅਤੇ ਸਮਾਜ ਸੇਵੀ ਸੰਸਥਾਵਾਂ ਅਤੇ ਮੀਡੀਏ ਦੇ ਸਹਿਯੋਗ ਨਾਲੇ ਆਮ ਜਨਤਾ ਨੂੰ ਲੂਅ ਤੋਂ ਬਚਣ ਲਈ ਜਾਗਰੂਕ ਕੀਤਾ ਜਾਵੇ।

# ਸਿਡਬੀ ਅਤੇ ਪਟਿਆਲਾ ਹੈਂਡੀਕਰਾਫਟ ਸੁਸਾਇਟੀ ਵੱਲੋਂ ਪੰਜਾਬ ਦੀ ਮਸ਼ਹੂਰ ਹੱਥ ਕੜਾਈ ਫੁਲਕਾਰੀ ਦੇ ਪ੍ਰੋਗਰਾਮ ਦੀ ਕੀਤੀ ਸ਼ੁਰੂਆਤ

**ਪਟਿਆਲਾ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਦੀ ਪਟਿਆਲਾ ਹੈਂਡੀਕ੍ਰਾਫਟ ਵਰਕਸ਼ਾਪ ਕੋਆਪਰੇਟਿਵ ਇੰਡਸਟਰੀ ਸੁਸਾਇਟੀ ਲਿਮੀਟੇਡ ਵੱਲੋਂ ਭਾਰਤ ਲਘੂ ਉਦਯੋਗ ਵਿਕਾਸ ਬੈਂਕ ਸੀਡਬੀ ਦੇ ਸਹਿਯੋਗ ਨਾਲ ਪਿੰਡਾਂ ਦੇ ਖੇਤਰ ਦੀਆਂ ਐਸ.ਸੀ. ਓਬੀਸੀ ਬੀਪੀਐਲ ਦੀਆਂ ਮਹਿਲਾਵਾਂ ਅਤੇ ਕੁੜੀਆਂ ਦੇ ਲਈ ਸਵੈ ਰੁਜ਼ਗਾਰ ਅਪਣਾਉਣ ਲਈ ਉਹਨਾਂ ਨੂੰ ਵਿਕਸਿਤ ਕਰਨ ਲਈ ਇਕ ਵਿਕਾਸ ਪ੍ਰੋਗਰਾਮ ਦੇ ਤਹਿਤ ਬਹਾਦਰਗੜ੍ਹ ਦੇ ਦਾਸ ਕੇ ਧਰਮਸ਼ਾਲਾ ਪਿੰਡ ਰਾਏਪੁਰ ਮੰਡਲਾ ਡਾਕ ਘਰ ਬਹਾਦਰਗੜ੍ਹ ਘਨੌਰ ਰੋਡ ਤਹਿਸੀਲ ਰਾਜਪੁਰਾ ਜਿਲਾ ਪਟਿਆਲਾ ਵਿਖੇ ਇੱਕ ਇਕ ਪੰਜਾਬ ਦੀ ਹੱਥ ਕਲਾ ਘੜਾਈ ਫੁਲਕਾਰੀ ਦੇ ਲਈ ਅਰਜੀਆਂ ਲਿਤੀਆਂ ਗਈਆਂ ਇਹਦੇ ਲਈ ਉੱਚ ਕਮੇਟੀ ਗਠਿਤ ਕੀਤੀ ਗਈ ਜਿਸ ਦੇ ਵਿੱਚ ਏਡੀਸੀ ਗ੍ਰਾਮੀਨ ਵਿਕਾਸ ਪਟਿਆਲਾ ਸ਼੍ਰੀ ਹਰਜਿੰਦਰ ਸਿੰਘ ਆਈਏਐਸ ਵੱਲੋਂ ਸ੍ਰੀ ਉਪਿੰਦਰ ਸਿੰਘ ਬਲਾਕ ਪ੍ਰੋਗਰਾਮ ਮੈਨੇਜਰ ਨੂੰ ਵਿਸ਼ੇਸ਼ ਰੂਪ ਵਿੱਚ ਭੇਜਿਆ ਗਿਆ ਡੀਆਈਸੀ ਸ੍ਰੀ ਅੰਗਦ ਸਿੰਘ ਸੋਹੀ ਮਹਾ ਪ੍ਰਬੰਧਕ ਵੱਲੋਂ ਸ੍ਰੀਮਤੀ ਪਰਨੀਤ ਕੌਰ ਉਚ ਉਦੋਗਿਕ ਸਰਬਵਰਤਨ ਅਧਿਕਾਰੀ ਅਤੇ ਸ੍ਰੀ ਓਂਕਾਰਦੀਪ ਸਿੰਘ ਬਲਾਕ ਵਿਸਤਾਰ ਅਧਿਕਾਰੀ ਨੂੰ ਭੇਜਿਆ ਗਿਆ ਪਟਿਆਲਾ ਕੇਂਦਰੀ ਸਹਿਕਾਰੀ ਬੈਂਕ ਦੇ ਸ੍ਰੀ ਰਾਕੇਸ਼ ਗੋਇਲ ਜਿਲਾ ਪ੍ਰਧਾਨ ਵੱਲੋਂ ਸ੍ਰੀ ਕੇਸ਼ਵ ਗੁਪਤਾ ਵਿਸ਼ੇਸ਼ ਪ੍ਰਬੰਧਕ ਅਤੇ ਸ੍ਰੀ ਮੁਕੇਸ਼ ਕੁਮਾਰ ਸਹਾਇਕ ਪ੍ਰਬੰਧਕ ਨੂੰ ਭੇਜਿਆ ਗਿਆ ਇਸ ਤੋਂ ਇਲਾਵਾ ਸ਼੍ਰੀਮਤੀ ਰੇਖਾ ਮਾਨ ਪ੍ਰਧਾਨ ਦੀ ਪਟਿਆਲਾ ਹੈਂਡੀਕਰਾਫਟ ਵਰਕਸ਼ਾਪ ਕੋਆਪਰੇਟਿਵ ਇੰਡਸਟਰੀ ਸੁਸਾਇਟੀ ਲਿਮਿਟਡ ਅਤੇ ਰਾਸ਼ਟਰੀ ਜੋਤੀ ਕਲਾਵਾਂਜ ਦੇ ਨਿਰਦੇਸ਼ਕ ਰਾਕੇਸ਼ ਠਾਕੁਰ ਨੇ ਵੀ ਹਿੱਸਾ ਲਿਆ ਇਸ ਵਿੱਚ 44 ਲੜਕੀਆਂ ਦੀਆਂ ਅਰਜ਼ੀਆਂ ਪ੍ਰਾਪਤ ਹੋਈਆਂ ਜਿਹਦੇ ਵਿੱਚ 30 ਲੜਕੀਆਂ ਨੂੰ ਟ੍ਰੇਨਿੰਗ ਲਈ ਚੁਣਿਆ ਗਿਆ ਜੋ ਕਿ ਮੈਰਿਟ ਦੇ ਆਧਾਰ ਤੇ ਚੁਣਿਆ ਗਿਆ ਇਹ ਕੋਰਸ ਤਿੰਨ ਮਹੀਨੇ ਚੱਲੇਗਾ ਜੋ ਕਿ ਅੱਜ ਤੋਂ ਸ਼ੁਰੂ ਹੋ ਗਿਆ ਹੈ ਇਸ ਕੋਰਸ ਦਾ ਮੁੱਖ ਉਦੇਸ਼ ਸਵੇਰ ਰੁਜਗਾਰ ਨੂੰ ਪ੍ਰੋਤਸਾਹਿਤ ਕਰਨਾ ਹੈ ਸ੍ਰੀਮਤੀ ਰੇਖਾਂ ਮਾਨ ਦੁਆਰਾ ਆਉਣ ਵਾਲੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।

# ਅੰਤਰਰਾਸ਼ਟਰੀ ਰੈਡ ਕਰਾਸ ਦਿਵਸ ਮੌਕੇ ਨੌਜਵਾਨਾਂ ਵਲੋਂ ਖ਼ੂਨਦਾਨ ਕਰਨਾ ਸ਼ਲਾਘਾਯੋਗ ਕਦਮ : ਪਰਮਿੰਦਰ ਕੌਰ ਮਨਚੰਦਾ

**ਪਟਿਆਲਾ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰੈਡ ਕਰਾਸ ਨਸਾ ਛਡਾਊ ਅਤੇ ਪੁਨਰਵਾਸ ਕੇਂਦਰ ਸਾਕੇਤ ਹਸਪਤਾਲ ਪਟਿਆਲਾ ਵਲੋਂ ਅੰਤਰਰਾਸ਼ਟਰੀ ਰੈਡ ਕਰਾਸ ਦਿਵਸ ਦੇ ਸਬੰਧ ਵਿੱਚ ਇੰਡੀਅਨ ਰੈਡ ਕਰਾਸ ਸੁਸਾਇਟੀ ਸਟੇਟ ਬ੍ਰਾਚ ਚੰਡੀਗੜ੍ਹ ਦੇ ਸਕੱਤਰ ਸ਼ਿਵਦੁਲਾਰ ਸਿੰਘ ਢਿੱਲੋਂ ਰਿਟਾਇਰ ਆਈ ਏ ਐਸ ਦੀ ਸਰਪ੍ਰਸਤੀ ਹੇਠ ਅਤੇ ਸਮਾਜ ਸੇਵੀ ਸੰਸਥਾਵਾਂ ਪਾਵਰ ਹਾਊਸ ਯੂਥ ਕਲੱਬ, ਯੂਥ ਫੈਡਰੇਸ਼ਨ ਆਫ ਇੰਡਿਆ, ਯੂਵਕ ਸੇਵਾਵਾਂ ਕਲੱਬ ਦੀਪ ਨਗਰ, ਯੂਵਕ ਸੇਵਾਵਾਂ ਪਾਵਰ ਹਾਊਸ ਯੂਥ ਕਲੱਬ ਰਣਜੀਤ ਨਗਰ ਦੇ ਸਹਿਯੋਗ ਨਾਲ ਸਾਕੇਤ ਹਸਪਤਾਲ ਦੇ ਪ੍ਰੋਜੈਕਟ ਡਾਇਰੈਕਟਰ ਪਰਮਿੰਦਰ ਕੌਰ ਮਨਚੰਦਾ ਦੀ ਅਗਵਾਈ ਹੇਠ ਸਰਕਾਰੀ ਰਾਜਿੰਦਰਾ ਹਸਪਤਾਲ ਵਿਖੇ ਖੂਨਦਾਨ ਕੈਂਪ ਲਗਾਇਆ ਗਿਆ ਜਿਸ ਵਿੱਚ ਮੁੱਖ ਮਹਿਮਾਨ ਏ ਐਸ ਆਈ ਜਪਨਾਮ ਸਿੰਘ ਚੋਕੀ ਇੰਚਾਰਜ ਰਾਜਿੰਦਰਾ ਹਸਪਤਾਲ ਅਤੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸਾ ਮੁਕਤ ਭਾਰਤ ਅਭਿਆਨ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਸਟੇਟ ਐਵਾਰਡੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸਾ ਮੁਕਤ ਭਾਰਤ ਅਭਿਆਨ ਅਤੇ ਉਪਕਾਰ ਸਿੰਘ ਪ੍ਰਧਾਨ ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ ਨੇ ਕੀਤੀ।



**ਅੰਤਰਰਾਸ਼ਟਰੀ ਰੈੱਡ ਕਰਾਸ ਦਿਵਸ ਦੇ ਸਬੰਧ ਵਿੱਚ ਖੂਨਦਾਨੀਆਂ ਦੀ ਹੋਸਲਾ ਅਫਜ਼ਾਈ ਕਰਦੇ ਹੋਏ ਪ੍ਰੋਜੈਕਟ ਡਾਇਰੈਕਟਰ ਪਰਮਿੰਦਰ ਕੌਰ ਮਨਚੰਦਾ, ਏ ਐਸ ਆਈ ਜਪਨਾਮ ਸਿੰਘ, ਪਰਮਿੰਦਰ ਭਲਵਾਨ, ਜਤਵਿੰਦਰ ਗਰੇਵਾਲ ਅਤੇ ਹੋਰ ਮੈਂਬਰ**

ਵਿਸ਼ੇਸ਼ ਤੌਰ 'ਤੇ ਸਾਕੇਤ ਹਸਪਤਾਲ ਦੇ ਕੋਸਲਰ ਰਣਜੀਤ ਕੌਰ, ਕੌਂਸਲਰ ਪਰਮਿੰਦਰ ਕੌਰ ਵਰਮਾ, ਜਸਪ੍ਰੀਤ ਸਿੰਘ, ਗੁਰਮੀਤ ਸਿੰਘ, ਸਟੇਟ ਐਵਾਰਡੀ ਰੁਪਿੰਦਰ ਕੌਰ ਰੁਦਰਪ੍ਰਤਾਪ ਸਿੰਘ, ਲੱਕੀ ਹਰਦਾਸਪੁਰ ਨੇ ਸ਼ਿਰਕਤ ਕੀਤੀ ਇਸ ਮੌਕੇ ਸੰਬੋਧਨ ਕਰਦਿਆਂ ਏ.ਐਸ.ਆਈ ਜਪਨਾਮ ਸਿੰਘ, ਪ੍ਰੋਜੈਕਟ ਡਾਇਰੈਕਟਰ ਪਰਮਿੰਦਰ ਕੌਰ ਮਨਚੰਦਾ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਅੰਤਰਰਾਸ਼ਟਰੀ ਰੈੱਡ ਕਰਾਸ ਦਿਵਸ ਹਰ ਸਾਲ 12 ਮਈ ਨੂੰ ਸਰ ਜੀਨ ਹੈਨਰੀ ਡੀਊਨਾ ਦੇ ਮਾਨਵਤਾ ਵਾਦੀ ਕਾਰਜਾਂ ਅਤੇ ਜੰਗ ਦੋਰਾਨ ਜ਼ਖ਼ਮੀ ਸੈਨਿਕਾਂ ਦੀ ਸੁਰੱਖਿਆ ਸੇਵਾ ਸੰਭਾਲ ਦੀ ਯਾਦ ਵਿੱਚ ਪੂਰੇ ਵਿਸ਼ਵ ਵਿਚ ਮਨਾਇਆ ਜਾਂਦਾ ਹੈ ਉਹਨਾਂ ਕਿਹਾ ਕਿ ਸਾਲ 1859 ਵਿਚ ਸੈਨਫਰੀਨੋ ਵਿਚ ਜੰਗ ਦੋਰਾਨ ਤਕਰੀਬਨ 40 ਹਜ਼ਾਰ ਸੈਨਿਕ ਗੰਭੀਰ ਰੂਪ ਵਿਚ ਜ਼ਖ਼ਮੀ ਹੋਏ ਸਨ। ਇਸ ਦੌਰਾਨ ਸਰ ਜੀਨ ਹੈਨਰੀ ਡੀਊਨਾ ਦੀ ਸੇਵਾ ਕਰਨ ਨਾਲ 28 ਹਜ਼ਾਰ ਸੈਨਿਕਾਂ ਦੀ ਜਾਨ ਬਚ ਗਈ ਸੀ, ਇਸ ਲਈ 1863 ਵਿਚ ਅੰਤਰਰਾਸ਼ਟਰੀ ਰੈੱਡ ਕਰਾਸ ਦਿਵਸ ਨੂੰ ਲਾਗੂ ਕੀਤਾ ਗਿਆ ਅਤੇ ਪੂਰੇ ਵਿਸ਼ਵ ਵਿਚ 12 ਮਈ ਨੂੰ ਅੰਤਰਰਾਸ਼ਟਰੀ ਰੈੱਡ ਕਰਾਸ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ।

ਇਸ ਮੌਕੇ ਉਹਨਾਂ ਖੂਨਦਾਨੀਆਂ ਦੀ ਹੌਂਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਖ਼ੂਨਦਾਨ ਸਭ ਦਾਨਾਂ ਤੋਂ ਉੱਤਮ ਦਾਨ ਹੈ, ਇਸ ਲਈ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਖੂਨਦਾਨ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਸਰਕਾਰੀ ਰਾਜਿੰਦਰਾ ਹਸਪਤਾਲ ਬਲੱਡ ਬੈਂਕ ਦੀ ਟੀਮ ਵੱਲੋਂ ਬਲੱਡ ਇੱਕਤਰ ਕੀਤਾ ਗਿਆ।

# ਟਾਈਟਨ ਵਰਲਡ ਲੈ ਕੇ ਆਏ ਹਨ ਮਦਰਜ਼ ਡੇ ਦੇ ਮੌਕੇ 'ਤੇ ਦਿਲ ਨੂੰ ਛੂਹਣ ਵਾਲੀ ਮੁਹਿੰਮ

**ਅੰਮ੍ਰਿਤਸਰ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਸਭ ਤੋਂ ਵਿਆਪਕ ਵਾਚ ਰਿਟੇਲ ਨੈਟਵਰਕ ਟਾਈਟਨ ਵਰਲਡ, ਮਦਰਜ਼ ਡੇ ਦੇ ਜਸ਼ਨ ਵਿੱਚ ਲੈ ਕੇ ਆਏ ਹਨ ਦਿਲ ਨੂੰ ਛੂਹਣ ਵਾਲੀ ਮੁਹਿੰਮ ਜੋ ਤੁਹਾਡੇ ਜੀਵਨ ਵਿੱਚ ਸਭ ਤੋਂ ਮਹੱਤਵਪੂਰਨ ਔਰਤ-ਤੁਹਾਡੀ ਮਾਂ ਨਾਲ ਸਮਾਂ ਬਿਤਾਉਣ ਦੇ ਮਹੱਤਵ ਨੂੰ ਉਜਾਗਰ ਕਰਦਾ ਹੈ। ਇਹ ਮੁਹਿੰਮ ਮਾਂ ਅਤੇ ਬੇਟੇ ਦੇ ਵਿੱਚ ਗਹਿਰੇ ਰਿਸ਼ਤੇ ਨੂੰ ਖੂਬਸੂਰਤੀ ਨਾਲ ਪੇਂਟ ਕਰਦਾ ਹੈ ਜਿਸਦੇ ਤਹਿਤ ਉਪਭੋਗਤਾ ਟਾਈਟਨ ਵਰਲਡ ਸਟੋਰ ਵਿੱਚ ਆਪਣੀ ਮਾਂ ਨੂੰ ਵਿਲੱਖਣ ਸਰਪ੍ਰਾਈਜ਼ ਦੇ ਸਕਦੇ ਹਨ। ਫਿਲਮ ਤੁਹਾਡੀ ਮਾਂ ਦੇ ਪ੍ਰਤੀ ਪਿਆਰ ਦੇ ਪ੍ਰਗਟਾਵੇ ਵਜੋਂ ਉਨ੍ਹਾਂ ਨਾਲ ਬਿਤਾਏ ਜਾਣ ਵਾਲੇ ਹਰ ਪਲ 'ਤੇ ਚਾਨਣਾ ਪਾਉਂਦੀ ਹੈ ਜੋ ਨਿਰਸਵਾਰਥ ਭਾਵ ਨਾਲ ਆਪਣੇ ਪਰਿਵਾਰ ਦੀ ਦੇਖਭਾਲ ਕਰਦੀ ਹੈ ਅਤੇ ਆਪਣਾ ਸਮਾਂ ਪਰਿਵਾਰ ਨੂੰ ਸਮਰਪਿਤ ਕਰ ਦਿੰਦੀ ਹੈ। ਇਸ ਮਦਰਜ਼ ਡੇ, ਟਾਈਟਨ ਵਰਲਡ ਆਪਣੇ ਗਾਹਕਾਂ ਲਈ ਇੱਕ ਸੁਨਹਿਰੀ ਮੌਕਾ ਲੈ ਕੇ ਆਏ ਹਨ ਜਿਸਦੇ ਤਹਿਤ ਉਹ ਸਟੋਰ ਵਿੱਚ ਖੁਸ਼ੀ ਦੇ ਜਸ਼ਨ ਵਿੱਚ ਸ਼ਾਮਿਲ ਹੋ ਕੇ ਆਪਣੀ ਮਾਂ ਨੂੰ ਸਰਪ੍ਰਾਈਜ਼ ਦੇ ਸਕਦੇ ਹਨ ਅਤੇ ਉਨ੍ਹਾਂ ਨੂੰ ਯਾਦਗਾਰ ਅਨੁਭਵ ਪ੍ਰਦਾਨ ਕਰ ਸਕਦੇ ਹਨ। ਇਸ ਮੁਹਿੰਮ ਦੇ ਤਹਿਤ ਟਾਈਟਨ ਵਰਲਡ ਦੇ ਚੋਣਵੇਂ ਸਟੋਰਾਂ ਨੂੰ ਖੂਬਸੂਰਤ ਸਜਾਵਟ ਕੇਕ ਫੁੱਲਾਂ ਨਾਲ ਸਜਾ ਕੇ ਵਧੀਆ ਜਸ਼ਨ ਦੇ ਲਈ ਤਿਆਰ ਕੀਤਾ ਜਾਵੇਗਾ। ਇਸੇ ਕ੍ਰਮ ਵਿੱਚ ਗਾਹਕ ਹੈਂਡ-ਪੇਂਟਿੰਗ ਗਤੀਵਿਧੀ ਵਿੱਚ ਹਿੱਸਾ ਲੈ ਸਕਦੇ ਹਨ ਜਿਸ ਨੂੰ ਵਿਲੱਖਣ ਬੰਧਨ ਦੇ ਪ੍ਰਤੀਕ ਦੇ ਰੂਪ ਵਿੱਚ ਯਾਦਗਾਰੀ ਚਿੰਨ੍ਹ ਦੀ ਤਰ੍ਹਾਂ ਤਿਆਰ ਕੀਤਾ ਜਾਵੇਗਾ। ਇਹ ਗਤੀਵਿਧੀਆਂ ਮਾਤਾਵਾਂ ਨੂੰ ਉਨ੍ਹਾਂ ਦੇ ਪਰਿਵਾਰ ਦੇ ਨਾਲ ਸਹੀ ਅਰਥਾਂ ਵਿੱਚ ਪਿਆਰ ਅਤੇ ਪ੍ਰਸ਼ੰਸਾ ਦੇ ਕੁੱਝ ਯਾਦਗਾਰ ਪਲ ਬਿਤਾਉਣ ਦਾ ਮੌਕਾ ਦੇਣਗੀਆਂ।

ਇਸ ਮੌਕੇ 'ਤੇ ਸ਼੍ਰੀ ਰਾਹੁਲ ਸ਼ੁਕਲਾ, ਵਾਈਸ ਪ੍ਰੈਜ਼ੀਡੈਂਟ ਅਤੇ ਚੀਫ ਸੇਲਜ਼ ਐਂਡ ਮਾਰਕੀਟਿੰਗ ਅਫਸਰ- ਟਾਈਟਨ ਵਾਚਜ਼ ਨੇ ਕਿਹਾ, "ਅੱਜ ਦੇ ਦੌਰ ਵਿੱਚ ਟਾਈਟਨ ਵਰਲਡ ਵਿੱਚ ਅਜਿਹੀ ਮੁਹਿੰਮ ਲੈ ਕੇ ਆਏ ਹਾਂ ਜੋ ਅਜਿਹੀ ਔਰਤ ਦੇ ਨਾਲ ਗੁਣਵੱਤਾ ਸਮਾਂ ਬਿਤਾਉਣ ਦੇ ਮਹੱਤਵ ਨੂੰ ਉਜਾਗਰ ਕਰਦਾ ਹੈ ਜਿਸਨੇ ਆਪਣੀ ਪੂਰੀ ਜ਼ਿੰਦਗੀ ਸਾਨੂੰ ਮਾਪ ਦੇਣ ਲਈ ਸਮਰਪਿਤ ਕਰ ਦਿੱਤੀ ਹੈ। ਸਾਨੂੰ ਖੁਸ਼ੀ ਹੈ ਕਿ ਅਸੀਂ ਸਟੋਰ ਵਿੱਚ ਗਾਹਕਾਂ ਦੇ ਲਈ ਇਹ ਵਿਲੱਖਣ ਅਨੁਭਵ ਲੈ ਕੇ ਆਏ ਹਾਂ ਜੋ ਯਕੀਨੀ ਬਣਾਵੇਗਾ ਕਿ ਇਹ ਦਿਨ ਤੁਹਾਡੀ ਮਾਂ ਦੇ ਲਈ ਅਤੇ ਤੁਹਾਡੇ ਲਈ ਯਾਦਗਾਰ ਬਣ ਜਾਵੇ। ਇਸ ਤੋਂ ਇਲਾਵਾ ਤੁਸੀਂ ਟਾਈਟਨ ਵੱਲੋਂ ਅਨੇਕਾਂ ਵਿਕਲਪਾਂ ਵਿੱਚੋਂ ਆਪਣੀ ਪਸੰਦ ਦੇ ਵਿਕਲਪ ਚੁਣ ਸਕਦੇ ਹੋ ਜਿਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਸ਼ੈਲੀਆਂ ਅਤੇ ਸ਼ਖਸੀਅਤਾਂ ਨੂੰ ਧਿਆਨ ਵਿਚ ਰੱਖ ਕੇ ਡਿਜ਼ਾਈਨ ਕੀਤਾ ਗਿਆ ਹੈ।" ਉਪਭੋਗਤਾ ਐਕਸਕਲੂਜਿਵ ਤੌਰ ਤੇ ਮਾਲ ਰੋਡ, ਸਟੋਰ, ਵਿਖੇ ਸਥਿਤ ਸਾਡੇ ਸਟੋਰਾਂ ਵਿੱਚ ਮਦਰਜ਼ ਡੇ ਦੇ ਜਸ਼ਨ ਦਾ ਅਨੰਦਮਈ ਅਨੁਭਵ ਪਾ ਸਕਦੇ ਹਨ। ਇਸਦੇ ਲਈ ਸਾਨੂੰ ਇਮੇਲ ਕਰੋ mothersday@titan.co.in ਅਤੇ ਟਾਈਟਨ ਵਰਲਡ ਵਿੱਚ ਸਹੀ ਅਰਥਾਂ ਵਿੱਚ ਖਾਸ ਜਸ਼ਨ ਦਾ ਆਨੰਦ ਮਾਣੋ।

# 1 ਜੂਨ ਨੂੰ ਪਰਿਵਾਰਕ ਸਮਾਜਿਕ ਡਿਊਟੀ ਦਿਵਸ ਵਜੋਂ ਮਨਾਉਣ ਦੀ ਅਪੀਲ




ਪਟਿਆਲਾ, 12 ਮਈ
ਪਰਮਿੰਦਰ/ਗਰੇਵਾਲ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਸਵੀਪ ਟੀਮ ਪਟਿਆਲਾ ਵੱਲੋਂ ਸਰਕਾਰੀ ਆਈ.ਟੀ.ਆਈ ਲੜਕੇ ਵਿਖੇ ਵਿਸ਼ੇਸ਼ ਵੋਟਰ ਜਾਗਰੂਕਤਾ ਕੈਂਪ ਲਗਾਇਆ ਗਿਆ। ਨੋਡਲ ਅਫਸਰ ਡਾ.ਐਸ.ਐਸ.ਰੇਖੀ ਨੇ ਵਿਦਿਆਰਥੀ ਵੋਟਰਾਂ ਸਮੇਤ ਪਹਿਲੀ ਵਾਰ ਵੋਟ ਪਾਓਣ ਜਾ ਰਹੀਆ ਵਿਦਿਆਰਥਣਾਂ ਨੂੰ 1 ਜੂਨ ਨੂੰ ਪਰਿਵਾਰਕ ਸਮਾਜਿਕ ਡਿਊਟੀ ਦਿਵਸ ਵਜੋਂ ਮਨਾਉਣ ਦੀ ਅਪੀਲ ਕੀਤੀ। ਇਸ ਦਿਨ ਲੋਕ ਸਭਾ ਚੋਣਾ ਲਈ ਪਰਿਵਾਰ ਦੇ ਸਾਰੇ ਯੋਗ ਮੈਂਬਰ ਵੋਟ ਪਾਉਣਗੇ ਅਤੇ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੈ, ਉਹ ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਵੋਟ ਪਾਉਣ ਲਈ ਪ੍ਰੇਰਿਤ ਕਰਨਗੇ। ਵਿਦਿਆਰਥੀਆਂ ਨੂੰ ਉਨ੍ਹਾਂ ਦੇ ਨੇੜਲੇ ਇਲਾਕੇ ਵਿੱਚ ਘਰ-ਘਰ ਜਾ ਕੇ ਵੋਟ ਪਾਉਣ ਦੇ ਪ੍ਰਚਾਰ ਕਰਨ ਲਈ ਉਤਸ਼ਾਹਿਤ ਕੀਤਾ ਗਿਆ। ਇਸ ਮੌਕੇ ਹਾਜ਼ਰ ਸਾਰਿਆਂ ਨੂੰ ਵੋਟਰ ਸਹੁੰ ਚੁਕਾਈ ਗਈ। ਸਵੀਪ ਟੀਮ ਵਲੋ ਈ.ਸੀ.ਆਈ ਐਪਸ ਅਤੇ ਵੋਟ ਫਰੋਮ ਹੋਮ-12 ਡੀ ਫਾਰਮ ਦੀ ਜਾਣਕਾਰੀ ਵੀ ਦਿੱਤੀ ਗਈ ਅਤੇ ਵਿਦਿਆਰਥੀਆਂ ਨੂੰ ਇਹ ਜਾਣਕਾਰੀ ਆਪਣੇ ਆਲੇ-ਦੁਆਲੇ ਫੈਲਾਉਣ ਦੀ ਅਪੀਲ ਕੀਤੀ ਗਈ। ਆਈ.ਟੀ.ਆਈ ਦੇ ਪਿਸੀਪਲ ਸ੍ਰੀ ਹਰਦੀਪ ਟੋਹੜਾ ਅਤੇ ਸਵੀਪ ਨੋਡਲ ਅਫ਼ਸਰ ਜਗਦੀਪ ਸਿੰਘ ਜੋਸ਼ੀ ਨੇ ਵੀ ਵਿਦਿਆਰਥੀਆਂ ਨੂੰ 01 ਜੂਨ ਨੂੰ ਵੱਧ ਤੋਂ ਵੱਧ ਮਤਦਾਨ ਲਈ ਜਾਗਰੂਕਤਾ ਮੁਹਿੰਮ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਹਾਇਕ ਨੋਡਲ ਅਫ਼ਸਰ ਮੋਹਿਤ ਕੋਸਲ ਅਤੇ ਅਵਤਾਰ ਸਿੰਘ ਹਾਜ਼ਰ ਸਨ।

# ਵਾਲਮੀਕਿ ਭਾਈਚਾਰੇ ਨੇ ਕਰਵਾਈ ਅਕਾਲੀ ਦਲ ਉਮੀਦਵਾਰ ਐਨ.ਕੇ. ਸ਼ਰਮਾ ਦੇ ਹੱਕ ਵਿੱਚ ਵਿਸ਼ਾਲ ਜਨ ਸਭਾ

ਪਟਿਆਲਾ, 12 ਮਈ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-



ਸਥਾਨਕ ਲਾਹੋਰੀ ਗੇਟ ਅਧੀਨ ਆਉਂਦੇ ਗਾਂਧੀ ਨਗਰ ਵਿਖੇ ਵਾਲਮੀਕਿ ਧਰਮ ਸਭਾ ਦੇ ਸਹਿਯੋਗ ਨਾਲ ਇਲਾਕੇ ਦੇ ਸਮੂਹ ਵਾਲਮੀਕਿ ਭਾਈਚਾਰੇ ਵਲੋਂ ਦਲਿਤ ਅਤੇ ਅਕਾਲੀ ਦਲ ਦੇ ਸੀਨੀਅਰ ਆਗੂ ਨਰੇਸ਼ ਕੁਮਾਰ ਨਿੰਦੀ ਦੀ ਅਗਵਾਈ ਵਿੱਚ ਲੋਕ ਸਭਾ ਪਟਿਆਲਾ ਦੇ ਸਿਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਨ.ਕੇ. ਸ਼ਰਮਾ ਦੇ ਹੱਕ ਵਿੱਚ ਇੱਕ ਵਿਸ਼ਾਲ ਜਨ ਸਭਾ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਉਹਨਾਂ ਦੇ ਨਾਲ ਅਕਾਲੀ ਦਲ ਦੇ ਸੀਨੀਅਰ ਆਗੂ ਇੰਦਰਮੋਹਨ ਸਿੰਘ ਬਜਾਜ, ਸ਼ਹਿਰੀ ਪ੍ਰਧਾਨ ਅਮੀਤ ਸਿੰਘ ਰਾਠੀ, ਹਲਕਾ ਇੰਚਾਰਜ ਅਮਰਿੰਦਰ ਸਿੰਘ ਬਜਾਜ, ਸੋਨੂੰ ਮਾਜਰੀ, ਸੀਮਾ ਵੈਦ ਆਦਿ ਆਗੂਆਂ ਵਲੋਂ ਵੀ ਸ਼ਮੂਲੀਅਤ ਕੀਤੀ ਗਈ। ਇਸ ਦੌਰਾਨ ਉਮੀਦਵਾਰ ਐਨ.ਕੇ. ਸ਼ਰਮਾ ਗਾਂਧੀ ਨਗਰ ਸਥਿਤ ਭਗਵਾਨ ਵਾਲਮੀਕਿ ਮੰਦਿਰ ਵਿਖੇ ਨਤਮਸਤਕ ਹੋਏ ਜਿੱਥੇ ਕਿ ਵਾਲਮੀਕਿ ਧਰਮ ਸਭਾ ਦੇ ਪ੍ਰਧਾਨ ਰਾਜੇਸ਼ ਕੁਮਾਰ ਕਾਲਾ, ਨਰੇਸ਼ ਕੁਮਾਰ ਨਿੰਦੀ ਵਲੋਂ ਉਹਨਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਵਾਲਮੀਕਿ ਭਾਈਚਾਰੇ ਦੇ ਜਨਸਮੂੰਹ ਦੇ ਰੂਬਰੂ ਹੁੰਦਿਆਂ ਅਕਾਲੀ ਦਲ ਦੀਆਂ ਪਿਛਲੀਆਂ ਕਾਰਗੁਜਾਰੀਆਂ ਨੂੰ ਯਾਦ ਕਰਵਾਦਿਆਂ ਐਨ.ਕੇ. ਸ਼ਰਮਾ ਨੇ ਕਿਹਾ ਕਿ ਪਿਛਲੀ ਕਾਂਗਰਸ ਸਰਕਾਰ ਅਤੇ ਮੋਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲੋਕਾਂ ਨਾਲ ਜਿਹੜੇ ਵਾਅਦੇ ਕੀਤੇ ਸਨ ਉਹ ਸਬ ਝੂਠੇ ਸਾਬਤ ਹੋਏ ਹਨ, ਚਾਹੇ ਉਹ ਗੁਟਕਾ ਸਾਹਿਬ ਦੀ ਸੋਂਹ ਖਾ ਕੇ ਮੁਕਰਜਾਣਾ ਹੋਵੇ ਅਤੇ ਪੰਜਾਬ ਦੇ ਮਹਿਲਾਂ ਵਰਗ ਨੂੰ ਚਾਹੇ 1000 ਰੁਪਏ ਪ੍ਰਤੀ ਦੇਣ ਦੇ ਵਾਅਦੇ ਹੋਣ। ਇਨ੍ਹਾਂ ਪਾਰਟੀਆਂ ਨੇ ਝੂਠੇ ਵਾਅਦੇ ਕਰ ਲੋਕਾਂ ਨੂੰ ਸਬਜਬਾਗ ਵਿਖਾਕੇ ਸਰਕਾਰਾਂ ਤਾਂ ਬਣਾ ਲਈਆਂ ਸਨ ਪਰ ਹੁਣ ਇਨ੍ਹਾਂ ਨੂੰ ਸਬਕ ਸਿਖਾਉਣ ਦਾ ਸਮਾਂ ਲੋਕਾਂ ਹੱਥ ਆ ਚੁੱਕਿਆ ਹੈ।

ਉਨ੍ਹਾਂ ਕਿਹਾ ਕਿ ਵਾਲਮੀਕਿ ਭਾਈਚਾਰਾ ਅਕਾਲੀ ਦਲ ਦਾ ਇੱਕ ਮਜਬੂਤ ਅੰਗ ਹੈ, ਜਿਸਨੇ ਸਮੇਂ-ਸਮੇਂ ਅਨੁਸਾਰ ਪਾਰਟੀ ਨੂੰ ਸੱਤਾ ਤੇ ਕਾਬਜ ਕਰਵਾਉਣ ਲਈ ਅਹਿਮ ਭੂਮਿਕਾ ਅਦਾ ਕੀਤੀ ਹੈ। ਉਹਨਾਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਦੌਰਾਨ ਦਲਿਤ, ਪੱਛੜੇ ਸਮਾਜ ਹਿੱਤ ਵਿੱਚ ਅਨੇਕਾਂ ਜਿੱਥੇ ਲੋਕ ਭਲਾਈ ਨੀਤੀਆਂ ਨੂੰ ਲਾਗੂ ਕੀਤਾ ਗਿਆ ਸੀ ਉੱਥੇ ਹੀ ਅੰਮ੍ਰਿਤਸਰ ਵਿਖੇ ਵਾਲਮੀਕਿ ਤੀਰਥ ਦਾ ਨਿਰਮਾਣ ਕਰਵਾਕੇ ਉੱਥੇ 250 ਕਰੋੜ ਰੁਪਏ ਦੀ ਲਾਗਤ ਨਾਲ ਭਗਵਾਨ ਵਾਲਮੀਕਿ ਦੀ ਸੋਨੇ ਦੀ ਮੁਰਤੀ ਨੂੰ ਸਥਾਪਤ ਕਰਵਾਕੇ ਸਮਾਜ ਦੀਆਂ ਧਾਰਮਿਕ ਭਾਵਨਾਂਵਾ ਦਾ ਵਿਸ਼ੇਸ਼ ਸਨਮਾਨ ਵੀ ਅਕਾਲੀ ਦਲ ਦੀ ਸਰਕਾਰ ਦੌਰਾਨ ਹੀ ਕੀਤਾ ਗਿਆ। ਇਸ ਮੌਕੇ ਵਾਲਮੀਕਿ ਧਰਮ ਸਭਾ ਦੇ ਪ੍ਰਧਾਨ ਰਾਜੇਸ਼ ਕੁਮਾਰ ਕਾਲਾ, ਸਰਪ੍ਰਸਤ ਨਰੇਸ਼ ਕੁਮਾਰ ਨਿੰਦੀ, ਵਾਲਮੀਕਿ ਆਟੋ ਯੂਨੀਅਨ ਪ੍ਰਧਾਨ ਸੰਦੀਪ ਕੁਮਾਰ ਸੰਭੂ, ਅਕਾਲੀ ਦਲ ਸੀਨੀਅਰ ਆਗੂ ਲਵਲੀ ਅਛੂਤ, ਮੋਹਨ ਲਾਲ ਅਟਵਾਲ, ਕ੍ਰਿਸ਼ਨ ਕੁਮਾਰ ਕਾਕਾ, ਨਰਿੰਦਰ ਕੁਮਾਰ, ਜੀਵਨ ਲਾਲ, ਗਾਮਾ, ਵਿਸ਼ਾਲ ਕੁਮਾਰ, ਸੁਭਾਸ਼ ਚੰਦ, ਵਿਜੇ ਕੁਮਾਰ, ਸੰਜੀਵ ਕੁਮਾਰ, ਲਛਮਨ ਦਾਸ, ਸ਼ਿਵ ਰਾਮ ਅਰੋੜਾ, ਮਨਦੀਪ ਸਿੰਘ, ਰਮਨ ਕੁਮਾਰ ਆਦਿ ਹਾਜਰ ਸਨ।

# ਧੂਰੀ ਦੇ ਪਾਰਟੀ ਵਰਕਰਾਂ ਅਤੇ ਸ਼ਹਿਰ ਵਾਸੀਆਂ ਨੇ ਅਰਵਿੰਦ ਖੰਨਾ ਨੂੰ ਟਿਕਟ ਮਿਲਣ 'ਤੇ ਲੱਡੂ ਵੰਡ ਕੇ ਅਤੇ ਨੱਚ ਕੇ ਖੁਸ਼ੀ ਮਨਾਈ



ਧੂਰੀ, 12 ਮਈ/ ਅਮਿਤ ਗੁਪਤਾ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਜਨਤਾ ਪਾਰਟੀ ਵੱਲੋਂ ਕੱਲ ਐਲਾਨੇ ਗਏ ਉਮੀਦਵਾਰਾਂ ਦੇ ਨਾਮ ਤੋਂ ਬਾਅਦ ਅੱਜ ਧੂਰੀ ਵਿਖੇ ਪਾਰਟੀ ਵਰਕਰਾਂ ਅਤੇ ਸ਼ਹਿਰ ਵਾਸੀਆਂ ਨੇ ਧੂਰੀ ਦੇ ਤ੍ਰਿਵੈਣੀ ਚੌਂਕ ਵਿਖੇ ਲੱਡੂ ਵੰਡ ਕੇ ਅਤੇ ਨੱਚ ਕੇ ਖੁਸ਼ੀ ਮਨਾਈ ਇਸ ਮੌਕੇ ਅਰਵਿੰਦ ਖੰਨਾ ਜ਼ਿੰਦਾਬਾਦ ਦੇ ਨਾਅਰੇ ਵੀ ਲਗਾਏ ਗਏ। ਧੂਰੀ ਦੀ ਲੀਡਰਸ਼ਿਪ ਵੱਲੋਂ ਹਾਈ ਕਮਾਂਡ ਦਾ ਧੰਨਵਾਦ ਕਰਦੇ ਕਿਹਾ ਕਿ ਉਨ੍ਹਾ ਸੰਗਰੂਰ ਦੇ ਲਈ ਇੱਕ ਜੇਤੂ ਉਮੀਦਵਾਰ ਦਿੱਤਾ ਹੈ ਜੋ ਕਿ ਪਾਰਲੀਮੈਂਟ ਚ' ਵਿੱਚ ਜਾ ਕੇ ਸੰਗਰੂਰ ਦੇ ਲਈ ਵੱਡੇ ਪ੍ਰੋਜੈਕਟ ਲੈ ਕੇ ਆਣਗੇ ਜਿਸ ਨਾਲ ਸੰਗਰੂਰ ਦੇ ਲੋਕਾਂ ਨੂੰ ਆ ਰਹੀਆਂ ਮੁਸ਼ਕਿਲਾਂ ਤੋਂ ਛੁਟਕਾਰਾ ਮਿਲ ਜਾਵੇ। ਸੰਗਰੂਰ ਦੇ ਵਿੱਚ ਵਿਕਾਸ ਗੱਲ ਕੀਤੀ ਜਾਵੇ ਤਾਂ ਪਿਛਲੇ 10 ਸਾਲ ਤੋਂ ਸੰਗਰੂਰ ਦਾ ਵਿਕਾਸ ਨਹੀਂ ਹੋਇਆ। ਕਿਉਂਕਿ ਪਿਛਲੇ ਅੱਠ ਸਾਲ ਮੈਂਬਰ ਪਾਰਲੀਮੈਂਟ ਭਗਵੰਤ ਸਿੰਘ ਮਾਨ ਵੱਲੋਂ ਸੰਗਰੂਰ ਦੇ ਲਈ ਕਿਸੇ ਵੀ ਤਰ੍ਹਾਂ ਦੇ ਵੱਡੇ ਪ੍ਰੋਜੈਕਟਾਂ ਦੀ ਮੰਗ ਨਹੀਂ ਕੀਤੀ, ਸਗੋਂ ਭਾਰਤੀ ਜਨਤਾ ਪਾਰਟੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿੱਚ ਕਮੀਆਂ ਲੱਭਣ ਦਾ ਕੰਮ ਕਰਦੇ ਰਹੇਂ ਸਨ। ਭਗਵੰਤ ਮਾਨ ਦੇ ਸੀਐਮ ਬਣਨ ਮਗਰੋਂ ਜਮੀਨੀ ਚੋਣਾਂ ਵਿੱਚ ਸਿਮਰਜੀਤ ਸਿੰਘ ਮਾਨ ਜੀ ਮੈਂਬਰ ਪਾਰਲੀਮੈਂਟ ਬਣੇਂ, ਤਾਂ ਲੋਕਾਂ ਦੇ ਵਿੱਚ ਆਸ ਬਣੀ ਕਿ ਹੁਣ ਇਹ ਸ਼ੰਗਰੂਰ ਦੇ ਲਈ ਕੁਝ ਕਰਨਗੇ। ਪਰ ਇਹਨਾਂ ਵੱਲੋਂ ਵੀ ਡੇਢ ਸਾਲ ਦੇ ਵਿੱਚ ਕੋਈ ਵਿਕਾਸ ਦਾ ਕੰਮ ਨਹੀਂ ਕੀਤੀ ਗਿਆ। ਜਿਸ ਨਾਲ ਸੰਗਰੂਰ ਅਤੇ ਸੰਗਰੂਰ ਦੇ ਵਿੱਚ ਆਉਂਦੇ ਹਲਕਾ ਦੀਆਂ ਮੁਸ਼ਕਿਲਾਂ ਦਾ ਹੱਲ ਹੋ ਸਕਦਾ ਜਿਵੇਂ ਦੇਖਿਆ ਜਾਂਦਾ ਹੈ ਕਿ ਧੂਰੀ ਦੇ ਮੇਨ ਫਾਟਕ ਜੋ ਕਿ 24 ਘੰਟਿਆਂ ਦੇ ਵਿੱਚੋਂ 20 ਘੰਟੇ ਬੰਦ ਰਹਿੰਦੇ ਹਨ ਉਸ ਦਾ ਵੀ ਕੋਈ ਹੱਲ ਨਹੀਂ ਕਰਵਾ ਸਕੇ। ਅਰਵਿੰਦ ਖੰਨਾ ਜੀ ਨੂੰ ਹਾਈ ਕਮਾਂਡ ਵੱਲੋਂ ਟਿਕਟ ਦੇ ਕੇ ਸੰਗਰੂਰ ਦੇ ਹੱਥ ਮਜਬੂਤ ਕੀਤੇ ਹਨ ਅਤੇ ਅਸੀਂ ਵੀ ਹਾਈ ਕਮਾਂਡ ਨੂੰ ਵਿਸ਼ਵਾਸ ਦਿਵਾਉਂਦੇ ਹਾਂ ਕੀ ਧੂਰੀ ਦੇ ਲੋਕ ਵੀ ਅਰਵਿੰਦ ਖੰਨਾ ਜੀ ਨੂੰ ਵੱਧ ਤੋਂ ਵੱਧ ਵੋਟਾਂ ਮੈਂਬਰ ਪਾਰਲੀਮੈਂਟ ਚੁਣ ਕੇ ਸਾਂਸਦ ਦੇ ਵਿੱਚ ਭੇਜਣਗੇ। ਇਸ ਮੌਕੇ ਤੇ ਬਲਾਕ ਪ੍ਰਧਾਨ ਅਰੁਣ ਆਰਿਆ, ਬਰਜੇਸ਼ਵਰ ਗੋਇਲ ਕਾਰਜਕਾਰੀ ਮੈਂਬਰ, ਪ੍ਰਦੀਪ ਗਰਗ ਜ਼ਿਲ੍ਹਾ ਜਨਰਲ ਸੈਕਟਰੀ, ਕਮਲਜੀਤ ਗਰਗ ਜ਼ਿਲ੍ਹਾ ਵਾਈਸ ਪ੍ਰਧਾਨ, ਦੀਪਕ ਸਰੀਨ,ਰਮਨ ਬਾਂਸਲ, ਅਸ਼ਵਨੀ ਬਾਂਸਲ,ਨਵਦੀਪ ਗੋਇਲ ਜਨਰਲ ਸਕੱਤਰ ਮੰਡਲ, ਹਰੀਸ਼ ਸ਼ਰਮਾ ਯੁਵਾ ਮੋਰਚਾ ਪ੍ਰਧਾਨ ਧੂਰੀ, ਚੰਦਰਸ਼ੇਖਰ, ਅਸ਼ੀਸ਼ ਗਰਗ ਜ਼ਿਲ੍ਹਾ ਮੀਡੀਆ ਕਨਵੀਨਰ, ਭੂਪੇਸ਼ ਜਿੰਦਲ ਜ਼ਿਲ੍ਹਾ ਵਾਈਸ ਪ੍ਰਧਾਨ , ਨੀਲੂ ਮਿੱਤਲ ਜ਼ਿਲ੍ਹਾ ਵਾਈਸ ਪ੍ਰਧਾਨ, ਸੁਮਿਤਰਾ ਸ਼ਰਮਾ ਮਹਿਲਾ ਮੋਰਚਾ ਸੰਗਰੂਰ, ਬਾਦਲ ਦੀਕਸ਼ਿਤ ਪ੍ਰਭਾਰੀ ਧੂਰੀ, ਜਗਦੇਵ ਜੱਗਾ ਪੰਜਾਬ ਕਾਰਜ ਕਰਨੀ ਮੈਂਬਰ, ਅਸ਼ਵਨੀ ਮਿੱਠੂ ਐਮ ਸੀ ਧੂਰੀ ਅਤੇ ਧੂਰੀ ਦੀ ਸਮੂਹ ਲੀਡਰਸ਼ਿਪ ਇਸ ਮੌਕੇ ਤੇ ਹਾਜ਼ਰ ਰਹੀ ਜਿਨ੍ਹਾਂ ਨੇ ਅਰਵਿੰਦ ਖੰਨਾ ਜੀ ਨੂੰ ਟਿਕਟ ਮਿਲਣ ਦੀ ਖੁਸ਼ੀ ਮਨਾਈ।

# ਡੀ.ਏ.ਵੀ. ਪਬਲਿਕ ਸਕੂਲ ਪਟਿਆਲਾ ਵਿਖੇ ਮਨਾਇਆ ਮਾਂ ਦਿਵਸ



ਪਟਿਆਲਾ, 12 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਡੀ.ਏ.ਵੀ ਪਬਲਿਕ ਸਕੂਲ ਭੁਪਿੰਦਰਾ ਰੋਡ ਪਟਿਆਲਾ ਵਿਖੇ ਜੂਨੀਅਰ ਗਰੁੱਪ ਵਿੱਚ ਸ਼੍ਰੀਮਤੀ ਮਿਨਾਕਸ਼ੀ ਸ਼ਰਮਾ (ਐਕਟੀਵਿਟੀ ਇੰਚਾਰਜ ਪ੍ਰੀ-ਪ੍ਰਾਇਮਰੀ) ਦੀ ਅਗਵਾਈ ਹੇਠ ਮਾਂ ਦਿਵਸ ਮਨਾਇਆ ਗਿਆ। ਮੁੱਖ ਮਹਿਮਾਨ ਸ਼੍ਰੀਮਤੀ ਅਨੂ ਤਿਵਾਰੀ ਦਾ ਸੁਆਗਤ ਕੋਆਰਡੀਨੇਟਰ ਸ਼੍ਰੀਮਤੀ ਇੰਦਰਬੀਰ ਮਾਰਿਆ ਅਤੇ ਕਿੰਡਰਗਾਰਟਨ ਅਧਿਆਪਕਾਂ ਨੇ ਕੀਤਾ। ਸਟੇਜ ਸੰਭਾਲਣ ਦੀ ਜਿੰਮੇਵਾਰੀ ਸ਼੍ਰੀਮਤੀ ਮੋਨਿਕਾ ਕੌਸ਼ਲ ਨੇ ਨਿਭਾਈ। ਕਲਾਸ UKG ਦੇ ਛੋਟੇ ਬੱਚਿਆਂ ਨੇ ਮਾਂ ਦੇ ਪਿਆਰ ਅਤੇ ਸਮਰਪਣ 'ਤੇ ਕੋਰੀਓਗ੍ਰਾਫੀ ਪੇਸ਼ ਕੀਤੀ।LKG ਅਤੇ UKG ਦੇ ਵਿਦਿਆਰਥੀਆਂ ਨੇ ਮਾਂ ਦਿਵਸ 'ਤੇ ਕਵਿਤਾਵਾਂ ਦਾ ਪਾਠ ਕੀਤਾ।ਸੀਨੀਅਰ ਗਰੁੱਪ ਲਈ ਕਵਿਤਾ ਉਚਾਰਨ (ਇੰਟਰ ਹਾਊਸ) ਹਿੰਦੀ ਅਤੇ ਪੰਜਾਬੀ ਵਿੱਚ IV ,V ਜਮਾਤ ਦੇ ਵਿਦਿਆਰਥੀਆਂ ਲਈ ਮਾਂ ਵਿਸ਼ੇ 'ਤੇ ਮੁਕਾਬਲੇ ਕਰਵਾਏ ਗਏ। ਹਿੰਦੀ ਵਿਭਾਗ ਵੱਲੋਂ ਸ੍ਰੀਮਤੀ ਅਵਿਨਾਸ਼ ਕੌਸ਼ਿਕ ਤੇ ਹਿੰਦੀ ਵਿਭਾਗ ਦੇ ਹੋਰ ਮੈਂਬਰ ਸ੍ਰੀਮਤੀ ਰਚਨਾ ਸ਼ਰਮਾ, ਸ੍ਰੀਮਤੀ ਰਿਧੀ ਸਿੰਗਲਾ, ਸ੍ਰੀਮਤੀ ਮਨੀਸ਼ਾ ਰਾਣੀ, ਪੰਜਾਬੀ ਵਿਭਾਗ ਤੋਂ ਸ੍ਰੀਮਤੀ ਰਮਨਦੀਪ ਕੌਰ ਅਤੇ ਕੁਲਦੀਪ ਕੌਰ ਦੀ ਅਗਵਾਈ ਸ਼ਲਾਘਾਯੋਗ ਸੀ। ਹਿੰਦੀ ਕਵਿਤਾ ਉਚਾਰਨ ਮੁਕਾਬਲੇ ਵਿੱਚ ਗੁਰੂਦੇਵ ਟੈਗੋਰ ਹਾਊਸ ਨੇ ਪਹਿਲਾ, ਮਹਾਤਮਾ ਹੰਸਰਾਜ ਹਾਊਸ ਨੇ ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਪੰਜਾਬੀ ਕਵਿਤਾ ਗਾਇਨ ਮੁਕਾਬਲੇ ਵਿੱਚ ਮਹਾਰਿਸ਼ੀ ਦਯਾਨੰਦ ਹਾਊਸ ਨੇ ਪਹਿਲਾ, ਸਵਾਮੀ ਵਿਵੇਕਾਨੰਦ ਹਾਊਸ ਨੇ ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਵਿਜੇਤਾ ਸਥਾਨ ਗੁਰੂਦੇਵ ਟੈਗੋਰ ਹਾਊਸ ਨੇ ਹਾਸਲ ਕੀਤਾ।ਪ੍ਰਿੰਸੀਪਲ ਸ਼੍ਰੀ ਵਿਵੇਕ ਤਿਵਾਰੀ ਨੇ ਜੇਤੂਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਮਾਂ ਹਰ ਇਨਸਾਨ ਦੀ ਪਹਿਲੀ ਅਧਿਆਪਕਾ ਹੁੰਦੀ ਹੈ ਜੋ ਹਰ ਬੱਚੇ ਨੂੰ ਆਪਣੇ ਜੀਵਨ ਦਾ ਪਹਿਲਾ ਸਬਕ ਦਿੰਦੀ ਹੈ।ਉਹ ਗਿਆਨ ਦਾ ਖਜ਼ਾਨਾ ਹੈ, ਪਿਆਰ ਨਾਲ ਭਰਪੂਰ ਹੈ। ਇਸ ਲਈ ਹਮੇਸ਼ਾ ਮਾਂ ਦਾ ਸਤਿਕਾਰ ਕਰੋ।

# ਬੱਸ ਦੀ ਟੱਕਰ ਨਾਲ ਔਰਤ ਦੀ ਮੌਤ, ਬਾਈਕ 'ਤੇ ਜਾ ਰਹੇ ਸਨ ਮਾਸੀ-ਭਤੀਜਾ

ਫਾਜ਼ਿਲਕਾ, 12 ਮਈ/ ਕਪਿਲ ਖੱਤਰੀ
-ਕੌਮੀ ਪੱਤ੍ਰਿਕਾ ਬਿਊਰੋ-



ਫਾਜ਼ਿਲਕਾ 'ਚ ਇਕ ਨਿੱਜੀ ਬੱਸ ਚਾਲਕ ਨੇ ਮੋਟਰਸਾਈਕਲ ਸਵਾਰ ਦੋ ਵਿਅਕਤੀਆਂ ਨੂੰ ਟੱਕਰ ਮਾਰ ਦਿੱਤੀ। ਜਿਸ ਕਾਰਨ ਇਕ ਔਰਤ ਦੀ ਮੌਤ ਹੋ ਗਈ ਜਦਕਿ ਉਸ ਦਾ ਭਤੀਜਾ ਜ਼ਖਮੀ ਹੋ ਗਿਆ। ਬੱਸ ਡਰਾਈਵਰ ਮੌਕੇ ਤੋਂ ਫ਼ਰਾਰ ਹੋ ਗਿਆ ਤਾਂ ਲੋਕਾਂ ਨੇ ਕੰਡਕਟਰ ਨੂੰ ਫੜ ਲਿਆ। ਅਤੇ ਕਾਰਵਾਈ ਦੀ ਮੰਗ ਕੀਤੀ ਜਾ ਰਹੀ ਹੈ।

ਪਿੰਡ ਬੱਦੀ ਦੇ ਵਸਨੀਕ ਸੁਨੀਲ ਕੁਮਾਰ ਨੇ ਦੱਸਿਆ ਕਿ ਉਹ ਚੱਲ ਰਹੇ ਕਣਕ ਦੇ ਸੀਜ਼ਨ ਦੌਰਾਨ ਦਾਣਾ ਮੰਡੀਆਂ ਵਿੱਚ ਝੋਨਾ ਖਰੀਦਣ ਦਾ ਕੰਮ ਕਰਦੇ ਹਨ। ਅਤੇ ਉਹ ਆਪਣੀ ਮਾਸੀ ਜਮਨਾ ਨਾਲ ਝਰਨਾ ਖਰੀਦਣ ਲਈ ਬਾਜ਼ਾਰ ਜਾ ਰਿਹਾ ਸੀ। ਕਿ ਪਿੰਡ ਰਾਮਕੋਟ ਅਤੇ ਅਜਾਮਵਾਲਾ ਰੋਡ 'ਤੇ ਇੱਕ ਪ੍ਰਾਈਵੇਟ ਬੱਸ ਚਾਲਕ ਨੇ ਉਸਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ।

ਹਾਦਸਾ ਇੰਨਾ ਭਿਆਨਕ ਸੀ ਕਿ ਉਸ ਦੀ ਮਾਸੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜਦਕਿ ਉਹ ਜ਼ਖਮੀ ਹੋ ਗਿਆ। ਹਾਲਾਂਕਿ ਬੱਸ ਡਰਾਈਵਰ ਫਰਾਰ ਹੋ ਗਿਆ ਪਰ ਲੋਕਾਂ ਨੇ ਬੱਸ ਕੰਡਕਟਰ ਨੂੰ ਮੌਕੇ 'ਤੇ ਹੀ ਕਾਬੂ ਕਰ ਲਿਆ। ਪੁਲੀਸ ਨੇ ਲਾਸ਼ ਨੂੰ ਮੁਰਦਾਘਰ ਵਿੱਚ ਰਖਵਾ ਦਿੱਤਾ ਹੈ

ਮ੍ਰਿਤਕ ਔਰਤ ਦੀ ਲਾਸ਼ ਨੂੰ ਪੋਸਟਮਾਰਟਮ ਲਈ ਫਾਜ਼ਿਲਕਾ ਦੇ ਸਰਕਾਰੀ ਹਸਪਤਾਲ ਦੀ ਮੋਰਚਰੀ 'ਚ ਰਖਵਾਇਆ ਗਿਆ ਹੈ ਅਤੇ ਇਸ ਦੀ ਸੂਚਨਾ ਪੁਲਸ ਨੂੰ ਦੇ ਦਿੱਤੀ ਗਈ ਹੈ। ਪਰਿਵਾਰਕ ਮੈਂਬਰ ਇਸ ਮਾਮਲੇ ਵਿੱਚ ਪੁਲੀਸ ਕਾਰਵਾਈ ਦੀ ਮੰਗ ਕਰ ਰਹੇ ਹਨ।

# ਟਾਟਾ ਮੋਟਰਜ਼ ਨੇ ਨਵੀਂ Tata Ace EV 1000 ਕੀਤੀ ਲਾਂਚ



ਲੁਧਿਆਣਾ, 12 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਵਪਾਰਕ ਵਾਹਨਾਂ ਦੀ ਭਾਰਤ ਦੀ ਸਭ ਤੋਂ ਵੱਡੀ ਨਿਰਮਾਤਾ ਟਾਟਾ ਮੋਟਰਜ਼ ਨੇ ਅੱਜ ਨਵੀਂ ਏਸ ਈਵੀ 1000 ਲਾਂਚ ਕਰਕੇ ਆਪਣੇ ਈ-ਕਾਰਗੋ ਮੋਬਿਲਿਟੀ ਹੱਲਾਂ ਨੂੰ ਮਜ਼ਬੂਤ ਕੀਤਾ ਹੈ। ਗਾਹਕਾਂ ਦੇ ਦਰਵਾਜ਼ੇ ਜਾਂ ਦਫ਼ਤਰਾਂ ਤੱਕ ਡਿਲੀਵਰੀ ਵਿੱਚ ਕ੍ਰਾਂਤੀ ਲਿਆਉਣ ਦੇ ਉਦੇਸ਼ ਨਾਲ ਵਿਕਸਤ ਕੀਤਾ ਗਿਆ, ਇਹ ਜ਼ੀਰੋ ਕਾਰਬਨ ਐਮੀਸ਼ਨ ਮਿੰਨੀ ਟਰੱਕ ਇੱਕ ਟਨ ਤੱਕ ਮਾਲ ਲੋਡ ਕਰਨ ਦੀ ਸਮਰੱਥਾ ਰੱਖਦਾ ਹੈ। ਇਹ ਮਿੰਨੀ ਟਰੱਕ ਸਿੰਗਲ ਚਾਰਜ 'ਤੇ 161 ਕਿਲੋਮੀਟਰ ਦੀ ਰੇਂਜ ਦੀ ਪੇਸ਼ਕਸ਼ ਕਰਦਾ ਹੈ, ਜਿਸ ਨੂੰ ਪ੍ਰਮਾਣਿਤ ਕੀਤਾ ਗਿਆ ਹੈ। Ace EV ਨੂੰ ਉਪਭੋਗਤਾਵਾਂ ਦੇ ਫੀਡਬੈਕ ਅਤੇ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਤਿਆਰ ਕੀਤਾ ਗਿਆ ਹੈ। ਇਹ ਨਵਾਂ ਰੂਪ ਵੱਖ-ਵੱਖ ਖੇਤਰਾਂ ਜਿਵੇਂ ਕਿ 6$37, ਬੇਵਰੇਜ, ਪੇਂਟ ਅਤੇ ਲੁਬਰੀਕੈਂਟਸ, LPG ਅਤੇ ਡੇਅਰੀ ਨੂੰ ਪੂਰਾ ਕਰਦਾ ਹੈ। ਸ਼੍ਰੀ ਵਿਨੈ ਪਾਠਕ, ਵਾਈਸ ਪ੍ਰੈਜ਼ੀਡੈਂਟ ਅਤੇ ਬਿਜ਼ਨਸ ਹੈੱਡ, SCV ਅਤੇ PU ਡਿਵੀਜ਼ਨ, ਟਾਟਾ ਮੋਟਰਜ਼ ਕਮਰਸ਼ੀਅਲ ਵਹੀਕਲਜ਼, ਨੇ ਕਿਹਾ, ਪਿਛਲੇ ਦੋ ਸਾਲਾਂ ਤੋਂ, ਸਾਡੇ Ace EV ਗਾਹਕ ਇੱਕ ਬੇਮਿਸਾਲ ਅਨੁਭਵ ਦਾ ਆਨੰਦ ਲੈ ਰਹੇ ਹਨ ਜੋ ਉਹਨਾਂ ਨੂੰ ਆਪਣੇ ਕਾਰੋਬਾਰ ਨੂੰ ਵਧਾਉਣ ਵਿੱਚ ਮਦਦ ਕਰ ਰਿਹਾ ਹੈ। ਲਾਭ ਸਥਿਰਤਾ ਪ੍ਰਦਾਨ ਕਰਦਾ ਹੈ। ਇਹ ਜ਼ੀਰੋ ਕਾਰਬਨ ਐਮੀਸ਼ਨ ਕਮਰਸ਼ੀਅਲ ਵਾਹਨ ਲੋਕਾਂ ਦੇ ਦਰਵਾਜ਼ੇ ਤੱਕ ਆਰਡਰ ਪਹੁੰਚਾਉਣ ਦੇ ਖੇਤਰ ਵਿੱਚ ਰਾਜਦੂਤ ਬਣ ਗਏ ਹਨ। 135 51 1000 ਦੀ ਸ਼ੁਰੂਆਤ ਦੇ ਨਾਲ, ਅਸੀਂ ਵਿਭਿੰਨ ਖੇਤਰਾਂ ਵਿੱਚ ਸੇਵਾ ਕਰਨ ਲਈ ਘੱਟ ਓਪਰੇਟਿੰਗ ਲਾਗਤਾਂ ਵਾਲੇ ਵਪਾਰਕ ਵਾਹਨਾਂ ਦੀ ਤਲਾਸ਼ ਕਰ ਰਹੇ ਗਾਹਕਾਂ ਨੂੰ ਇੱਕ ਵਧੀਆ ਅਨੁਭਵ ਪ੍ਰਦਾਨ ਕਰ ਰਹੇ ਹਾਂ। ਸਾਨੂੰ ਭਰੋਸਾ ਹੈ ਕਿ Ace EV 1000 ਘੱਟ ਮਲਕੀਅਤ ਦੀ ਲਾਗਤ ਅਤੇ ਬਿਹਤਰੀਨ-ਦਰਜਾ ਮੁੱਲ ਦੇ ਨਾਲ ਸਾਫ਼-ਸੁਥਰੇ ਵਾਤਾਵਰਨ ਵਿੱਚ ਵੀ ਯੋਗਦਾਨ ਪਾਵੇਗਾ।

# ਆਮ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦਾ ਲਿਆ ਜਾਇਜਾ




ਸਿਵਲ ਸਰਜਨ ਡਾ. ਸੰਜੇ ਗੋਇਲ ਜਿਲਾ ਸਿਹਤ ਪ੍ਰੋਗਰਾਮ ਅਫਸਰਾਂ ਨਾਲ ਮੀਟਿੰਗ ਕਰਦੇ ਹੋਏ। ਫ਼ੋਟੋ : ਪ੍ਰੈਸ ਕੀ ਤਾਕਤ

ਪਟਿਆਲਾ, 12 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸਿਵਲ ਸਰਜਨ ਪਟਿਆਲਾ ਡਾ. ਸੰਜੇ ਗੋਇਲ ਵੱਲੋਂ ਦਫਤਰ ਸਿਵਲ ਸਰਜਨ ਪਟਿਆਲਾ ਦੇ ਸਮੂਹ ਪ੍ਰੋਗਰਾਮ ਅਫਸਰਾਂ ਨਾਲ ਮੀਟਿੰਗ ਕੀਤੀ ਗਈ। ਜਿਸ ਵਿੱਚ ਉਹਨਾਂ ਨੇ ਸਰਕਾਰ ਵੱਲੋਂ ਵੱਖ ਵੱਖ ਪ੍ਰੋਗਰਾਮਾਂ ਤਹਿਤ ਆਮ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦਾ ਜਾਇਜ਼ਾ ਲੈਂਦਿਆਂ ਜਿਲੇ ਵਿੱਚ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ। ਉਹਨਾਂ ਕਿਹਾ ਕਿ ਆਰ ਬੀ ਐਸ ਕੇ ਟੀਮਾਂ ਵੱਲੋਂ ਸਕੂਲਾਂ ਦਾ ਦੌਰਾ ਕਰਦੇ ਸਮੇਂ ਵਿਦਿਆਰਥੀਆਂ ਨੂੰ ਵੱਖ-ਵੱਖ ਪ੍ਰੋਗਰਾਮਾਂ ਅਤੇ ਬਿਮਾਰੀਆਂ ਸਬੰਧੀ ਜਾਗਰੂਕ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ। ਸਾਰੀਆਂ ਜਣੇਪਾ ਸੰਸਥਾਵਾਂ ਵਿੱਚ ਯੂਵਿਨ ਪੋਰਟਲ ਤੇ ਇੰਦਰਾਜ਼ ਕੀਤੇ ਜਾਣ ਅਤੇ ਪ੍ਰਾਈਵੇਟ ਹਸਪਤਾਲਾਂ ਤੋਂ ਵੀ ਲੋੜੀਂਦੀਆਂ ਰਿਪੋਰਟਾਂ ਪ੍ਰਾਪਤ ਕੀਤੀਆਂ ਜਾਣ। ਮਲੇਰੀਆ ਤੇ ਡੇਂਗੂ ਦੇ ਸੀਜ਼ਨ ਦੀ ਸ਼ੁਰੂਆਤ ਨੂੰ ਧਿਆਨ ਵਿੱਚ ਰੱਖਦੇ ਹੋਏ ਹੁਣ ਤੋਂ ਹੀ ਬਚਾਅ ਸਬੰਧੀ ਕੀਤੇ ਜਾਣ ਵਾਲੀਆਂ ਕਾਰਵਾਈਆਂ ਅਤੇ ਲੋਕਾਂ ਨੂੰ ਜਾਗਰੂਕ ਕਰਨ ਦੇ ਉਪਰਾਲੇ ਕੀਤੇ ਜਾਣ। ਆਯੂਸ਼ਮਾਨ ਤਹਿਤ ਵੱਧ ਤੋਂ ਵੱਧ ਲੋਕਾਂ ਨੂੰ ਸਿਹਤ ਸੇਵਾਵਾਂ ਦਾ ਲਾਭ ਦਿਵਾਇਆ ਜਾਵੇ,ਵੱਖ ਵੱਖ ਸਿਹਤ ਸੰਸਥਾਵਾਂ ਵਿੱਚ ਖਰਾਬ ਪਏ ਸਾਜ਼ੋ ਸਮਾਨ ਦੀ ਮੁਰੰਮਤ ਕਰਵਾ ਕੇ ਵਰਤੋਂ ਵਿੱਚ ਲਿਆਂਦਾ ਜਾਵੇ, ਜਿਹੜਾ ਸਮਾਨ ਠੀਕ ਹੋਣ ਯੋਗ ਨਹੀਂ ਹੈ, ਉਸ ਨੂੰ ਕੰਡਮ ਕਰਵਾਇਆ ਜਾਵੇ।

ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਰਚਨਾ, ਜਿਲਾ ਪਰਿਵਾਰ ਭਲਾਈ ਅਫਸਰ ਡਾ. ਐਸ ਜੇ ਸਿੰਘ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਜਸਵਿੰਦਰ ਸਿੰਘ, ਜਿਲਾ ਟੀਕਾਕਰਨ ਅਫਸਰ ਡਾ. ਗੁਰਪ੍ਰੀਤ ਕੌਰ , ਸਹਾਇਕ ਸਿਹਤ ਅਫਸਰ ਡਾ.. ਕੁਸ਼ਲਦੀਪ ਗਿੱਲ, ਡੀ ਡੀ ਐਚ ਓ ਡਾ. ਸੁਨੰਦਾ, ਸੀਨੀਅਰ ਮੈਡੀਕਲ ਅਫਸਰ ਡਾ. ਲਵਕੇਸ਼ ਕੁਮਾਰ, ਜ਼ਿਲ੍ਹਾ ਐਪੀਡਿਮੋਲੋਜਿਸਟ ਡਾ. ਸੁਮੀਤ ਸਿੰਘ ਤੇ ਡਾ. ਦਿਵਜੋਤ ਸਿੰਘ, ਜ਼ਿਲ੍ਹਾ ਮਾਸ ਮੀਡੀਆ ਅਫਸਰ ਕੁਲਵੀਰ ਕੌਰ, ਡਿਪਟੀ ਮਾਸ ਮੀਡੀਆ ਅਫਸਰ ਜਸਜੀਤ ਕੌਰ ਹਾਜ਼ਰ ਸਨ।

# ਕਿਸੇ ਵੀ ਉਮੀਦਵਾਰ ਦੇ ਚੋਣ ਪ੍ਰਚਾਰ ਵਿੱਚ ਰੁਕਾਵਟ ਨਹੀਂ ਪਾਈ ਜਾ ਸਕਦੀ- ਜਿਲਾ ਚੋਣ ਅਧਿਕਾਰੀ

ਅੰਮ੍ਰਿਤਸਰ, 12 ਮਈ
-ਦਲਬੀਰ ਸਿੰਘ-
-ਕੌਮੀ ਪੱਤ੍ਰਿਕਾ ਬਿਊਰੋ-



ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਵੱਲੋਂ ਕੀਤੇ ਜਾ ਰਹੇ ਪ੍ਰਚਾਰ ਵਿਚ ਕੁੱਝ ਇਕ ਥਾਵਾਂ ਉੱਤੇ ਰੁਕਾਵਟ ਪਾਉਣ ਦੀਆਂ ਘਟਨਾਵਾਂ ਨੂੰ ਚੋਣ ਕਮਿਸਨ ਨੇ ਬਹੁਤ ਗੰਭੀਰਤਾ ਨਾਲ ਲਿਆ ਹੈ ਅਤੇ ਇਸ ਬਾਬਤ ਜਿਲਾ ਚੋਣ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਚੋਣ ਪ੍ਰਚਾਰ ਕਰਨਾ ਹਰੇਕ ਉਮੀਦਵਾਰ ਦਾ ਹੱਕ ਅਤੇ ਇਸ ਹੱਕ ਤੋਂ ਕਿਸੇ ਨੂੰ ਵੀ ਵਿਰਵੇ ਨਹੀਂ ਕੀਤਾ ਜਾ ਸਕਦਾ। ਜਿਲਾ ਚੋਣ ਅਧਿਕਾਰੀ ਕਮ ਡਿਪਟੀ ਕਮਿਸਨਰ ਸ੍ਰੀ ਘਨਸਾਮ ਥੋਰੀ ਨੇ ਇੰਨਾ ਹਦਾਇਤਾਂ ਦੇ ਹਵਾਲੇ ਵਿੱਚ ਜਿਲੇ ਅੰਦਰ ਕੰਮ ਕਰ ਰਹੀ ਚੋਣ ਮਸੀਨਰੀ ਜਿਸ ਵਿੱਚ ਉਮੀਦਵਾਰਾਂ ਦੀ ਸੁਰੱਖਿਆ ਵਿੱਚ ਲੱਗਾ ਅਮਲਾ ਵੀ ਸ਼ਾਮਲ ਹੈ, ਨੂੰ ਹਦਾਇਤ ਕੀਤੀ ਹੈ ਕਿ ਅਜਿਹੀ ਕੋਈ ਵੀ ਘਟਨਾ ਜਿਸ ਵਿੱਚ ਉਮੀਦਵਾਰਾਂ ਦਾ ਚੋਣ ਪ੍ਰਚਾਰ ਰੋਕਿਆ ਜਾਵੇ ਨੂੰ ਚੋਣ ਕਮਿਸਨ ਦੀਆਂ ਹਦਾਇਤਾਂ ਦੀ ਉਲੰਘਣਾ ਸਮਝਦੇ ਹੋਏ ਰੁਕਾਵਟ ਪਾਉਣ ਵਾਲੇ ਲੋਕਾਂ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਜਿਲਾ ਚੋਣ ਅਧਿਕਾਰੀ ਨੇ ਕਿਹਾ ਕਿ ਹਰੇਕ ਉਮੀਦਵਾਰ ਨੂੰ ਚੋਣ ਪ੍ਰਚਾਰ ਕਰਨ ਅਤੇ ਆਪਣੀ ਗੱਲ, ਆਪਣੇ ਚੋਣ ਮਨੋਰਥ ਪੱਤਰ ਦੀ ਗੱਲ ਤੇ ਪ੍ਰਚਾਰ ਕਰਨ ਨਾ ਸੰਵਿਧਾਨਕ ਹੱਕ ਅਤੇ ਇਹ ਹੱਕ ਕਿਸੇ ਨੂੰ ਖੋਹਣ ਨਹੀਂ ਦਿੱਤਾ ਜਾਵੇਗਾ। ਉਨਾਂ ਕਿਹਾ ਕਿ ਸਾਰੇ ਉਮੀਦਵਾਰਾਂ ਨੂੰ ਚੋਣ ਪ੍ਰਚਾਰ ਦਾ ਬਰਾਬਰ ਮੌਕਾ ਦੇਣਾ ਸਾਡਾ ਫਰਜ ਹੈ ਅਤੇ ਇਸ ਵਿੱਚ ਕੋਈ ਲਾਪਰਵਾਹੀ ਬਰਦਾਸਤ ਨਹੀਂ ਕੀਤੀ ਜਾਵੇਗੀ।

# ਬਿਜੀ ਬੀ ਅਰਲੀ ਲਰਨਿੰਗ ਸੈਂਟਰ ਸਾਹਨੇਵਾਲ 'ਚ ਮਾਂ ਦਿਵਸ ਮਨਾਇਆ

ਸਾਹਨੇਵਾਲ, 12 ਮਈ
-ਜਤਿੰਦਰ ਕੁਮਾਰ ਝੜੌਦੀ-
-ਕੌਮੀ ਪੱਤ੍ਰਿਕਾ ਬਿਊਰੋ-




ਬਿਜੀ ਬੀ ਅਰਲੀ ਲਰਨਿੰਗ ਸੈਂਟਰ ਮਾਡਲ ਟਾਊਨ ਸਾਹਨੇਵਾਲ ਦੇ ਮੈਨੇਜਿੰਗ ਡਾਇਰੈਕਟਰ ਗੁਰਪ੍ਰੀਤ ਕੌਰ ਦੀ ਦੇਖ-ਰੇਖ ਹੇਠ ਨੰਨ੍ਹੇ-ਮੁੰਨੇ ਬੱਚਿਆਂ ਵੱਲੋਂ ਡਰਾਇੰਗ ਪੇਪਰ ਤੇ ਡਰਾਇੰਗ ਕਰਕੇ ਮਾਂ ਦਿਵਸ ਮਨਾਇਆ ਗਿਆ।ਇਸ ਸਮਾਗਮ ਦੀ ਸ਼ੁਰੂਆਤ ਮਾਂ ਦਿਵਸ ਨੂੰ ਸਮਰਪਿਤ ਮਾਂ ਗੀਤ ਨਾਲ ਬੱਚਿਆਂ ਵੱਲੋਂ ਝਾਕੀ ਪੇਸ਼ ਕਰਕੇ ਕੀਤੀ ਗਈ ਅਤੇ ਬੱਚਿਆਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਪੇਪਰ ਤਸਵੀਰਾਂ ਵਿੱਚ ਰੰਗ ਭਰੇ ਗਏ।ਇਸ ਮੌਕੇ ਗੁਰਪ੍ਰੀਤ ਕੌਰ ਨੇ ਮਾਂ ਦਿਵਸ ਵਾਰੇ ਦੱਸਦਿਆ ਕਿਹਾ ਕਿ ਆਉਣ ਵਾਲੀ 12 ਮਈ ਨੂੰ ਬੱਚੇ ਆਪਣੀਆਂ ਆਪਣੀਆਂ ਮਾਵਾਂ ਨਾਲ ਮਾਂ ਦਿਵਸ ਕੇਕ ਕੱਟਕੇ ਅਤੇ ਗਿਫ਼ਟ ਦੇ ਕੇ ਮਾਂ ਦਿਵਸ ਬੜੀ ਹੀ ਧੂਮਧਾਮ ਨਾਲ ਮਨਾਉਣਗੇ। ਉਨ੍ਹਾਂ ਅੱਗੇ ਦੱਸਿਆ ਕਿ ਮਾਵਾਂ ਦਾ ਕਦੇਂ ਵੀ ਇੱਕ ਦਿਨ ਨਹੀਂ ਹੁੰਦਾ, ਮਾਵਾਂ ਦੇ ਸਾਰੇ ਹੀ ਦਿਨ ਹੁੰਦੇ ਹਨ ਅਤੇ ਜਦੋਂ ਬੱਚਾ ਜਨਮ ਲੈਂਦਾ ਹੈ ਤਾਂ ਜਨਮ ਤੋਂ ਹੀ ਪਹਿਲੀਂ ਅਧਿਆਪਕ ਉਸ ਬੱਚੇ ਦੀ ਮਾਂ ਹੁੰਦੀ ਹੈ ਅਤੇ ਮਾਵਾਂ ਹਮੇਸ਼ਾ ਆਪਣੇ ਬੱਚਿਆਂ ਦੀ ਤੰਦਰੁਸਤੀ ਅਤੇ ਤਰੱਕੀਆਂ ਲਈ ਪ੍ਰਮਾਤਮਾ ਅੱਗੇ ਅਰਦਾਸਾਂ ਕਰਦੀਆਂ ਰਹਿੰਦੀਆਂ ਹਨ। ਉਨ੍ਹਾਂ ਘਰ ਕਰਮਾਂ ਵਾਲਾ ਹੁੰਦਾ ਹੈ ਜਿਸ ਘਰ ਮਾਪੇ ਜਿਉਂਦੇ ਹਨ।

ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਆਪਣੇ ਮਾਪਿਆਂ ਦੀ ਹਮੇਸ਼ਾ ਸੇਵਾ ਕਰੋਂਗੇ ਤਾਂ ਪ੍ਰਮਾਤਮਾ ਹਮੇਸ਼ਾ ਤੁਹਾਨੂੰ ਹਰ ਕਿੱਤੇ ਵਿੱਚ ਤਰੱਕੀਆਂ ਬਖਸ਼ੇਗਾ।ਇਸ ਮੌਕੇ ਉਨ੍ਹਾਂ ਨਾਲ ਹੋਰਨਾਂ ਤੋਂ ਇਲਾਵਾ ਪਰਮਜੀਤ ਕੌਰ, ਜਰਨੈਲ ਸਿੰਘ ਆਦਿ ਹਾਜ਼ਰ ਸਨ।

# ਪਿੰਡ ਰਾਏਪੁਰ ਸਾਹਨੀ ਦੇ ਕਾਂਗਰਸੀ ਸਰਪੰਚ ਰਜਿੰਦਰ ਕੋਰ ਸਮੇਤ ਦਰਜਨਾਂ ਪਰਿਵਾਰ ਆਮ ਆਦਮੀ ਪਾਰਟੀ ਵਿੱਚ ਹੋਏ ਸ਼ਾਮਲ

ਸ੍ਰੀ ਕੀਰਤਪੁਰ ਸਾਹਿਬ, 12 ਮਈ
-ਸਚਿਨ ਸੋਨੀ/ਰਾਜੂ ਧੀਮਾਨ-
-ਕੌਮੀ ਪੱਤ੍ਰਿਕਾ ਬਿਊਰੋ-



ਆਮ ਆਦਮੀ ਪਾਰਟੀ ਦੇ ਪਰਿਵਾਰ ਚ' ਅੱਜ ਉਸ ਸਮੇਂ ਵੱਡਾ ਵਾਧਾ ਹੋਇਆ ਨਜਰ ਆਇਆ ਜਦੋਂ ਚੰਗਰ ਦੇ ਪਿੰਡ ਰਾਏਪੁਰ ਸਾਹਨੀ ਦੇ ਸਰਪੰਚ ਰਜਿੰਦਰ ਕੋਰ ਤੇ ਸੈਂਕੜੇ ਪਰਿਵਾਰਾਂ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ।ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਪਿੰਡ ਰਾਏਪੁਰ ਸਾਹਨੀ ਵਿਖੇ ਹੋਏ ਪ੍ਰੋਗਰਾਮ ਦੋਰਾਨ ਕਾਂਗਰਸ ਦੇ ਸਰਪੰਚ ਰਜਿੰਦਰ ਕੋਰ, ਗੁਰਦੀਪ ਸਿੰਘ ਨੰਬਰਦਾਰ, ਚਰਨ ਸਿੰਘ, ਹਰਜਾਪ ਕੋਰ, ਇਕਬਾਲ ਸਿੰਘ,ਪ੍ਰੀਤਮ ਸਿੰਘ, ਪਰਮਿੰਦਰ ਸਿੰਘ,ਹਰਨਾਮ ਸਿੰਘ, ਕ੍ਰਿਸ਼ਨ ਗੋਪਾਲ, ਪਾਲੀ ਰਾਣਾ ਲੱਡੂ ਰਾਏਪੁਰ, ਜਸਵਿੰਦਰ ਸਿੰਘ, ਪ੍ਰਗਟ ਸਿੰਘ,ਗੁਰਬਖਸ਼ਿਸ਼ ਸਿੰਘ, ਪਿਆਰਾ ਸਿੰਘ ਸਮੇਤ ਦਰਜਨਾਂ ਪਰਿਵਾਰਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਵਾਇਆ।ਆਪ ਵਿੱਚ ਸ਼ਾਮਲ ਹੋਣ ਉਪਰੰਤ ਇਨਾਂ ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਤੇ ਹਲਕਾ ਵਿਧਾਇਕ/ ਸਿੱਖਿਆ ਮੰਤਰੀ ਪੰਜਾਬ ਸ੍ਰ: ਹਰਜੋਤ ਸਿੰਘ ਬੈਂਸ ਦੀ ਕਾਰਜਸ਼ੈਲੀ ਤੋਂ ਪ੍ਰਭਾਵਿਤ ਹੋ ਕੇ ਉਨਾਂ ਨੇ ਆਪ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ।ਉਨਾਂ ਕਿਹਾ ਕਿ ਪਿੰਡ ਰਾਏਪੁਰ ਸਾਹਨੀ ਵਿੱਚ ਪਿਛਲੇ 13 ਸਾਲਾਂ ਤੋਂ ਇੱਕ ਬੋਰ ਬੰਦ ਪਿਆ ਹੋਇਆ ਸੀ ਤੇ ਪਿਛਲੀਆਂ ਸਰਕਾਰਾਂ ਵੱਲੋਂ ਕਦੇ ਵੀ ਇਸ ਉੱਤੇ ਗੰਭੀਰਤਾ ਨਹੀਂ ਦਿਖਾਈ ਗਈ ਜਿਸ ਕਾਰਨ ਪਿੰਡ ਵਾਸੀਆਂ ਪੀਣ ਵਾਲੇ ਪਾਣੀ ਸੰਬੰਧੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਸੀ ਪ੍ਰੰਤੂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਤਕਰੀਬਨ 6 ਕੁ ਮਹੀਨੇ ਬਾਅਦ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੇ ਯਤਨਾਂ ਸਦਕਾ 13 ਸਾਲਾਂ ਤੋਂ ਬੰਦ ਪਏ ਇਸ ਬੋਰ ਨੂੰ ਮੁੜ ਚਲਵਾਇਆ ਤੇ ਪਿੰਡ ਵਾਸੀਆਂ ਨੂੰ ਪਾਣੀ ਦੀ ਦਿੱਕਤ ਵਿੱਚੋਂ ਬਾਹਰ ਕੱਢਿਆ।ਉਨ੍ਹਾਂ ਕਿਹਾ ਕਿ ਹੁਣ ਵੀ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਚੰਗਰ ਦੇ ਕੋਨੇ ਕੋਨੇ ਤੱਕ ਪਾਣੀ ਪਹੁੰਚਾਉਣ ਲਈ 80 ਕਰੋੜ ਰੁਪਏ ਦਾ ਪ੍ਰੋਜੈਕਟ ਪਾਸ ਕਰਵਾਏ ਗਏ ਹਨ ਜਿਸ ਨਾਲ ਚੰਗਰ ਦੀ ਦਹਾਕਿਆਂ ਪੁਰਾਣੀ ਸਮੱਸਿਆ ਦਾ ਹੱਲ ਹੋ ਜਾਵੇਗਾ।ਉਨਾਂ ਕਿਹਾ ਕਿ ਸ੍ਰ: ਬੈਂਸ ਜੋ ਕਹਿੰਦੇ ਹਨ ਉਹ ਕਰਕੇ ਵਿਖਾਉਂਦੇ ਹਨ ਤੇ ਉਨਾਂ ਨੇ ਜੋ ਜੋ ਵਾਅਦੇ ਲੋਕਾਂ ਨਾਲ ਕੀਤੇ ਸਨ ਉਹ ਪੂਰੇ ਕਰਕੇ ਵਿਖਾਏ ਹਨ।ਉਨਾਂ ਕਿਹਾ ਕਿ ਅੱਜ ਤੱਕ ਕੋਈ ਵਿਧਾਇਕ ਜਾਂ ਮੰਤਰੀ ਸਾਡੀ ਸਮੱਸਿਆ ਸੁਣਨ ਲਈ ਸਾਡੇ ਪਿੰਡ ਤੱਕ ਨਹੀਂ ਪਹੁੰਚਿਆ ਪ੍ਰੰਤੂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਪਹਿਲੇ ਮੰਤਰੀ ਹਨ ਜੋ ਹੁਣ ਤੱਕ 10 ਵਾਰ ਸਾਡੇ ਪਿੰਡ ਵਿੱਚ ਖੁਸ਼ੀ ਗਮੀ ਜਾਂ ਹੋਰ ਸਮਾਗਮਾਂ ਵਿੱਚ ਆ ਚੁੱਕੇ ਹਨ ਤੇ ਜਿੱਥੇ ਸਾਡੀ ਸਮੱਸਿਆਵਾਂ ਸੁਣਦੇ ਹਨ ਉੱਥੇ ਹੀ ਉਕਤ ਸਮੱਸਿਆ ਦਾ ਪਹਿਲ ਦੇ ਆਧਾਰ ਤੇ ਹੱਲ ਵੀ ਕਰਵਾਉਂਦੇ ਹਨ।ਉਨਾਂ ਕਿਹਾ ਕਿ ਪਿੰਡ ਦੀ ਸੁਚਾਰੂ ਆਵਾਜਾਈ ਸੰਬੰਧੀ ਕਾਫੀ ਪੁਰਾਣੀ ਮੰਗ ਸੀ ਜੋ ਕਿ ਹੁਣ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੇ ਯਤਨਾਂ ਸੱਦਕਾ ਪੁੱਲ ਦਾ ਨਿਰਮਾਣ ਨਾਲ ਆਉਣ ਵਾਲੇ ਸਮੇਂ ਵਿੱਚ ਪੂਰੀ ਹੋਣ ਜਾ ਰਹੀ ਜਿਸ ਕਾਰਨ ਪਿੰਡ ਵਾਸੀ ਬਹੁਤ ਖੁਸ਼ ਹਨ।ਉਨ੍ਹਾਂ ਕਿਹਾ ਕਿ ਪਿੰਡ ਵਿੱਚ ਦੇ ਹਾਈਵੋਲਟੇਜ ਬਿਜਲੀ ਤਾਰਾਂ ਦੀ ਸਮੱਸਿਆ ਕਾਰਨ ਲੋਕਾਂ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ ਪ੍ਰੰਤੂ ਉਸ ਸਮੱਸਿਆ ਦਾ ਹੱਲ ਵੀ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਪਹਿਲ ਦੇ ਆਧਾਰ ਤੇ ਕੀਤਾ ਗਿਆ ਜਿਸ ਲਈ ਸਾਰਾ ਪਿੰਡ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹੈ।ਉਨਾਂ ਕਿਹਾ ਕਿ ਲੀਡਰ ਦਾ ਮਤਲਬ ਹੁੰਦਾ ਹੈ ਲੀਡ ਕਰਨ ਵਾਲਾ ਤੇ ਜਿਹੜਾ ਲੀਡਰ ਆਪਣੇ ਹਲਕੇ ਦੇ ਲੋਕਾਂ ਦਾ ਦੁੱਖ ਸੁੱਖ ਦਾ ਭਾਈਵਾਲ ਹੋਵੇ ਹਰ ਖੁਸ਼ੀ ਹਰ ਗਮੀ ਦੇ ਮੋਕੇ ਤੇ ਆਪਣੇ ਲੋਕਾਂ ਵਿਚਕਾਰ ਖੜਾ ਹੋਵੇ ਉਹ ਹੀ ਅਸਲੀ ਲੀਡਰ ਹੁੰਦਾ ਹੈ ਤੇ ਬੈਂਸ ਹਰ ਸਮੇਂ ਆਪਣੇ ਹਲਕੇ ਦੇ ਲੋਕਾਂ ਨਾਲ ਖੜੇ ਹੋਏ ਵਿਖਾਈ ਦਿੰਦੇ ਹਨ ਤੇ ਇਹ ਖਾਸੀਅਤ ਪਹਿਲਾਂ ਵਾਲੇ ਲੀਡਰਾਂ ਵਿੱਚ ਵਿਖਾਈ ਨਹੀਂ ਦਿੱਤੀ।ਉਨ੍ਹਾਂ ਕਿਹਾ ਕਿ ਸ੍ਰ:ਬੈਂਸ ਦੁਆਰਾ ਬਿਨਾਂ ਕਿਸੇ ਭੇਦਭਾਵ ਦੇ ਇਲਾਕੇ ਵਿੱਚ ਕਰਵਾਇਆ ਜਾ ਰਿਹਾ ਸਰਬਪੱਖੀ ਵਿਕਾਸ ਸਾਰਿਆਂ ਦੇ ਸਾਹਮਣੇ ਹੈ ਤੇ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੁੰਦੀ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਹਰ ਘਰ ਨੂੰ 600 ਯੂਨਿਟ ਬਿਜਲੀ ਮੁਫਤ ਦਿੱਤੀ ਜਾਵੇਗੀ ਤੇ ਅੱਜ ਇਹ ਸਹੂਲਤ ਪੰਜਾਬ ਵਿੱਚ ਵੱਸਦੇ ਹਰ ਪੰਜਾਬੀ ਨੂੰ ਦਿੱਤੀ ਜਾ ਰਹੀ ਹੈ ਤੇ ਬਿਜਲੀ ਦਾ ਬਿੱਲ 0 ਆ ਰਿਹਾ ਹੈ।ਉਨ੍ਹਾਂ ਕਿਹਾ ਕਿ ਜਿਨਾਂ ਪਰਿਵਾਰਾਂ ਦੀ ਬਿਜਲੀ ਦਾ ਬਿੱਲ ਨਾ ਆਉਣ ਕਾਰਨ ਚਾਰ ਪੰਜ ਹਜਾਰ ਰੁਪਏ ਦੀ ਬੱਚਤ ਹੋ ਰਹੀ ਹੈ ਉਨਾਂ ਨੂੰ ਪੁੱਛ ਕੇ ਵੇਖੋ ਕਿ ਲੋੜਵੰਦ ਪਰਿਵਾਰਾਂ ਲਈ ਇਸਦੀ ਕੀ ਕੀਮਤ ਹੈ।ਉਨ੍ਹਾਂ ਮੁਹੱਲਾ ਕਲੀਨਿਕ, ਸਰਕਾਰੀ ਹਸਪਤਾਲਾਂ 'ਚ ਮੁਫ਼ਤ ਮਿਲ ਰਹੀਆਂ ਦਵਾਈਆਂ, ਸਿੱਖਿਆ ਦੇ ਖੇਤਰ ਵਿੱਚ ਆਏ ਵੱਡੇ ਸੁਧਾਰਾਂ ਦੀ ਗੱਲ ਕਰਦਿਆਂ ਆਖਿਆ ਕਿ ਅਜਾਦੀ ਤੋਂ ਬਾਅਦ ਅਜਿਹੀਆਂ ਸਹੂਲਤਾਂ ਪਹਿਲੀ ਵਾਰ ਮਿਲ ਰਹੀਆਂ ਹਨ, ਜਿਸ ਕਾਰਨ ਪੰਜਾਬ ਦਾ ਆਵਾਮ ਪੰਜਾਬ ਸਰਕਾਰ ਤੇ ਭਗਵੰਤ ਮਾਨ ਦੇ ਸੋਹਲੇ ਗਾ ਰਿਹਾ ਹੈ।ਉਨ੍ਹਾਂ ਕਿਹਾ ਕਿ ਹਰ ਧਰਮ ਦਾ ਸਤਿਕਾਰ ਕਰਨ ਵਾਲੇ ਹਲਕਾ ਵਿਧਾਇਕ ਹਰਜੋਤ ਸਿੰਘ ਬੈਂਸ ਵਰਗੇ ਮਿਲਣਸਾਰ ਵਿਅਕਤੀ ਵੱਲੋਂ ਹਰ ਛੋਟੇ ਵੱਡੇ ਨੂੰ ਦਿੱਤਾ ਜਾਂਦਾ ਸਤਿਕਾਰ ਤੇ ਉਨਾਂ ਦੇ ਕੰਮ ਕਰਨ ਦੇ ਤਰੀਕੇ ਨੇ ਉਨਾਂ ਨੂੰ ਐਨਾ ਪ੍ਰਭਾਵਿਤ ਕੀਤਾ ਕਿ ਉਨਾਂ ਨੇ ਆਪ ਵਿੱਚ ਸ਼ਾਮਲ ਹੋਣ ਦਾ ਫੈਂਸਲਾ ਕੀਤਾ ਹੈ।ਜਿਕਰਯੋਗ ਹੈ ਕਿ ਇਸ ਪਿੰਡ ਦੇ ਨੋਜਵਾਨਾਂ ਵੱਲੋਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਕੋਲ ਜਿਮ ਸੰਬੰਧੀ ਮੰਗ ਰੱਖ ਗਈ ਸੀ ਤੇ ਪਿਛਲੇ ਸਮੇਂ ਦੋਰਾਨ ਕੈਬਨਿਟ ਮੰਤਰੀ ਵੱਲੋਂ ਨੋਜਵਾਨਾਂ ਦੀ ਮੰਗ ਪੂਰੀ ਕਰਦਿਆਂ ਫੰਡ ਦਿੱਤੇ ਗਏ ਸਨ ਜਿਸ ਕਾਰਨ ਨੋਜਵਾਨ ਬੇਹੱਦ ਖੁਸ਼ ਹਨ।ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਵਿੱਚ ਰੋਜ਼ਾਨਾ ਵੱਡੀ ਗਿਣਤੀ ਵਿੱਚ ਲੋਕ ਵੱਖ ਵੱਖ ਪਾਰਟੀਆਂ ਨੂੰ ਅਲਵਿਦਾ ਆਖ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਇਸ ਮੋਕੇ ਨਗਰ ਕੋਂਸਲ ਸ਼੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ, ਬਲਾਕ ਪ੍ਰਧਾਨ ਸੂਬੇਦਾਰ ਰਾਜਪਾਲ ਮੋਹੀਵਾਲ, ਜਿਲ੍ਹਾ ਯੂਥ ਵਿੰਗ ਸਕੱਤਰ ਦਿਲਬਾਗ ਰਾਏਪੁਰ,ਬਲਾਕ ਪ੍ਰਧਾਨ ਰਾਮਪਾਲ, ਹਾਕਮ ਸ਼ਾਹ, ਚੰਗਰ ਜੋਨ ਪ੍ਰਭਾਰੀ, ਯੂਥ ਹਲਕਾ ਕੁਆਰਡੀਨੇਟਰ ਸ਼ਮਸ਼ੇਰ ਸਿੰਘ, ਚੀਮਾ ਬਲੋਲੀ, ਕਮਲ ਬਲੋਲੀ, ਰਵੀ ਹੰਸ, ਲੱਕੀ ਕਪਿਲਾ, ਮਨਦੀਪ ਸਿੰਘ, ਰਾਜੂ ਠੇਕੇਦਾਰ, ਗੁਲਜ਼ਾਰ ਮੁਹੰਮਦ, ਸੁਖਦੇਵ ਸਿੰਘ,ਸੈਂਡੀ ਰਾਣਾ, ਰਮੇਸ਼ ਚੋਧਰੀ,ਸੋਹਣ ਮੋਹੀਵਾਲ ਤੇ ਹੋਰ ਮੋਜੂਦ ਸਨ।

# ਸਾਬਕਾ ਪ੍ਰਧਾਨ ਪ੍ਰੋ. ਬਡੂੰਗਰ ਨੇ ਬੀ.ਐਨ. ਖਾਲਸਾ ਸਕੂਲ ਪਹੁੰਚ ਕੇ ਸਟਾਫ ਨੂੰ ਭੇਂਟ ਕੀਤੀਆਂ ਧਾਰਮਕ ਪੁਸਤਕਾਂ



ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਬੀਐਨ ਖਾਲਸਾ ਸੀਨੀ. ਸਕੂਲ ਦੇ ਸਮੂਹ ਸਟਾਫ ਨੂੰ ਧਾਰਮਕ ਪੁਸਤਕਾਂ ਭੇਂਟ ਕਰਦੇ ਹੋਏ ਨਾਲ ਹਨ ਪ੍ਰਿੰਸੀਪਲ ਗੁਰਦੀਸ਼ ਸਿੰਘ ਅਤੇ ਹੋਰ।

ਪਟਿਆਲਾ, 12 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਬੀ.ਐਨ.ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਸਮੂਹ ਸਟਾਫ ਨੂੰ ਧਾਰਮਕ ਪੁਸਤਕਾਂ ਭੇਂਟ ਕਰਕੇ ਆਪਣੇ ਵਿਦਿਆਰਥੀ ਜੀਵਨ ਦੇ ਸਮੇਂ ਦੀਆਂ ਸਮੂਹ ਸਟਾਫ ਨਾਲ ਯਾਦਾਂ ਨੂੰ ਤਾਜ਼ਾ ਕੀਤਾ। ਸਾਬਕਾ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਬੀਐਨ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦਾ ਵਿਦਿਆਰਥੀ ਜੀਵਨ ਬੇਹੱਦ ਸ਼ਾਨਦਾਰ ਰਿਹਾ, ਜਿਥੇ ਉਨ੍ਹਾਂ ਛੇਵੀਂ ਤੋਂ ਅੱਠਵੀਂ ਤੱਕ ਦੀ ਪੜ੍ਹਾਈ ਮੁਕੰਮਲ ਕੀਤੀ। ਪ੍ਰੋ. ਬਡੂੰਗਰ ਨੇ ਦੱਸਿਆ ਕਿ ਉਨ੍ਹਾਂ ਸਮਿਆਂ ਵਿਚ ਇਸ ਸਕੂਲ ਨੂੰ ਬਾਬਾ ਨਰੈਣ ਸਿੰਘ ਸਕੂਲ ਕਰਕੇ ਜਾਣਿਆ ਜਾਂਦਾ ਸੀ ਅਤੇ ਪੈਪਸੂ ਦੀ ਸਰਕਾਰ ਦੇ ਸਮੇਂ ਅਜਿਹੇ ਸਕੂਲਾਂ ਵਿਚ ਪੜ੍ਹੇ ਵਿਦਿਆਰਥੀਆਂ ਨੇ ਆਪਣੇ ਭਵਿੱਖ ਨੂੰ ਰੁਸ਼ਨਾਇਆ ਅਤੇ ਸਕੂਲ ਦਾ ਨਾਮ ਉਚਾ ਕੀਤਾ। ਉਨ੍ਹਾਂ ਯਾਦਾਂ ਨੂੰ ਤਾਜ਼ਾ ਕਰਦਿਆਂ ਕਿਹਾ ਕਿ ਇਕ ਸਮਾਂ ਸੀ, ਜਦ ਬੀਐਨ ਖਾਲਸਾ ਸਕੂਲ ਦੇ ਪੜ੍ਹੇ ਵਿਦਿਆਰਥੀਆਂ ਨੇ ਓਲੰਪਿਕ ਖੇਡਾਂ ਤੱਕ ਆਪਣੀ ਖੇਡ ਦਾ ਪ੍ਰਦਰਸ਼ਨ ਕਰਕੇ ਪੰਜਾਬ ਦਾ ਨਾਮ ਰੌਸ਼ਨ ਕੀਤਾ। ਸਾਬਕਾ ਪ੍ਰਧਾਨ ਪ੍ਰੋ. ਬਡੂੰਗਰ ਦੇ ਸਕੂਲ ਪੁੱਜਣ 'ਤੇ ਪ੍ਰਿੰਸੀਪਲ ਗੁਰਦੀਸ਼ ਸਿੰਘ ਅਤੇ ਸਮੂਹ ਸਟਾਫ ਮੈਂਬਰਾਂ ਨੇ ਉਨ੍ਹਾਂ ਨੂੰ ਜੀ ਆਇਆ ਆਖਿਆ ਅਤੇ ਸਵਾਗਤ ਕੀਤਾ।

ਪ੍ਰੋ. ਬਡੂੰਗਰ ਨੇ ਕਿਹਾ ਕਿ ਬੀਐਨ ਖਾਲਸਾ ਸਕੂਲ ਅਤੇ ਛੁਡਿਆਲ ਖਾਲਸਾ ਸੀਨੀ. ਸੈਕੰਡਰੀ ਵਰਗੇ ਸਕੂਲਾਂ ਦੇ ਤਰਜ਼ 'ਤੇ ਬਹੁਤ ਸਾਰੇ ਸਕੂਲ ਵੱਖ ਵੱਖ ਜਾਤ ਵਰਗ ਨਾਲ ਸਬੰਧਤ ਖੁੱਲ੍ਹਣ ਲੱਗੇ, ਪ੍ਰੰਤੂ ਖਾਲਸਾਈ ਸਕੂਲਾਂ ਦੀ ਵਿਲੱਖਣ ਪਹਿਚਾਣ ਨੇ ਵਿਦਿਆਰਥੀਆਂ ਨੂੰ ਧਾਰਮਕ, ਸਿੱਖ ਅਤੇ ਧਰਮ ਵਿਚ ਦ੍ਰਿੜਤਾ ਰੱਖਣ ਵਾਲਾ ਬਣਾਇਆ ਅਤੇ ਬੀ ਐਨ ਖਾਲਸਾ ਸੀਨੀ. ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਉਚ ਮੁਕਾਮ ਹਾਸਲ ਕੀਤਾ। ਪ੍ਰੋ. ਬਡੂੰਗਰ ਨੇ ਜਿਥੇ ਸਕੂਲ ਸਟਾਫ ਨਾਲ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕੀਤਾ, ਉਥੇ ਵਿਦਿਆਰਥੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਚੰਗੀ ਤਾਲੀਮ ਲੈਣ ਲਈ ਪ੍ਰੇਰਿਆ ਇਸ ਦੌਰਾਨ ਵਿਦਿਆਰਥੀਆਂ ਨੂੰ ਧਾਰਮਕ ਪੁਸਤਕਾਂ ਵੀ ਭੇਂਟ ਕੀਤੀਆਂ ਗਈਆਂ।

## ਸੰਪਾਦਕੀ

### ਖਾਧ ਪਦਾਰਥ ਅਤੇ ਸਿਹਤ

ਭਾਰਤ ਦੇ ਲੋਕਾਂ ਨੂੰ ਸਿਹਤ ਨਾਲ ਜੁੜੇ ਵੱਡੇ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਰਤੀ ਮੈਡੀਕਲ ਖੋਜ ਕੌਂਸਲ ਪੋਸ਼ਣ ਬਾਰੇ ਕੌਮੀ ਸੰਸਥਾ (ਆਈਸੀਐੱਮਆਰ ਐੱਨਆਈਐੱਨ) ਦੀ ਹਾਲੀਆ ਰਿਪੋਰਟ ਮੁਤਾਬਕ ਬਿਮਾਰੀਆਂ ਦੇ ਕੁੱਲ ਬੋਝ ਦਾ 56.4 ਫ਼ੀਸਦੀ ਹਿੱਸਾ ਖਾਣ ਪੀਣ ਦੀਆਂ ਗ਼ੈਰ-ਸਿਹਤਮੰਦ ਆਦਤਾਂ ਕਰ ਕੇ ਪੈਂਦਾ ਹੈ। ਖਾਣ-ਪੀਣ ਦੀਆਂ ਇਨ੍ਹਾਂ ਗ਼ੈਰ-ਸਿਹਤਮੰਦ ਆਦਤਾਂ ਵਿੱਚ ਬਾਜ਼ਾਰ ਤਿਆਰ ਹੋਣ ਵਾਲੇ ਖਾਧ ਪਦਾਰਥਾਂ ਵਿੱਚ ਨਮਕ, ਖੰਡ ਅਤੇ ਵਸਾ ਦੀ ਜਿ ?ਆਦਾ ਮਾਤਰਾ ਦਾ ਸੇਵਨ ਬਹੁਤ ਵਧ ਗਿਆ ਹੈ। ਸ਼ਹਿਰੀ ਖੇਤਰਾਂ ਵਿਚ ਫਾਸਟ ਫੂਡ ਦੀਆਂ ਚੇਨਾਂ ਧੜਾਧੜ ਖੁੱਲ੍ਹ ਰਹੀਆਂ ਹਨ ਅਤੇ ਪੈਕਟ ਬੰਦ ਸਨੈਕਸ ਦੀ ਉਪਲਬਧਤਾ ਆਮ ਹੋ ਗਈ ਹੈ ਪਰ ਇਸ ਦੀ ਬਹੁਤ ਵੱਡੀ ਕੀਮਤ ਅਦਾ ਕਰਨੀ ਪੈ ਰਹੀ ਹੈ। ਇਸ ਦੇ ਨਾਲ ਹੀ ਮੋਬਾਈਲ ਫੋਨ ਦੀ ਬੇਤਹਾਸ਼ਾ ਵਰਤੋਂ ਕਰ ਕੇ ਇਹ ਸੰਕਟ ਹੋਰ ਵੀ ਗਹਿਰਾ ਹੋ ਗਿਆ ਹੈ ਜਿਸ ਕਰ ਕੇ ਮੋਟਾਪਾ, ਸ਼ੱਕਰ ਰੋਗ ਅਤੇ ਕਈ ਕਿਸਮ ਦੀਆਂ ਹੋਰ ਲਾਗ ਰਹਿਤ ਬਿਮਾਰੀਆਂ ਵਿਚ ਭਾਰੀ ਵਾਧਾ ਦੇਖਣ ਨੂੰ ਮਿਲ ਰਿਹਾ ਹੈ।

ਖਾਣ ਪੀਣ ਅਤੇ ਆਚਾਰ ਵਿਹਾਰ ਦੇ ਰੁਝਾਨਾਂ ਦੇ ਬਹੁਤ ਖ਼ਤਰਨਾਕ ਸਿੱਟੇ ਸਾਹਮਣੇ ਆ ਰਹੇ ਹਨ। ਇਕ ਅਨੁਮਾਨ ਮੁਤਾਬਕ ਕਰੀਬ 25 ਫ਼ੀਸਦੀ ਭਾਰਤੀ ਲੋਕਾਂ ਨੂੰ ਮੋਟਾਪੇ ਦੇ ਸ਼ਿਕਾਰ ਲੋਕਾਂ ਦੀ ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ; ਖਾਣ-ਪੀਣ ਦੀਆਂ ਗ਼ਲਤ ਆਦਤਾਂ ਕਰ ਕੇ ਬੱਚਿਆਂ ਅਤੇ ਅੱਲੜ੍ਹ ਵਰੇਸ ਲੋਕਾਂ ਵਿਚ ਵੀ ਸਿਹਤ ਦੀਆਂ ਉਲਝਣਾਂ ਪੈਦਾ ਹੋ ਰਹੀਆਂ ਹਨ। ਆਈਸੀਐੱਮਆਰ ਐੱਨਆਈਐੱਨ ਵਲੋਂ ਜਾਰੀ ਕੀਤੀਆਂ ਸੇਧਾਂ ਵਿੱਚ ਰਵਾਇਤੀ, ਪੌਸ਼ਿਕ ਤੱਤਾਂ ਨਾਲ ਭਰਪੂਰ ਖਾਧ ਖ਼ੁਰਾਕ ਦੀ ਪੈਰਵੀ ਕੀਤੀ ਗਈ ਹੈ ਅਤੇ ਲਗਾਤਾਰ ਸਰੀਰਕ ਅਭਿਆਸ ਦੀ ਲੋੜ ਉੱਪਰ ਜ਼ੋਰ ਦਿੱਤਾ ਗਿਆ ਹੈ। ਖਾਣ-ਪੀਣ ਦੀਆਂ ਆਦਤਾਂ ਨੂੰ ਸੁਧਾਰਨ ਲਈ ਫ਼ਲਾਂ, ਸਬਜ਼ੀਆਂ, ਫਲੀਆਂ ਅਤੇ ਸਾਬਤ ਅਨਾਜਾਂ ਦੀ ਖ਼ਪਤ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਤਿਆਰ ਖ਼ੁਰਾਕੀ ਪਦਾਰਥਾਂ (ਪ੍ਰੋਸੈਸਡ ਫੂਡ) ਤੋਂ ਬਚਣ ਦਾ ਸੱਦਾ ਦੇਣਾ ਚਾਹੀਦਾ ਹੈ।

ਪੌਸ਼ਟਿਕ ਖ਼ੁਰਾਕਾਂ ਤੱਕ ਪਹੁੰਚ ਨੂੰ ਪ੍ਰਚਾਰਨ ਅਤੇ ਸਿਹਤਮੰਦ ਜੀਵਨ ਸ਼ੈਲੀ ਦੇ ਬਦਲਾਂ ਨੂੰ ਉਤਸ਼ਾਹਿਤ ਕਰਨ ਲਈ ਸਾਂਝੇ ਯਤਨਾਂ ਦੀ ਲੋੜ ਹੈ। ਅਜਿਹੀਆਂ ਨੀਤੀਆਂ ਦੀ ਲੋੜ ਹੈ ਜੋ ਖ਼ੁਰਾਕੀ ਸੁਰੱਖਿਆ ਨੂੰ ਪ੍ਰਚਾਰਨ, ਖਾਣ-ਪੀਣ ਵਾਲੀਆਂ ਵਸਤਾਂ ਦੀ ਇਸ਼ਤਿਹਾਰਬਾਜ਼ੀ ਨੂੰ ਨਿਯਮਾਂ ਦੇ ਘੇਰੇ 'ਚ ਲਿਆਉਣ ਅਤੇ ਸਿਹਤਮੰਦ ਖ਼ੁਰਾਕਾਂ ਦੇ ਉਤਪਾਦਨ ਤੇ ਖ਼ਪਤ ਨੂੰ ਹਰ ਤਰ੍ਹਾਂ ਦੀ ਛੋਟ ਦੇਣ। ਸਕੂਲਾਂ ਦੇ ਪਾਠਕ੍ਰਮ ਵਿੱਚ ਪੌਸ਼ਟਿਕ ਖ਼ੁਰਾਕ ਬਾਰੇ ਜਾਗਰੂਕਤਾ ਪ੍ਰੋਗਰਾਮ ਜੋੜੇ ਜਾਣੇ ਚਾਹੀਦੇ ਹਨ ਤਾਂ ਕਿ ਬੱਚੇ ਛੋਟੀ ਉਮਰ ਤੋਂ ਹੀ ਆਪਣੀ ਸਿਹਤ ਨੂੰ ਤਰਜੀਹ ਦੇਣ। ਨੀਤੀ ਨਿਰਧਾਰਕਾਂ, ਸਿਹਤ ਸੰਭਾਲ ਪੇਸ਼ੇਵਰਾਂ, ਸਿੱਖਿਆ ਕਰਮੀਆਂ ਤੇ ਬਾਕੀ ਸਮਾਜ ਦੇ ਸਾਂਝੇ ਯਤਨ ਇਸ ਮੁਸ਼ਕਿਲ ਨਾਲ ਨਜਿੱਠਣ ਵਿੱਚ ਸਹਾਈ ਹੋ ਸਕਦੇ ਹਨ। ਖਾਣ-ਪੀਣ ਦੀਆਂ ਸਿਹਤਮੰਦ ਆਦਤਾਂ ਦੇ ਪ੍ਰਚਾਰ-ਪ੍ਰਸਾਰ ਨੂੰ ਪਹਿਲ ਦੇ ਕੇ ਅਤੇ ਮਾੜੀ ਖ਼ੁਰਾਕੀ ਚੋਣ ਪਿਛਲੇ ਸਮਾਜਿਕ-ਆਰਥਿਕ ਕਾਰਨਾਂ ਦਾ ਹੱਲ ਲੱਭ ਕੇ ਅਸੀਂ ਲਾਗ ਰਹਿਤ ਬਿਮਾਰੀਆਂ ਨੂੰ ਜੜ੍ਹੋਂ ਪੁੱਟ ਸਕਦੇ ਹਾਂ ਤੇ ਸਾਰੇ ਭਾਰਤੀਆਂ ਲਈ ਇਕ ਸਿਹਤਮੰਦ ਭਵਿੱਖ ਦੀ ਨੀਂਹ ਰੱਖ ਸਕਦੇ ਹਾਂ। ਕਾਰਵਾਈ ਦਾ ਸਮਾਂ ਹੁਣ ਆ ਗਿਆ ਹੈ ਅਤੇ ਇਹ ਕਾਰਜ ਜਾਗਰੂਕਤਾ ਮੁਹਿੰਮਾਂ ਨਾਲ ਹੀ ਸਰ ਕੀਤਾ ਜਾ ਸਕੇਗਾ। ਇਸ ਦੇ ਨਾਲ ਹੀ ਸਰਕਾਰ ਨੂੰ ਸਿਹਤ ਦੇ ਨਾਲ-ਨਾਲ ਸਿੱਖਿਆ ਦੇ ਖੇਤਰ ਦਾ ਬਜਟ ਹੋਰ ਵਧਾਉਣ ਬਾਰੇ ਵੀ ਸੋਚਣਾ ਚਾਹੀਦਾ ਹੈ।

### ਭਾਰਤ-ਕੈਨੇਡਾ ਤਕਰਾਰ

ਹਰਦੀਪ ਸਿੰਘ ਨਿੱਝਰ ਹੱਤਿਆ ਕੇਸ ਵਿੱਚ ਕੈਨੇਡੀਅਨ ਪੁਲੀਸ ਵੱਲੋਂ ਤਿੰਨ ਭਾਰਤੀ ਨਾਗਰਿਕਾਂ ਦੀ ਗ੍ਰਿਫ਼ਤਾਰੀ ਤੋਂ ਕਈ ਦਿਨ ਬਾਅਦ ਕੈਨੇਡਾ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਨੇ ਕਿਹਾ ਹੈ ਕਿ ਇਸ ਮੁਲਕ ਵਿੱਚ ਸਿੱਖ ਵੱਖਵਾਦੀ ਗਰੁੱਪ 'ਵੱਡੀ ਲਾਲ ਲਕੀਰ' ਪਾਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਮਾਮਲਾ ਨਵੀਂ ਦਿੱਲੀ ਲਈ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਇਹ ਇਸ ਦੀ ਖੇਤਰੀ ਅਖੰਡਤਾ ਅਤੇ ਰਾਸ਼ਟਰੀ ਸੁਰੱਖਿਆ ਨਾਲ ਜੁੜਿ ?ਆ ਹੈ। ਭਾਰਤ ਅਤੇ ਕੈਨੇਡਾ ਦੇ ਰਿਸ਼ਤੇ ਉਦੋਂ ਤੋਂ ਹੀ ਮਾੜੇ ਦੌਰ ਵਿੱਚੋਂ ਲੰਘ ਰਹੇ ਹਨ ਜਦ ਤੋਂ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਨਿੱਝਰ ਕੇਸ ਵਿੱਚ ਭਾਰਤ ਸਰਕਾਰ ਦੇ ਏਜੰਟਾਂ ਦੀ ਸ਼ਮੂਲੀਅਤ ਹੋਣ ਦੇ ਦੋਸ਼ ਲਾਏ ਹਨ। ਟਰੂਡੋ ਨੇ ਪਿਛਲੇ ਸਾਲ ਸਤੰਬਰ ਵਿੱਚ ਕੇਸ ਦੀ ਜਾਂਚ ਬਾਰੇ ਖੁਲਾਸਾ ਕਰਦਿਆਂ ਇਹ ਇਲਜ਼ਾਮ ਲਾਏ ਸਨ।

ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਨੇ ਕਿਹਾ ਕਿ ਦੋਵੇਂ ਮੁਲਕ ਮੌਜੂਦਾ ਮਸਲਿਆਂ ਨੂੰ ਸੁਲਝਾਉਣ ਵਿੱਚ ਲੱਗੇ ਹੋਏ ਹਨ ਪਰ ਉਨ੍ਹਾਂ ਨਾਲ ਹੀ ਜੋੜਿ ?ਆ ਕਿ ਹਾਲੀਆ 'ਨਕਾਰਾਤਮਕ' ਘਟਨਾਵਾਂ ਪਿਛਲੇ ਡੂੰਘੇ ਮਸਲਿਆਂ ਲਈ 'ਦਹਾਕਿਆਂ ਪੁਰਾਣੇ ਮੁੱਦਿਆਂ' ਪ੍ਰਤੀ ਕੈਨੇਡਾ ਦੀ ਗ਼ਲਤਫਹਿਮੀ ਜਿ ?ਮੇਵਾਰ ਹੈ। ਇਨ੍ਹਾਂ ਭੜਕਾਊ ਘਟਨਾਵਾਂ ਦੀ ਲੜੀ ਵਿੱਚ ਪਿਛਲੇ ਹਫ਼ਤੇ ਇੱਕ ਹੋਰ ਘਟਨਾ ਜੁੜੀ ਜਦੋਂ ਓਂਟਾਰੀਓ ਵਿੱਚ 'ਸਿੱਖ ਪਰੇਡ' ਦੌਰਾਨ ਖਾਲਿਸਤਾਨੀ ਸਮਰਥਕਾਂ ਨੇ ਭਾਰਤ ਵਿਰੋਧੀ ਨਾਅਰੇਬਾਜ਼ੀ ਕੀਤੀ। ਪਿਛਲੇ ਮਹੀਨੇ ਦੇ ਅਖੀਰ ਵਿੱਚ ਇੱਕ ਹੋਰ ਜਨਤਕ ਸਮਾਗਮ ਦੌਰਾਨ ਵੀ ਖਾਲਿਸਤਾਨ ਪੱਖੀ ਨਾਅਰੇਬਾਜ਼ੀ ਹੋਈ ਸੀ। ਟੋਰਾਂਟੋ ਦੇ ਇਸ ਸਮਾਗਮ ਵਿੱਚ ਟਰੂਡੋ ਅਤੇ ਹੋਰ ਆਗੂਆਂ ਨੇ ਵੀ ਹਿੱਸਾ ਲਿਆ ਸੀ। ਇਸ ਤੋਂ ਬਾਅਦ ਭਾਰਤ ਨੂੰ ਇਹ ਕਹਿਣਾ ਪਿਆ ਸੀ ਕਿ ਕੈਨੇਡਾ 'ਵੱਖਵਾਦ, ਕੱਟੜਵਾਦ ਤੇ ਹਿੰਸਾ' ਨੂੰ ਸਿਆਸੀ ਪਨਾਹ ਦੇ ਰਿਹਾ ਹੈ। ਉਂਝ, ਇਹ ਤੱਥ ਵੀ ਨੋਟ ਕਰਨ ਵਾਲਾ ਹੈ ਕਿ ਪ੍ਰਧਾਨ ਮੰਤਰੀ ਟਰੂਡੋ ਮੁੜ-ਮੁੜ ਉਹੀ ਗੱਲ ਦੁਹਰਾ ਰਹੇ ਹਨ।

ਕੁਝ ਹਲਕੇ ਇਸ ਸਾਰੇ ਘਟਨਾਕ੍ਰਮ ਨੂੰ ਉੱਥੇ ਹੋਣ ਵਾਲੀਆਂ ਫੈਡਰਲ ਚੋਣਾਂ ਨਾਲ ਜੋੜ ਕੇ ਵੀ ਦੇਖ ਰਹੇ ਹਨ ਕਿਉਂਕਿ ਪਿਛਲੇ ਕੁਝ ਸਮੇਂ ਤੋਂ ਪ੍ਰਧਾਨ ਮੰਤਰੀ ਟਰੂਡੋ ਅਤੇ ਉਨ੍ਹਾਂ ਦੀ ਪਾਰਟੀ ਦਾ ਲੋਕਪ੍ਰਿਯਤਾ ਗ੍ਰਾਫ ਕਾਫੀ ਹੇਠਾਂ ਜਾਣ ਬਾਰੇ ਮੀਡੀਆ ਰਿਪੋਰਟਾਂ ਸਾਹਮਣੇ ਆਈਆਂ ਹਨ।

ਨਵੀਂ ਦਿੱਲੀ ਨਾ ਸਿਰਫ਼ ਭਾਰਤ ਵਿਰੋਧੀ ਪ੍ਰਾਪੇਗੰਡਾ ਲਈ ਕੈਨੇਡੀਅਨ ਧਰਤੀ ਦੀ ਵਰਤੋਂ ਤੋਂ ਚਿੰਤਤ ਹੈ ਬਲਕਿ ਇਸ ਨੂੰ ਉੱਥੇ ਮੌਜੂਦ ਆਪਣੇ ਕੂਟਨੀਤਕ ਪ੍ਰਤੀਨਿਧੀਆਂ ਦੀ ਸੁਰੱਖਿਆ ਦੀ ਵੀ ਫਿਕਰ ਹੈ। ਵਿਦੇਸ਼ ਮਾਮਲਿਆਂ ਬਾਰੇ ਮੰਤਰਾਲੇ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਟਰੂਡੋ ਸਰਕਾਰ ਕੂਟਨੀਤਕ ਮਿਸ਼ਨਾਂ ਲਈ ਅਜਿਹਾ ਮਾਹੌਲ ਯਕੀਨੀ ਬਣਾਏਗੀ ਜਿੱਥੇ ਉਹ ਬਿਨਾਂ ਕਿਸੇ ਡਰ ਤੋਂ ਆਪਣੀਆਂ ਜ਼ਿੰਮੇਵਾਰੀਆਂ ਅਦਾ ਕਰ ਸਕਣ। ਗੇਂਦ ਹੁਣ ਕੈਨੇਡਾ ਦੇ ਪਾਲੇ ਵਿੱਚ ਹੈ। ਲੋਕਤੰਤਰੀ ਮੁਲਕ ਜੋ ਕਾਨੂੰਨ ਦੇ ਰਾਜ ਦਾ ਸਤਿਕਾਰ ਕਰਦਾ ਹੈ, ਵਜੋਂ ਕੈਨੇਡਾ ਨੂੰ ਅਸ਼ਾਂਤੀ ਫੈਲਾਉਣ ਵਾਲੇ ਅਜਿਹੇ ਤੱਤਾਂ ਵਿਰੁੱਧ ਕਾਰਵਾਈ ਕਰਨੀ ਚਾਹੀਦੀ ਹੈ ਜੋ ਹਿੰਸਾ ਭੜਕਾਉਂਦੇ ਜਾਂ ਇਸ ਨੂੰ ਸ਼ਹਿ ਦਿੰਦੇ ਹਨ। ਇਸ ਨੂੰ ਅਜਿਹੇ ਕੱਟੜ ਤੱਤਾਂ ਨੂੰ ਸਿਰ ਚੁੱਕਣ ਦੀ ਇਜਾਜ਼ਤ ਬਿਲਕੁਲ ਨਹੀਂ ਦੇਣੀ ਚਾਹੀਦੀ ਜੋ ਪ੍ਰਗਟਾਵੇ ਦੀ ਆਜ਼ਾਦੀ ਦੀ ਦੁਰਵਰਤੋਂ ਕਰ ਰਹੇ ਹਨ। ਭਾਰਤ ਜਿਹੇ ਪੁਰਾਣੇ ਸਾਥੀ ਨੂੰ ਨਾਰਾਜ਼ ਕਰਨਾ ਜੋ ਇਸ ਵੇਲੇ ਸੰਸਾਰ ਦਾ ਸਭ ਤੋਂ ਤੇਜ਼ੀ ਨਾਲ ਉੱਭਰ ਰਿਹਾ ਵੱਡਾ ਅਰਥਚਾਰਾ ਵੀ ਹੈ, ਕੈਨੇਡਾ ਦੇ ਭੂ-ਸਿਆਸੀ ਅਤੇ ਆਰਥਿਕ ਹਿੱਤਾਂ ਲਈ ਹਾਨੀਕਾਰਕ ਸਾਬਿਤ ਹੋ ਸਕਦਾ ਹੈ।

# ਵੋਟ ਅਤੇ ਨੁਮਾਇੰਦਗੀ ਦੇ ਹੱਕ ਖੁੱਸਣ ਦਾ ਖ਼ਤਰਾ

**ਸੁੱਚਾ ਸਿੰਘ ਗਿੱਲ**



ਜਮਹੂਰੀਅਤ ਵਿੱਚ ਸਿਧਾਂਤਕ ਤੌਰ 'ਤੇ ਹਰ ਨਾਗਰਿਕ ਨੂੰ ਵੋਟ ਪਾਉਣ ਅਤੇ ਚੋਣਾਂ ਲੜ ਕੇ ਦੇਸ਼ ਦੇ ਅਦਾਰਿਆਂ ਵਿੱਚ ਨੁਮਾਇੰਦਗੀ ਕਰਨ ਦਾ ਹੱਕ ਹੁੰਦਾ ਹੈ। ਦੇਸ਼ ਵਿੱਚ 26 ਜਨਵਰੀ 1950 ਨੂੰ ਸੰਵਿਧਾਨ ਲਾਗੂ ਹੋਣ ਪਿੱਛੋਂ ਇਹ ਹੱਕ ਹਰ ਨਾਗਰਿਕ ਨੂੰ ਲਿੰਗ, ਧਰਮ, ਨਸਲ, ਰੰਗ, ਇਲਾਕਾਈ ਭੇਦਭਾਵ ਤੋਂ ਬਗੈਰ ਪ੍ਰਾਪਤ ਹੋ ਗਿਆ ਸੀ। ਇਹ ਹੱਕ ਹਾਸਲ ਕਰਨ ਲਈ ਲੰਮੇ ਸਮੇਂ ਤੱਕ ਆਜ਼ਾਦੀ ਦੀ ਲਹਿਰ ਚਲਾਈ ਗਈ ਸੀ। ਇਸ ਲਹਿਰ ਦੌਰਾਨ ਲੱਖਾਂ ਲੋਕਾਂ ਨੇ ਬਰਤਾਨਵੀ ਰਾਜ ਦੀ ਪੁਲੀਸ ਤੋਂ ਡਾਂਗਾਂ ਖਾਧੀਆਂ, ਜੇਲ੍ਹਾਂ ਕੱਟੀਆਂ, ਤਸੀਹੇ ਝੱਲੇ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਫਾਂਸੀ ਦੇ ਰੱਸੇ ਗਲਾਂ ਵਿੱਚ ਪਵਾ ਕੇ ਸ਼ਹੀਦੀਆਂ ਪਾਈਆਂ। ਇਸ ਲਹਿਰ ਨਾਲ 1920ਵਿਆਂ, 30ਵਿਆਂ ਅਤੇ 40ਵਿਆਂ ਵਿੱਚ ਖ਼ੂਬ ਬਹਿਸਾਂ ਚੱਲੀਆਂ ਅਤੇ ਜਾਗਰੂਕਤਾ ਪੈਦਾ ਹੋਈ ਕਿ ਆਜ਼ਾਦੀ ਤੋਂ ਬਾਅਦ ਧਰਮ ਨਿਰਪੱਖ ਅਤੇ ਜਮਹੂਰੀ ਗਣਤੰਤਰ ਕਾਇਮ ਕੀਤਾ ਜਾਵੇਗਾ। ਇਸ ਜਾਗਰੂਕਤਾ ਕਾਰਨ ਸੰਵਿਧਾਨ ਘੜਨੀ ਅਸੈਂਬਲੀ ਬਣੀ ਅਤੇ ਇਸ ਨੂੰ ਤਿਆਰ ਕਰਨ ਵਾਸਤੇ ਡਾ. ਭੀਮ ਰਾਓ ਅੰਬੇਡਕਰ ਨੇ ਅਹਿਮ ਭੂਮਿਕਾ ਨਿਭਾਈ। ਆਜ਼ਾਦੀ ਆਉਣ 'ਤੇ ਦੇਸ਼ ਦੀ ਵੰਡ ਹੋ ਗਈ ਅਤੇ ਪਾਕਿਸਤਾਨ ਧਰਮ ਦੇ ਆਧਾਰ 'ਤੇ ਵੱਖਰਾ ਦੇਸ਼ ਬਣ ਗਿਆ ਪਰ ਭਾਰਤ ਵਿੱਚ ਧਰਮ ਨਿਰਪੱਖ ਤੇ ਜਮਹੂਰੀ ਗਣਤੰਤਰ ਕਾਇਮ ਹੋ ਗਿਆ। ਇੱਥੇ ਸੰਵਿਧਾਨ ਤਹਿਤ ਚੋਣਾਂ ਹੁੰਦੀਆਂ ਰਹੀਆਂ ਹਨ, ਸੱਤਾ ਤਬਦੀਲੀ ਸ਼ਾਂਤੀ ਪੂਰਵਕ ਨੇਪਰੇ ਚਾੜ੍ਹਦੀ ਰਹੀ ਹੈ। ਸਮਾਂ ਪੈਣ 'ਤੇ ਗਣਤੰਤਰ ਵਿੱਚ ਵਿਗਾੜ ਆਉਣੇ ਸ਼ੁਰੂ ਹੋ ਗਏ। ਹੁਣ ਵਾਲੀਆਂ ਚੋਣਾਂ ਵਿੱਚ ਸੰਵਿਧਾਨ ਮੁਤਾਬਕ ਧਰਮ ਨਿਰਪੱਖ ਗਣਤੰਤਰ ਕਾਇਮ ਰੱਖਣ ਵਿੱਚ ਖ਼ਤਰਾ ਪੈਦਾ ਹੁੰਦਾ ਨਜ਼ਰ ਆ ਰਿਹਾ ਹੈ। ਹਾਕਮ ਪਾਰਟੀ ਲੋਕਾਂ ਦੇ ਵੋਟ ਪਾਉਣ ਅਤੇ ਚੁਣੇ ਜਾਣ ਤੋਂ ਬਾਅਦ ਨੁਮਾਇੰਦਗੀ ਕਰਨ ਦੇ ਹੱਕ ਖੋਹਣ ਦੇ ਯਤਨ ਕਰ ਰਹੀ ਹੈ। ਸੰਵਿਧਾਨ ਸਭ ਨੂੰ ਵੋਟ ਰਾਹੀਂ ਨੁਮਾਇੰਦੇ ਚੁਣਨ ਦਾ ਹੱਕ ਦਿੰਦਾ ਹੈ। ਵੋਟਰ ਵੱਖ-ਵੱਖ ਪਾਰਟੀਆਂ ਦੇ ਉਮੀਦਵਾਰਾਂ ਨੂੰ ਆਪਣੀ ਸਮਝ ਅਨੁਸਾਰ ਵੋਟ ਪਾ ਸਕਦੇ ਹਨ ਜਾਂ ਸਾਰੇ ਉਮੀਦਵਾਰਾਂ ਨੂੰ ਰੱਦ ਕਰਨ ਵਾਲਾ ਬਟਨ ਦਬਾ ਕੇ ਆਪਣੀ ਰਾਇ ਜ਼ਾਹਿਰ ਕਰ ਸਕਦੇ ਹਨ। ਪਾਰਟੀਆਂ ਵੱਲ ਲੋਕਾਂ ਅੰਦਰ ਵਧ ਰਹੀ ਬੇਰੁਖ਼ੀ ਕਾਰਨ ਤਾਕਤਵਰ ਪਾਰਟੀਆਂ ਵੱਲੋਂ ਲੋਕਾਂ ਦਾ ਵੋਟ ਪਾਉਣ ਦਾ ਹੱਕ ਖੋਹਣ ਦੇ ਯਤਨ ਸਾਹਮਣੇ ਆਉਣ ਲੱਗ ਪਏ ਹਨ। ਇਸ ਦੀ ਪਹਿਲੀ ਮਿਸਾਲ ਗੁਜਰਾਤ ਦੇ ਸੂਰਤ ਲੋਕ ਸਭਾ ਹਲਕੇ ਦੀ ਹੈ। ਇਸ ਹਲਕੇ ਵਿੱਚ ਹਾਕਮ ਪਾਰਟੀ ਦੇ ਉਮੀਦਵਾਰ ਨੂੰ ਬਿਨਾਂ ਮੁਕਾਬਲਾ ਚੁਣੇ ਜਾਣ ਦਾ ਐਲਾਨ ਕਰ ਦਿੱਤਾ ਗਿਆ ਹੈ। ਉਕਤ ਉਮੀਦਵਾਰ ਤੋਂ ਬਗ਼ੈਰ ਜਾਂ ਤਾਂ ਵਿਰੋਧੀ ਪਾਰਟੀਆਂ ਅਤੇ ਆਜ਼ਾਦ ਉਮੀਦਵਾਰਾਂ ਨੇ ਆਪਣੇ ਨਾਮ ਵਾਪਸ ਲੈ ਗਏ ਜਾਂ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਦੇ ਕਾਗਜ਼ ਰੱਦ ਕਰ ਦਿੱਤੇ ਗਏ। ਇਸ ਕਾਰਜ ਵਿੱਚ ਸੱਤਾਧਾਰੀ ਪਾਰਟੀ ਵੱਲੋਂ ਸਰਕਾਰੀ ਮੁਲਾਜ਼ਮਾਂ ਤੇ ਏਜੰਸੀਆਂ ਦਾ ਦਬਾਅ ਵਰਤਣ ਅਤੇ ਵਿਰੋਧੀ ਉਮੀਦਵਾਰਾਂ ਨੂੰ ਲਾਲਚ ਦੇਣ ਦੇ ਦੋਸ਼ ਸੁਣਨ ਵਿੱਚ ਆ ਰਹੇ ਹਨ।

ਦੂਜੀ ਮਿਸਾਲ ਮੱਧ ਪ੍ਰਦੇਸ਼ ਦੇ ਇੰਦੌਰ ਹਲਕੇ ਵਿੱਚ ਪੈਦਾ ਕਰਨ ਦੀ ਕੋਸਿ ?ਸ਼ ਕੀਤੀ ਗਈ। ਉੱਥੇ ਮੁੱਖ ਵਿਰੋਧੀ ਕਾਂਗਰਸ ਪਾਰਟੀ ਦੇ ਉਮੀਦਵਾਰ ਨੇ ਕਾਗਜ਼ ਵਾਪਸ ਲੈਣ ਦਾ ਫੈਸਲਾ ਕੀਤਾ ਹੈ। ਸੋਸ਼ਲਿਸਟ ਯੂਨਿਟੀ ਸੈਂਟਰ ਆਫ ਇੰਡੀਆ ਦੇ ਉਮੀਦਵਾਰ ਨੂੰ ਛੱਡ ਕੇ ਬਾਕੀ ਸਾਰੇ ਉਮੀਦਵਾਰਾਂ ਨੇ ਨਾਮ ਵਾਪਸ ਲੈਣ ਲਏ ਹਨ। ਇੱਥੇ ਵੀ ਹਾਕਮ ਪਾਰਟੀ ਨੇ ਸੂਰਤ ਮਾਡਲ ਦੁਹਰਾਉਣ ਦੀ ਕੋਸਿ ?ਸ਼ ਕੀਤੀ। ਇਸ ਤੋਂ ਪਹਿਲਾਂ ਚੰਡੀਗੜ੍ਹ ਵਿੱਚ ਨਗਰ ਨਿਗਮ ਦੀਆਂ ਚੋਣਾਂ ਵਿੱਚ ਮੁੱਖ ਚੋਣ ਅਧਿਕਾਰੀ ਨੇ ਹਾਕਮ ਪਾਰਟੀ ਦੇ ਮੇਅਰ ਦੇ ਉਮੀਦਵਾਰ ਨੂੰ ਘੱਟ ਮੈਂਬਰਾਂ ਦੀ ਹਮਾਇਤ ਦੇ ਬਾਵਜੂਦ ਜੇਤੂ ਕਰਾਰ ਦੇ ਦਿੱਤਾ ਸੀ। ਇਸ ਨਤੀਜੇ ਨੂੰ ਸੁਪਰੀਮ ਕੋਰਟ ਨੇ ਰੱਦ ਕਰ ਕੇ ਵੋਟਾਂ ਦੀ ਦੁਬਾਰਾ ਗਿਣਤੀ ਕਰਵਾਈ। ਸਿੱਟੇ ਵਜੋਂ ਬਹੁਗਿਣਤੀ ਹਮਾਇਤ ਵਾਲਾ ਆਮ ਆਦਮੀ ਪਾਰਟੀ ਉਮੀਦਵਾਰ ਮੇਅਰ ਬਣ ਗਿਆ। ਅਜਿਹੀਆਂ ਘਟਨਾਵਾਂ ਖ਼ਤਰੇ ਦੀ ਘੰਟੀ ਹਨ।

ਸੰਵਿਧਾਨ ਹਰ ਬਾਲਗ ਨਾਗਰਿਕ ਨੂੰ ਚੋਣ ਲੜ ਕੇ ਲੋਕਾਂ ਦੀ ਨੁਮਾਇੰਦਗੀ ਕਰਨ ਦਾ ਹੱਕ ਦਿੰਦਾ ਹੈ। ਇਹ ਹੱਕ ਚੋਣ ਪ੍ਰਕਿਰਿਆ ਨੇ ਵਿਹਾਰਕ ਤੌਰ 'ਤੇ ਦੇਸ਼ ਦੇ ਬਹੁਗਿਣਤੀ ਨਾਗਰਿਕਾਂ ਤੋਂ ਖੋਹ ਲਿਆ ਹੈ। ਹੁਣ ਚੋਣ ਲੜਨਾ ਸਾਧਾਰਨ ਲੋਕਾਂ ਦੀ ਪਹੁੰਚ ਤੋਂ ਬਾਹਰ ਹੈ। ਇਹ ਕਾਰਜ ਕਾਫੀ ਮਹਿੰਗਾ ਹੈ। ਇਸ ਵਾਸਤੇ ਉਮੀਦਵਾਰੀ ਪੱਤਰ ਦਾਖਲ ਕਰਨ ਲਈ ਵੱਡੀ ਰਕਮ ਸਕਿਉਰਿਟੀ ਵਜੋਂ ਜਮ੍ਹਾਂ ਕਰਵਾਉਣੀ ਪੈਂਦੀ ਹੈ। ਲੋਕ ਸਭਾ ਚੋਣ ਵਾਸਤੇ 25000 ਰੁਪਏ ਅਤੇ ਵਿਧਾਨ ਸਭਾ ਚੋਣਾਂ ਲਈ 10000 ਰੁਪਏ ਸਕਿਉਰਿਟੀ ਚੋਣ ਕਮਿਸ਼ਨ ਨੇ ਤੈਅ ਕੀਤੀ ਹੋਈ ਹੈ। ਪ੍ਰਚਾਰ ਵਾਸਤੇ ਇਸ਼ਤਿਹਾਰ ਦੇਣਾ, ਵੋਟਰਾਂ ਤੱਕ ਪਹੁੰਚ ਕਰਨ ਲਈ ਮੀਟਿੰਗਾਂ ਤੇ ਇਕੱਠਾਂ ਆਦਿ ਉਪਰ ਖਰਚੇ ਕਾਫੀ ਵਧ ਗਏ ਹਨ। ਹੁਣ ਤਾਂ ਪੰਚਾਇਤ ਚੋਣਾਂ 'ਤੇ ਹੀ ਲੱਖਾਂ ਰੁਪਏ ਖਰਚ ਹੋ ਜਾਂਦੇ ਹਨ। ਭਾਰਤ ਸਰਕਾਰ ਦੇ ਪੀਰੀਆਡਕ ਲੇਬਰ ਫੋਰਸ ਸਰਵੇਖਣ-2022 ਅਨੁਸਾਰ, ਦੇਸ਼ ਦੇ 82% ਕੰਮਕਾਜੀ ਲੋਕਾਂ ਦੀ ਮਹੀਨੇ ਦੀ ਕਮਾਈ 9000 ਰੁਪਏ ਤੋਂ ਘੱਟ ਹੈ। ਇਉਂ ਚੋਣ ਖਰਚੇ ਗਰੀਬ ਅਤੇ ਮੱਧ ਵਰਗ ਦੀ ਪਹੁੰਚ ਤੋਂ ਬਾਹਰ ਹਨ। ਇਉਂ ਚੋਣਾਂ ਲੜਨਾ ਇਨ੍ਹਾਂ ਵਰਗਾਂ ਦੇ ਵੱਸ ਦੀ ਗੱਲ ਨਹੀਂ, ਇਹ ਧਨਾਢ ਤੇ ਪੂੰਜੀਪਤੀਆਂ ਦੀ ਖੇਡ ਰਹਿ ਗਈ ਹੈ। ਹੇਠਲੇ ਵਰਗਾਂ ਦੇ ਜਿੰਨੇ ਮਰਜ਼ੀ ਚੇਤਨ, ਸਿਆਣੇ ਤੇ ਬੁਧੀਮਾਨ ਨਾਗਰਿਕ ਹੋਣ, ਉਹ ਇਸ ਖੇਡ ਵਿੱਚ ਸ਼ਾਮਲ ਨਹੀਂ ਹੋ ਸਕਦੇ। ਇਉਂ ਉਨ੍ਹਾਂ ਤੋਂ ਲੋਕਾਂ ਦੀ ਨੁਮਾਇੰਦਗੀ ਕਰਨ ਦਾ ਹੱਕ ਚੋਣ ਪ੍ਰਕਿਰਿਆ ਨੇ ਖੋਹ ਲਿਆ। ਇਨ੍ਹਾਂ ਵਰਗਾਂ 'ਚੋਂ ਉਹੀ ਚੋਣ ਲੜ ਸਕਦੇ ਹਨ ਜਿਹੜੇ ਵੱਡੀਆਂ ਪਾਰਟੀਆਂ ਵੱਲੋਂ ਉਮੀਦਵਾਰ ਐਲਾਨੇ ਜਾਣ, ਚੋਣ ਖਰਚ ਪਾਰਟੀ ਜਾਂ ਕੋਈ ਪੂੰਜੀਪਤੀ ਮਦਦ ਕਰੇ। ਇਨ੍ਹਾਂ ਹਾਲਾਤ 'ਚ ਸਾਧਾਰਨ ਘਰਾਂ ਦੇ ਯੋਗ ਉਮੀਦਵਾਰਾਂ ਨੂੰ ਆਜ਼ਾਦ ਤੌਰ 'ਤੇ ਵਿਚਰਨਾ ਸੰਭਵ ਨਹੀਂ ਰਹਿੰਦਾ। ਜਿੰਨੀ ਦੇਰ ਸਰਕਾਰ ਚੋਣਾਂ 'ਤੇ ਹੋਣ ਵਾਲੇ ਖਰਚੇ ਦਾ ਪ੍ਰਬੰਧ ਯੂਰੋਪੀਅਨ ਦੇਸ਼ਾਂ ਵਾਂਗ ਨਹੀਂ ਕਰਦੀ, ਗਰੀਬ ਅਤੇ ਮੱਧ ਵਰਗੀ ਲੋਕ ਚੋਣ ਲੜਨ ਦੀ ਹਿੰਮਤ ਨਹੀਂ ਕਰ ਸਕਦੇ।

ਕੁਝ ਵਿਧਾਇਕ ਅਤੇ ਪਾਰਲੀਮੈਂਟ ਮੈਂਬਰ ਜਿਸ ਪਾਰਟੀ ਦੀ ਟਿਕਟ 'ਤੇ ਚੋਣ ਲੜ ਕੇ ਜਿੱਤਦੇ ਹਨ, ਉਸ ਨੂੰ ਛੱਡ ਕੇ ਵਿਰੋਧੀ ਪਾਰਟੀ/ਪਾਰਟੀਆਂ ਵਿੱਚ ਸ਼ਾਮਲ ਹੋ ਜਾਂਦੇ ਹਨ। ਇਸ ਅਮਲ ਵਿੱਚ ਪਿਛਲੇ ਇੱਕ ਦਹਾਕੇ ਤੋਂ ਤੇਜ਼ੀ ਆਈ ਹੈ। ਚੁਣੇ ਨੁਮਾਇੰਦਿਆਂ ਦਾ ਆਮ ਤੌਰ 'ਤੇ ਕੇਂਦਰ ਵਿੱਚ ਸੱਤਾ 'ਤੇ ਕਾਬਜ਼ ਪਾਰਟੀ ਵਿੱਚ ਸ਼ਾਮਲ ਹੋਣ ਦਾ ਰੁਝਾਨ ਵੱਧ ਦੇਖਣ ਨੂੰ ਮਿਲਦਾ ਹੈ। ਬਹੁਤੀ ਵਾਰੀ ਵਿਧਾਨ ਸਭਾ ਦੇ ਮੈਂਬਰਾਂ ਦਾ ਇੱਕ ਹਿੱਸਾ ਸੂਬੇ ਦੀ ਹਾਕਮ ਪਾਰਟੀ ਛੱਡ ਕੇ ਉਸ ਪਾਰਟੀ ਦੇ ਬਹੁਮਤ ਨੂੰ ਘੱਟ ਗਿਣਤੀ ਵਿੱਚ ਬਦਲ ਦਿੰਦਾ ਹੈ ਅਤੇ ਵਿਰੋਧੀ ਪਾਰਟੀ ਵਿੱਚ ਸ਼ਾਮਲ ਹੋ ਜਾਂਦਾ ਹੈ। ਫਿਰ ਸੂਬੇ ਦਾ ਗਵਰਨਰ ਵਿਰੋਧੀ ਪਾਰਟੀ ਦੇ ਨੇਤਾ ਨੂੰ ਮੁੱਖ ਮੰਤਰੀ ਦੀ ਸਹੁੰ ਚੁੱਕਾ ਦਿੰਦਾ ਹੈ। ਇਹ ਵਰਤਾਰਾ ਗੋਆ ਅਤੇ ਕਰਨਾਟਕ ਤੋਂ ਸ਼ੁਰੂ ਹੋ ਕੇ ਮੱਧ ਪ੍ਰਦੇਸ਼, ਬਿਹਾਰ ਤੇ ਮਹਾਰਾਸ਼ਟਰ ਤੱਕ ਪਹੁੰਚ ਗਿਆ। ਇਸ ਅਮਲ ਨਾਲ ਕਾਂਗਰਸ ਦੀਆਂ ਜਾਂ ਕਾਂਗਰਸ ਦੀਆਂ ਖੇਤਰੀ ਪਾਰਟੀਆਂ ਨਾਲ ਗਠਜੋੜ ਵਾਲੀਆਂ ਸਰਕਾਰਾਂ ਤੋੜੀਆਂ ਗਈਆਂ। ਕੁਝ ਸਮਾਂ ਪਹਿਲਾਂ ਹਿਮਾਚਲ ਪ੍ਰਦੇਸ਼ ਵਿੱਚ ਵੀ ਅਜਿਹੀ ਅਸਫਲ ਕੋਸਿ ?ਸ਼ ਕੀਤੀ ਗਈ। ਇਸ ਵਰਤਾਰੇ ਨਾਲ ਚੁਣੇ ਨੁਮਾਇੰਦੇ ਆਪਣੇ ਵੋਟਰਾਂ ਨਾਲ ਵਿਸ਼ਵਾਸਘਾਤ ਕਰਦੇ ਹਨ। ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਤੋੜਨ ਵਾਸਤੇ ਅਹੁਦਿਆਂ ਅਤੇ ਮੋਟੀਆਂ ਰਕਮਾਂ ਦਾ ਲਾਲਚ ਦਿੱਤਾ ਜਾਂਦਾ ਹੈ। ਕਈ ਵਾਰ ਸੁਰੱਖਿਆ ਏਜੰਸੀਆਂ ਵਲੋਂ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਫਸਾਉਣ ਦੀ ਧਮਕੀ ਜਾਂ ਆਮਦਨ ਕਰ ਤੇ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵਲੋਂ ਮਨੀ ਲਾਂਡਰਿੰਗ ਦੇ ਕੇਸ ਦੀ ਤਲਵਾਰ ਲਟਕਾਉਣ ਬਾਰੇ ਮੀਡੀਆ ਰਿਪੋਰਟਾਂ ਪੜ੍ਹਨ ਨੂੰ ਮਿਲਦੀਆਂ ਹਨ। ਕੇਂਦਰ ਵਿੱਚ ਹਾਕਮ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਬਾਅਦ ਦਲ ਬਦਲੀ ਵਾਲੇ ਨੁਮਾਇੰਦੇ ਸੁਰੱਖਿਅਤ ਹੋ ਜਾਂਦੇ ਹਨ। ਇਹ ਇੱਕ ਪਾਸੇ ਇਖਲਾਕੀ ਗਿਰਾਵਟ ਦੀ ਨਿਸ਼ਾਨੀ ਹੈ; ਦੂਜੇ ਪਾਸੇ ਲੋਕਾਂ ਨਾਲ ਵਿਸ਼ਵਾਸਘਾਤ ਹੈ।

ਇਸ ਤੋਂ ਵੱਡਾ ਧੋਖਾ ਇਹ ਹੈ ਕਿ ਵੋਟਾਂ ਮਜ਼ਦੂਰਾਂ, ਕਿਸਾਨਾਂ ਅਤੇ ਮੱਧ ਵਰਗ ਦੇ ਨਾਮ 'ਤੇ ਮੰਗੀਆਂ ਜਾਂਦੀਆਂ ਹਨ ਪਰ ਜਿੱਤ ਤੋਂ ਬਾਅਦ ਸਰਕਾਰਾਂ ਕੰਮ ਕਾਰਪੋਰੇਟ ਘਰਾਣਿਆਂ ਵਾਸਤੇ ਕਰਦੀਆਂ ਹਨ। ਇਸੇ ਕਰ ਕੇ ਕਾਰਪੋਰੇਟ ਮੀਡੀਆ ਦਿਨ ਰਾਤ ਐਸੀਆਂ ਪਾਰਟੀਆਂ ਅਤੇ ਲੀਡਰਾਂ ਦਾ ਗੁਣਗਾਨ ਕਰਦਾ ਹੈ। ਕੇਂਦਰ ਵਿੱਚ ਹਾਕਮ ਪਾਰਟੀ ਨੇ ਗਣਤੰਤਰ ਦੀਆਂ ਥੰਮ੍ਹ ਏਜੰਸੀਆਂ ਜਿਵੇਂ ਚੋਣ ਕਮਿਸ਼ਨ, ਖ਼ੁਦਮੁਖ਼ਤਾਰ ਨਿਆਂਪਾਲਿਕਾ ਨੂੰ ਕਾਫੀ ਹੱਦ ਤੱਕ ਡਰਾ ਲਿਆ ਹੈ; ਮੀਡੀਆ ਦੀ ਖ਼ੁਦਮੁਖ਼ਤਾਰੀ ਖ਼ਤਮ ਕਰ ਦਿੱਤੀ ਹੈ। ਸਵੀਡਨ ਦੀ ਵੀ-ਡੈਮ (ਵਰਾਇਟੀਜ਼ ਆਫ ਡੈਮੋਕਰੇਸੀ) ਇੰਸਟੀਚਿਊਟ ਨੇ 2018 ਵਿੱਚ ਭਾਰਤ ਨੂੰ ਚੁਣੀ ਹੋਈ ਤਾਨਾਸ਼ਾਹੀ ਐਲਾਨ ਦਿੱਤਾ ਸੀ ਅਤੇ 2024 ਵਿੱਚ ਸਭ ਤੋਂ ਬਦਤਰ ਤਾਨਾਸ਼ਾਹੀ ਵਿੱਚ ਤਬਦੀਲ ਹੋਣ ਦਾ ਦਾਅਵਾ ਕੀਤਾ ਸੀ।

ਲੋਕਾਂ ਤੋਂ ਵੋਟਾਂ ਪਾਉਣ ਅਤੇ ਚੋਣਾਂ ਲੜ ਕੇ ਨੁਮਾਇੰਦਗੀ ਕਰਨ ਦਾ ਹੱਕ ਖੋਹਣ ਦੇ ਯਤਨ ਸਾਹਮਣੇ ਆ ਰਹੇ ਹਨ। ਗਣਤੰਤਰ ਨੂੰ ਤਾਨਾਸ਼ਾਹੀ ਵਲ ਧੱਕਿਆ ਜਾ ਰਿਹਾ ਹੈ। ਸੰਵਿਧਾਨ ਦਾ ਖਾਸਾ ਧਰਮ ਨਿਰਪੱਖ ਅਤੇ ਜਮਹੂਰੀ ਗਣਤੰਤਰ ਤੋਂ ਬਦਲ ਕੇ ਹਿੰਦੂ ਤਾਨਾਸ਼ਾਹ ਰਾਸ਼ਟਰਵਾਦ ਵੱਲ ਲਿਜਾਣ ਦੇ ਜ਼ਾਹਿਰਾ ਯਤਨ ਕੀਤੇ ਜਾ ਰਹੇ ਹਨ। ਇਸੇ ਕਰ ਕੇ ਮੌਜੂਦਾ ਚੋਣਾਂ ਦੀ ਅਹਿਮੀਅਤ ਹੋਰ ਵਧ ਜਾਂਦੀ ਹੈ। ਇਹ ਹੁਣ ਵੋਟਰਾਂ ਦੀ ਸੂਝ ਅਤੇ ਸਿਆਣਪ 'ਤੇ ਨਿਰਭਰ ਕਰੇਗਾ ਕਿ ਉਹ ਇਸ ਮਾੜੇ ਰੁਝਾਨ ਨੂੰ ਰੋਕਣ ਲਈ ਕੀ ਪੈਂਤੜਾ ਮੱਲਦੇ ਹਨ। ਇਹ ਇਸ ਗੱਲ 'ਤੇ ਵੀ ਨਿਰਭਰ ਕਰੇਗਾ ਕਿ ਵਿਰੋਧੀ ਮੁਹਾਜ਼ ਆਪਣਾ ਏਕਾ ਬਰਕਰਾਰ ਰੱਖ ਕੇ ਲੋਕਾਂ ਵਿੱਚ ਆਪਣਾ ਜਮਹੂਰੀ ਏਜੰਡਾ ਪ੍ਰਚਾਰਨ ਵਿੱਚ ਕਿਥੋਂ ਤੱਕ ਸਫਲ ਹੁੰਦਾ ਹੈ।

# ਸਕੂਲ ਆਫ਼ ਐਮੀਨੈਂਸ ਮਾਲ ਰੋਡ ਵਿਖੇ ਚੋਣ ਜਾਗਰੂਕਤਾ ਸੈਮੀਨਾਰ




**ਅੰਮ੍ਰਿਤਸਰ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸ਼੍ਰੀ ਘਨਸ਼ਾਮ ਥੋਰੀ ਦੀ ਯੋਗ ਅਗੁਆਈ ਹੇਠ ਅੰਮ੍ਰਿਤਸਰ ਉੱਤਰੀ ਵਿਧਾਨ ਸਭਾ ਹਲਕੇ ਦੇ ਸਹਾਇਕ ਰਿਟਰਨਿੰਗ ਅਫ਼ਸਰ-ਕਮ-ਵਧੀਕ ਮੁੱਖ ਪ੍ਰਕਾਸ਼ਕ, ਅੰਮ੍ਰਿਤਸਰ ਵਿਕਾਸ ਅਥਾਰਟੀ ਸ਼੍ਰੀ ਰਜਤ ਓਬਰਾਏ ਵਲੋਂ ਉਲੀਕੇ ਪ੍ਰੋਗਰਾਮ ਤਹਿਤ ਅਗਾਮੀ ਲੋਕ ਸਭਾ ਚੋਣਾਂ-2024 ਵਿੱਚ ਵੋਟਰਾਂ ਦੀ ਹਿੱਸੇਦਾਰੀ ਵਧਾਉਣ ਲਈ ਸੁਚਾਰੂ ਵੋਟਰ ਸਿੱਖਿਆ ਅਤੇ ਚੋਣ ਭਾਗੀਦਾਰੀ (ਸਵੀਪ) ਸਬੰਧੀ ਗਤੀਵਿਧੀਆਂ ਦੀ ਲੜੀ ਵਜੋਂ ਅੱਜ ਸਕੂਲ ਆਫ਼ ਐਮੀਨੈਂਸ, ਮਾਲ ਰੋਡ ਵਿਖੇ ਚੋਣ ਚੇਤਨਾ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਬੱਚਿਆਂ ਵਲੋਂ ਮਹਿੰਦੀ, ਰੰਗੋਲੀ ਬਣਾ ਕੇ ਅਤੇ ਗਿੱਧਾ ਪਾ ਕੇ ਲੋਕਾਂ ਨੂੰ ਵੋਟ ਦੀ ਅਹਿਮੀਅਤ ਬਾਰੇ ਦੱਸਿਆ ਗਿਆ। ਇਸ ਸੈਮੀਨਾਰ ਵਿੱਚ 2023 ਬੈਚ ਦੇ ਆਈ.ਏ.ਐਸ.ਅਧਿਕਾਰੀ ਸ਼੍ਰੀਮਤੀ ਸੋਨਮ ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਲ ਹੋਏ। ਇਸ ਮੌਕੇ ਬੋਲਦੇ ਹੋਏ ਉਹਨਾਂ ਕਿਹਾ ਕਿ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਸਕੂਲਾਂ ਵਿੱਚ ਸਥਾਪਿਤ ਕੀਤੇ ਗਏ ਚੋਣ ਸਾਖ਼ਰਤਾ ਕਲੱਬਾਂ ਵਲੋਂ ਕਰਵਾਏ ਗਏ ਇਹਨਾਂ ਮੁਕਾਬਲਿਆਂ ਦਾ ਮੁੱਖ ਮਕੱਸਦ ਵਿਦਿਆਰਥੀਆਂ ਰਾਹੀਂ ਵੋਟ ਸੁਨੇਹਾ ਸਮਾਜ ਦੇ ਅਲੱਗ-ਅਲੱਗ ਵਰਗਾਂ ਤੱਕ ਪਹੁੰਚਾਣਾ ਹੈ। ਉਹਨਾਂ ਕਿਹਾ ਕਿ ਜਿਲ੍ਹਾ ਪ੍ਰਸ਼ਾਸਨ ਵਲੋਂ ਵੋਟਰਾਂ ਨੂੰ ਜਾਗਰੂਕ ਕਰਨ ਲਈ ਵੱਡੀ ਪੱਧਰ ਤੇ ਸਵੀਪ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਚੋਣ ਕਮਿਸ਼ਨ ਵਲੋਂ ਪ੍ਰਾਪਤ ਹਦਾਇਤਾਂ ਅਨੁਸਾਰ ਸਮਾਜ ਦੇ ਹਨ ਵਰਗ ਨੂੰ ਅਗਾਮੀ ਲੋਕਸਭਾ ਚੋਣਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਚੋਣ ਸਾਖ਼ਰਤਾਂ ਕਲਬਾਂ ਦੀ ਪ੍ਰਸ਼ੰਸਾ ਕਰਦੇ ਹੋਏ ਉਹਨਾਂ ਕਿਹਾ ਕਿ ਇਹਨਾਂ ਕਲਬਾਂ ਦੇ ਯਤਨਾਂ ਸਦਕਾ ਹੀ ਮੁੱਖ ਚੋਣ ਦਫ਼ਤਰ, ਪੰਜਾਬ ਵਲੋਂ ਅੰਮ੍ਰਿਤਸਰ ਜਿਲ੍ਹੇ ਨੂੰ ਦੋ ਵਾਰ ਸਵੀਪ ਗਤੀਵਿਧੀਆਂ ਲਈ ਪਹਿਲਾ ਸਥਾਨ ਦਿੱਤਾ ਗਿਆ ਹੈ। ਉਹਨਾਂ ਕਿਹਾ ਕਿ ਭਾਰਤ ਵਿੱਚ ਚੋਣਾਂ ਨੂੰ ਇੱਕ ਤਿਉਹਾਰ ਦੀ ਤਰ੍ਹਾਂ ਮਨਾਇਆ ਜਾਂਦਾ ਹੈ, ਇਸ ਲਈ ਸਾਡਾ ਸਾਰਿਆਂ ਦਾ ਫ਼ਰਜ਼ ਬਣਦਾ ਹੈ ਕਿ ਅਸੀਂ ਇਸ ਚੋਣਾਂ ਦੇ ਪਰਵ ਵਿੱਚ ਆਪਣੀ ਸ਼ਮੂਲੀਅਤ ਦਰਜ਼ ਕਰਵਾਉਂਦੇ ਹੋਏ ਆਪਣੇ ਵੋਟ ਦੇਣ ਦੇ ਹੱਕ ਦੀ ਵਰਤੋਂ ਕਰੀਏ। ਉਹਨਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਵੋਟਰਾਂ ਦੀ ਸਹਾਇਤਾ ਲਈ ਵੋਟਰ ਹੈਲਪਲਾਈਨ ਟੋਲ ਫ਼੍ਰੀ ਨੰਬਰ 1950 ਜਾਰੀ ਕੀਤਾ ਗਿਆ ਹੈ, ਜਿਸ ਉੱਤੇ ਡਾਈਲ ਕਰਕੇ ਵੋਟਰ ਕੋਈ ਵੀ ਜਾਣਕਾਰੀ ਲੈ ਸਕਦਾ ਹੈ।

ਇਸ ਸੈਮੀਨਾਰ ਵਿੱਚ ਬੱਚਿਆਂ ਲਈ ਇੱਕ ਕੁਵਿਜ਼ ਦਾ ਵੀ ਆਯੋਜਨ ਕੀਤਾ ਗਿਆ, ਜਿਸ ਵਿੱਚ ਬੱਚਿਆਂ ਨੂੰ ਚੋਣਾਂ ਬਾਰੇ ਸਵਾਲ ਪੁੱਛੇ ਗਏ। ਸਕੂਲ ਦੀਆਂ ਵਿਦਿਆਰਥਣਾਂ ਵਲੋਂ ਵੋਟਰ ਜਾਗਰੂਕਤਾ ਅਧਾਰਿਤ ਗਿੱਧੇ ਦੀ ਵੀ ਪੇਸ਼ਕਾਰੀ ਕੀਤੀ ਗਈ। ਸਕੂਲ਼ ਵਿੱਚ ਵੋਟਰ ਜਾਗਰੂਕਤਾ ਨਾਲ ਸਬੰਧਤ ਕਰਵਾਏ ਗਏ ਮੁਕਾਬਲਿਆਂ ਵਿੱਚ ਜੇਤੂ ਰਹਿਆਂ ਵਿਦਿਆਰਥਣਾਂ ਨੂੰ ਇਨਾਮ ਵੀ ਤਕਸੀਮ ਕੀਤੇ ਗਏ।

# ਅਕਾਲੀ ਦਲ ਉਮੀਦਵਾਰ ਨੇ ਅੱਧੀ ਦਰਜਨ ਪਿੰਡਾਂ 'ਚ ਜਨਸਭਾਵਾਂ ਨੂੰ ਕੀਤਾ ਸੰਬੋਧਨ



**ਡੇਰਾ ਬਸੀ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਨ.ਕੇ.ਸ਼ਰਮਾ ਨੇ ਕਿਹਾ ਹੈ ਕਿ ਇਨ੍ਹਾਂ ਚੋਣਾਂ ਵਿੱਚ ਭਾਜਪਾ ਉਮੀਦਵਾਰ ਪ੍ਰਨੀਤ ਕੌਰ ਅਤੇ ਕਾਂਗਰਸ ਦੇ ਉਮੀਦਵਾਰ ਧਰਮਵੀਰ ਗਾਂਧੀ ਦਾ ਸਿਆਸੀ ਕਿਰਦਾਰ ਬੇਨਕਾਬ ਹੋ ਗਿਆ ਹੈ। ਐਨ.ਕੇ.ਸ਼ਰਮਾ ਚੋਣ ਪ੍ਰਚਾਰ ਦੇ ਹਿੱਸੇ ਵਜੋਂ ਸਮਾਗੌਲੀ, ਰਾਮਪੁਰ ਸੈਣੀਆਂ, ਹਰੀਪੁਰ ਹਿੰਦਵਾ, ਸੁੰਢਰਾ, ਗੁਰੂ ਨਾਨਕ ਕਲੋਨੀ, ਤ੍ਰਿਵੇਦੀ ਕੈਂਪ, ਭੰਖਰਪੁਰ ਅਤੇ ਗੋਲਡਨ ਐਨਕਲੇਵ ਵਿੱਚ ਜਨਸਭਾਵਾਂ ਨੂੰ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਪਟਿਆਲਾ ਤੋਂ ਸੰਸਦ ਮੈਂਬਰ ਰਹਿੰਦਿਆਂ ਪ੍ਰਨੀਤ ਕੌਰ ਅਤੇ ਧਰਮਵੀਰ ਗਾਂਧੀ ਨੇ ਕੋਈ ਵੀ ਵਿਕਾਸ ਕਾਰਜ ਨਹੀਂ ਕਰਵਾਇਆ, ਜਿਸ ਕਾਰਨ ਉਹ ਅੱਜ ਵਿਕਾਸ ਦੇ ਨਾਮ 'ਤੇ ਵੋਟਾਂ ਮੰਗਣ ਦੇ ਲਾਇਕ ਨਹੀਂ ਹਨ। ਸ਼ਰਮਾ ਨੇ ਕਿਹਾ ਕਿ ਧਰਮਵੀਰ ਗਾਂਧੀ ਅਤੇ ਪ੍ਰਨੀਤ ਕੌਰ ਲੋਕ ਸਭਾ ਵਿੱਚ ਆਪਣੇ ਕਾਰਜਕਾਲ ਦੌਰਾਨ ਚੁੱਪ-ਚਾਪ ਬੈਠ ਕੇ ਸਮਾਂ ਬਿਤਾਉਂਦੇ ਰਹੇ।

ਇਨ੍ਹਾਂ ਚੋਣਾਂ ਵਿੱਚ ਦੋਵਾਂ ਉਮੀਦਵਾਰਾਂ ਦੇ ਸਿਆਸੀ ਕਿਰਦਾਰ ਵੀ ਲੋਕਾਂ ਸਾਹਮਣੇ ਬੇਨਕਾਬ ਹੋ ਗਏ ਹਨ। ਸ਼ਰਮਾ ਨੇ ਕਿਹਾ ਕਿ ਗਾਂਧੀ ਨੇ ਪਹਿਲਾਂ ਆਮ ਆਦਮੀ ਪਾਰਟੀ ਤੋਂ ਚੋਣ ਲੜੀ ਅਤੇ ਜਿੱਤੇ। ਜਿੱਤਣ ਤੋਂ ਬਾਅਦ ਆਪ ਨੂੰ ਧੋਖਾ ਦੇ ਦਿੱਤਾ। ਇਸ ਤੋਂ ਬਾਅਦ ਉਹ ਕਦੇ ਲੋਕ ਸਭਾ ਨਹੀਂ ਗਏ। 2019 ਵਿੱਚ, ਜਦੋਂ ਉਨ੍ਹਾਂ ਨੇ ਰਾਜਨੀਤਿਕ ਲਾਲਸਾ ਤੋਂ ਬਾਹਰ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੀ ਤਾਂ ਜਨਤਾ ਨੇ ਉਨ੍ਹਾਂ ਨੂੰ ਨਕਾਰ ਦਿੱਤਾ। ਆਪਣੇ ਪੂਰੇ ਕਾਰਜਕਾਲ ਦੌਰਾਨ ਕਾਂਗਰਸ ਨੂੰ ਗਾਲ੍ਹਾਂ ਕੱਢਣ ਵਾਲੇ ਗਾਂਧੀ ਹੁਣ ਕਾਂਗਰਸ ਦੀ ਗੋਦ ਵਿੱਚ ਜਾ ਬੈਠੇ ਹਨ। ਇਸੇ ਤਰ੍ਹਾਂ ਪ੍ਰਨੀਤ ਕੌਰ ਨੇ ਆਪਣੀਆਂ ਸਾਰੀਆਂ ਚੋਣਾਂ ਭਾਜਪਾ ਦਾ ਵਿਰੋਧ ਕਰਦਿਆਂ ਲੜੀਆਂ ਅਤੇ ਹੁਣ ਉਹ ਭਾਰਤੀ ਜਨਤਾ ਪਾਰਟੀ ਦੀ ਉਮੀਦਵਾਰ ਬਣ ਗਈ ਹਨ। ਸ਼ਰਮਾ ਨੇ ਅਕਾਲੀ ਦਲ ਦੀ ਸਰਕਾਰ ਵੱਲੋਂ ਕੀਤੇ ਵਿਕਾਸ ਕਾਰਜਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਜਨਤਾ ਨੂੰ ਇਸ ਵਾਰ ਲੋਕ ਸਭਾ ਚੋਣਾਂ ਵਿੱਚ ਵੋਟਾਂ ਪਾਉਣ ਤੋਂ ਪਹਿਲਾਂ ਉਮੀਦਵਾਰ ਵੱਲੋਂ ਕੀਤੇ ਵਿਕਾਸ ਕਾਰਜਾਂ, ਉਸਦੇ ਕਿਰਦਾਰ ਅਤੇ ਪਾਰਟੀ ਦੀ ਪੰਜਾਬ ਪ੍ਰਤੀ ਵਫ਼ਾਦਾਰੀ ਨੂੰ ਜ਼ਰੂਰ ਦੇਖਣਾ ਚਾਹੀਦਾ ਹੈ। ਇਸ ਮੌਕੇ ਦਰਜਨਾਂ ਦੀ ਗਿਣਤੀ 'ਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਸ਼੍ਰੋਮਣੀ ਅਕਾਲੀ ਦਲ ਦਾ ਪੱਲ੍ਹਾ ਫੜਿਆ। ਪ੍ਰੋਗਰਾਮ ਦੌਰਾਨ ਅਕਾਲੀ ਆਗੂ ਰਾਜਿੰਦਰ ਸਿੰਘ ਈਸਾਪੁਰ, ਅਨਿਲ ਰਾਣਾ ਸਾਬਕਾ ਸਰਪੰਚ, ਸਤਪਾਲ ਰਾਣਾ, ਡਾ. ਕੁਲਦੀਪ ਪਵਨ ਸ਼ਰਮਾ, ਸੁਰੇਸ਼ ਕੁਮਾਰ, ਰਮੇਸ਼ ਕੁਮਾਰ, ਸੰਜੂ ਰਾਣਾ ਸਾਂਗੋਦ, ਰਿੰਕੂ ਰਾਣਾ, ਨੀਰਜ ਰਾਣਾ, ਗੁਰਪ੍ਰੀਤ ਸਿੰਘ ਰਾਮਪੁਰ ਸੈਣੀਆਂ ਸਮੇਤ ਕਈ ਪਤਵੰਤੇ ਹਾਜ਼ਰ ਸਨ।

ਜ਼ਿਕਰਯੋਗ ਹੈ ਕਿ ਜਦੋਂ ਤੋਂ ਐਨ. ਕੇ. ਸ਼ਰਮਾ ਨੇ ਚੋਣ ਪ੍ਰਚਾਰ ਸ਼ੁਰੂ ਕੀਤਾ ਹੈ ਉਸ ਸਮੇਂ ਤੋਂ ਹੀ ਸਮੁੱਚੇ ਪਟਿਆਲਾ ਜ਼ਿਲ੍ਹੇ ਵਿਚ ਉਨ੍ਹਾਂ ਦੀ ਲੋਕਪ੍ਰਿਯਤਾ ਵੱਧਦੀ ਜਾ ਰਹੀ ਹੈ। ਅੱਜ ਹਰ ਪਾਸੇ ਸਿਰਫ਼ ਐਨ. ਕੇ. ਸ਼ਰਮਾ ਦੀ ਜਿੱਤ ਦੇ ਦਾਅਵੇ ਹੋ ਰਹੇ ਹਨ।

# ਪਾਣੀਪਤ ਦੀਆਂ ਹਾਰੀਆਂ ਲੜਾਈਆਂ ਨਹੀਂ ਸਰਹਿੰਦ ਦੀ ਫਤਿਹ ਬੱਚਿਆਂ ਦੇ ਸਿਲੇਬਸ ਵਿੱਚ ਸ਼ਾਮਿਲ ਕੀਤੀ ਜਾਵੇ : ਬਾਵਾ

**➢ 12 ਮਈ ਨੂੰ ਫਤਿਹ ਮਾਰਚ ਦੁਪਹਿਰੇ 1 ਵਜੇ ਚੱਪੜਚਿੜੀ ਦੇ ਇਤਿਹਾਸਿਕ ਅਸਥਾਨ 'ਤੇ ਪੁੱਜੇਗਾ ➢ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂ ਦੀ ਚੇਅਰ ਸਥਾਪਿਤ ਕੀਤੀ ਜਾਵੇ : ਵੈਰਾਗੀ**

**ਮੁਹਾਲੀ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁਹਾਲੀ ਪ੍ਰੈਸ ਕਲੱਬ ਵਿੱਚ ਚੋਣਵੇਂ ਪੱਤਰਕਾਰਾਂ ਨਾਲ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਅਹੁਦੇਦਾਰਾਂ ਨੇ ਫਾਊਂਡੇਸ਼ਨ ਦੇ ਅੰਤਰਰਾਸ਼ਟਰੀ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਸਰਪ੍ਰਸਤ ਇਕਬਾਲ ਸਿੰਘ ਗਿੱਲ ਰਿਟਾ. ਆਈ.ਪੀ.ਐੱਸ. ਅਫਸਰ, ਜਨਰਲ ਸਕੱਤਰ ਫਾਊਂਡੇਸ਼ਨ ਪੰਜਾਬ ਜਸਵੰਤ ਸਿੰਘ ਛਾਪਾ, ਉਮਰਾਓ ਸਿੰਘ ਪ੍ਰਧਾਨ ਫਾਊਂਡੇਸ਼ਨ ਹਰਿਆਣਾ, ਬਾਵਾ ਰਵਿੰਦਰ ਨੰਦੀ ਪ੍ਰਧਾਨ ਬੈਰਾਗੀ ਮਹਾਮੰਡਲ ਪੰਜਾਬ, ਹਰਵਿੰਦਰ ਸਿੰਘ ਹੰਸ ਪ੍ਰਧਾਨ ਫਾਊਂਡੇਸ਼ਨ ਚੰਡੀਗੜ੍ਹ, ਗੁਰਪ੍ਰੀਤ ਸਿੰਘ ਸੰਧੂ ਕੈਨੇਡਾ, ਪੁਸਪਿੰਦਰ ਪਿੰਟਾ ਅਤੇ ਰਾਕੇਸ਼ ਜਲੋਟਾ ਨੇ 12 ਮਈ ਨੂੰ ਸਰਹਿੰਦ ਫਤਿਹ ਦਿਵਸ ਦਾ ਇਤਿਹਾਸਿਕ ਦਿਹਾੜਾ ਮਨਾਉਣ ਸਬੰਧੀ ਜਾਣਕਾਰੀ ਦਿੱਤੀ। ਸ੍ਰੀ ਬਾਵਾ ਨੇ ਦੱਸਿਆ ਕਿ ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ ਲੁਧਿਆਣਾ ਤੋਂ ਜੋ ਫਤਿਹ ਮਾਰਚ ਸਵੇਰੇ 8 ਵਜੇ ਚੱਲੇਗਾ, ਉਹ 1 ਵਜੇ ਚੱਪੜਚਿੜੀ ਦੇ ਇਤਿਹਾਸਿਕ ਸਥਾਨ 'ਤੇ ਪਹੁੰਚੇਗਾ। ਉਹਨਾਂ ਕਿਹਾ ਕਿ ਲੋੜ ਹੈ ਮਹਾਨ ਯੋਧੇ, ਜਰਨੈਲ, ਕਿਸਾਨੀ ਦੇ ਮੁਕਤੀਦਾਤਾ, ਸ਼੍ਰੋਮਣੀ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਜੀਵਨ ਨਾਲ ਸੰਬੰਧਿਤ 12 ਮਈ ਦਾ ਇਤਿਹਾਸਿਕ ਦਿਹਾੜਾ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਸ਼ਾਲ ਸਮਾਗਮ ਦਾ ਆਯੋਜਨ ਕਰਕੇ ਮਨਾਏ। ਉਹਨਾਂ ਕਿਹਾ ਕਿ ਪਾਣੀਪਤ ਦੀਆਂ ਹਾਰੀਆਂ ਲੜਾਈਆਂ ਤਾਂ ਬੱਚਿਆਂ ਦੀ ਸਕੂਲਾਂ ਦੇ ਸਿਲੇਬਸ ਵਿੱਚ ਹਨ ਪਰ ਬਾਬਾ ਬੰਦਾ ਸਿੰਘ ਬਹਾਦਰ ਜੀ ਵੱਲੋਂ ਮੁਗਲ ਸਾਮਰਾਜ ਦੇ 700 ਸਾਲ ਦੇ ਰਾਜ ਦਾ ਖਾਤਮਾ ਕਰਕੇ ਵਜ਼ੀਰ ਖਾਨ ਨੂੰ ਮਾਰ ਮੁਕਾਉਣਾ ਅਤੇ ਸਰਹਿੰਦ 'ਤੇ ਫਤਿਹ ਹਾਸਲ ਕਰਨ ਬਾਰੇ ਕਿਧਰੇ ਨਹੀਂ ਪੜ੍ਹਾਇਆ ਜਾਂਦਾ। ਉਹਨਾਂ ਕਿਹਾ ਕਿ ਪੰਜਾਬ ਸਰਕਾਰ 12 ਮਈ ਦੀ ਛੁੱਟੀ ਦਾ ਐਲਾਨ ਕਰੇ ਅਤੇ ਭਾਰਤ ਦੀ ਸਰਕਾਰ 3 ਸਤੰਬਰ 1708 ਨੂੰ ਗੋਦਾਵਰੀ ਨਦੀ ਦੇ ਕੰਢੇ ਸ਼੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਦਸਮ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਮਾਧੋਦਾਸ ਬੈਰਾਗੀ ਦੇ ਰੂਪ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਨਾਲ ਹੋਏ ਮਿਲਾਪ ਤੋਂ ਬਾਅਦ ਜੋ ਗੌਰਵਮਈ ਇਤਿਹਾਸ ਸਿਰਜਿਆ, ਉਸ ਨੂੰ ਯਾਦ ਕਰਦੇ ਹੋਏ ਸ਼੍ਰੀ ਹਜ਼ੂਰ ਸਾਹਿਬ ਨੰਦੇੜ ਤੋਂ ਚੱਪੜਚਿੜੀ ਤੱਕ ਰਸਤੇ ਦੀ ਨਿਸ਼ਾਨਦੇਹੀ ਕਰਕੇ ਬਾਬਾ ਬੰਦਾ ਸਿੰਘ ਬਹਾਦਰ ਮਾਰਗ ਬਣਾਇਆ ਜਾਵੇ। ਉਹਨਾਂ ਇਲਾਕਾ ਨਿਵਾਸੀਆਂ ਨੂੰ 12 ਮਈ ਨੂੰ ਚੱਪੜਚਿੜੀ ਆਉਣ ਦਾ ਸੱਦਾ ਦਿੱਤਾ ਅਤੇ ਖੁਸ਼ੀਆਂ ਸਾਂਝੀਆਂ ਕਰਨ ਲਈ ਕਿਹਾ।




ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਅਹੁਦੇਦਾਰ ਫਤਿਹ ਦਿਵਸ ਸਬੰਧੀ ਜਾਣਕਾਬੀ ਦਿੰਦੇ ਹੋਏ

ਫਾਊਡੇਸਨ ਵੱਲੋਂ ਮੰਗ ਕੀਤੀ ਗਈ ਕਿ ਪੰਜਾਬ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂ ਤੇ ਕਿਸੇ ਵੀ ਯੂਨੀਵਰਸਿਟੀ ਵਿੱਖ ਚੇਅਰ ਸਥਾਪਤ ਕੀਤੀ ਜਾਵੇ। ਉਨ੍ਹਾਂ ਇਹ ਵੀ ਦੱਸਿਆ ਕਿ ਫਾਂਊਡੇਸਨ ਵੱਲੋਂ ਇਲਾਹੀ ਗਿਆਨ ਦਾ ਸਾਗਰ , ਆਦਿ ਗੁਰੂ ਗਰੰਥ ਸਾਹਿਬ ਮੋਹਾਲੀ ਪ੍ਰੈਸ ਕਲੱਬ ਨੂੰ ਭੇਂਟ ਕੀਤੀ ਗਈ । ਉਨ੍ਹਾਂ ਇਹ ਵੀ ਦੱਸਿਆ ਕਿ ਇਹ ਪੁਸਤਕ ਅਮਰੀਕਾ ਦੇ ਰਾਸਟਰੀ ਪਤੀ ਸਮੇਤ ਦੁਨੀਆਂ ਦੇ ਦੇਸਾਂ ਵਿੱਰ ਭੇਜੀ ਗਈ ਹੈ।

ਕੌਮੀ ਪੱਤ੍ਰਿਕਾ

## ਮਿੰਨੀ ਕਹਾਣੀ: ਭਾਰ



ਭਾਵੇਂ ਕਮਲੇਸ਼ ਦਾ ਵਿਆਹ ਹੋਏ ਨੂੰ ਦੋ ਸਾਲ ਹੋ ਗਏ ਸਨ ਪਰ ਉਸ ਦੇ ਹਾਲੇ ਕੋਈ ਬੱਚਾ ਨਹੀਂ ਹੋਇਆ ਸੀ। ਉਸ ਦਾ ਪਤੀ ਵੀ ਬੱਚੇ ਲਈ ਬਹੁਤਾ ਉਤਸੁਕ ਨਹੀਂ ਸੀ ਜਾਪਦਾ। ਇਸੇ ਲਈ ਉਸ ਨੇ ਬੱਚੇ ਲਈ ਹਾਲੇ ਕਿਸੇ ਲੇਡੀ ਡਾਕਟਰ ਤੋਂ ਸਲਾਹ ਨਹੀਂ ਸੀ ਲਈ। ਦੂਜੇ ਪਾਸੇ ਉਸ ਦੀ ਜਠਾਣੀ ਪਰਮਜੀਤ ਦੇ ਲਗਾਤਾਰ ਚਾਰ ਕੁੜੀਆਂ ਨੇ ਜਨਮ ਲੈ ਲਿਆ ਸੀ। ਕਮਲੇਸ਼ ਨੂੰ ਵਿਆਹੀ ਆਈ ਨੂੰ ਹਾਲੇ ਦਸ ਦਿਨ ਹੀ ਹੋਏ ਸਨ ਜਦੋਂ ਪਰਮਜੀਤ ਨੇ ਚੌਥੀ ਕੁੜੀ ਨੂੰ ਜਨਮ ਦਿੱਤਾ ਸੀ। ਕਮਲੇਸ਼ ਨੂੰ ਚੰਗੀ ਤਰ੍ਹਾਂ ਯਾਦ ਸੀ, ਚੌਥੀ ਕੁੜੀ ਦੇ ਜਨਮ ਲੈਣ 'ਤੇ ਪਰਮਜੀਤ ਨੇ ਰੋ-ਰੋ ਆਪਣਾ ਬੁਰਾ ਹਾਲ ਕਰ ਲਿਆ ਸੀ ਕਿਉਂ ਕਿ ਉਸ ਦਾ ਸਹੁਰਾ ਪਰਿਵਾਰ ਕੁੜੀਆਂ ਦੇ ਜਨਮ ਲਈ ਉਸ ਨੂੰ ਹੀ ਦੋਸ਼ੀ ਸਮਝਦਾ ਸੀ। ਭਾਵੇਂ ਕਮਲੇਸ਼ ਨੇ ਉਸ ਨੂੰ ਇਹ ਸਮਝਾਉਣ ਦੀ ਬੜੀ ਕੋਸ਼ਿਸ਼ ਕੀਤੀ ਸੀ ਕਿ ਔਰਤ ਕੁੜੀ ਦੇ ਜਨਮ ਲਈ ਕਿਸੇ ਤਰ੍ਹਾਂ ਵੀ ਜ਼ਿੰਮੇਵਾਰ ਨਹੀਂ ਹੈ ਫਿਰ ਵੀ ਉਸ ਨੂੰ ਆਪਣੇ ਆਪ ਨੂੰ ਸੰਭਾਲਣ ਵਿਚ ਕਾਫ਼ੀ ਸਮਾਂ ਲੱਗ ਗਿਆ ਸੀ।

ਅੱਜ ਫਿਰ ਪਰਮਜੀਤ ਨੇ ਪੰਜਵੀਂ ਕੁੜੀ ਨੂੰ ਜਨਮ ਦਿੱਤਾ ਸੀ। ਸਾਰਾ ਸਹੁਰਾ ਪਰਿਵਾਰ ਫਿਰ ਕੁੜੀ ਹੋਣ 'ਤੇ ਉਦਾਸੀ ਦੇ ਸਮੁੰਦਰ ਵਿਚ ਡੁੱਬ ਗਿਆ। ਇਹ ਵੇਖ ਕੇ ਪਰਮਜੀਤ ਦਾ ਸਰੀਰ ਬਿਲਕੁਲ ਠੰਢਾ ਪੈ ਗਿਆ। ਕਮਲੇਸ਼ ਨੇ ਹਿੰਮਤ ਕਰ ਕੇ ਆਪਣੇ ਪਤੀ ਨੂੰ ਲਾਗਲੇ ਪਿੰਡ ਤੋਂ ਡਾਕਟਰ ਲਿਆਉਣ ਲਈ ਕਿਹਾ। ਡਾਕਟਰ ਨੇ ਆ ਕੇ ਪਰਮਜੀਤ ਦਾ ਚੈੱਕਅੱਪ ਕੀਤਾ। ਉਸ ਦਾ ਬਲੱਡ ਪ੍ਰੈਸ਼ਰ ਕਾਫ਼ੀ ਘੱਟ ਸੀ। ਡਾਕਟਰ ਨੇ ਪਰਮਜੀਤ ਦੇ ਇਕ ਟੀਕਾ ਲਾਇਆ ਅਤੇ ਗੋਲੀਆਂ ਖਾਣ ਨੂੰ ਦਿੱਤੀਆਂ। ਇਕ ਘੰਟੇ ਪਿੱਛੋਂ ਉਸ ਦੀ ਸਿਹਤ ਕੁਝ ਠੀਕ ਹੋ ਗਈ। 'ਕਮਲੇਸ਼ ਮੈਂ ਤਾਂ ਐਤਕੀਂ ਰੱਬ ਅੱਗੇ ਵੀ ਬੜੀਆਂ ਅਰਦਾਸਾਂ ਕੀਤੀਆਂ ਕਿ ਉਹ ਮੈਨੂੰ ਪੁੱਤ ਦੀ ਦਾਤ ਬਖ਼ਸ਼ ਦੇਵੇ ਤੇ ਮੇਰੇ ਮੱਥੇ 'ਤੇ ਜਿਹੜਾ ਕੁੜੀਆਂ ਜੰਮਣ ਦਾ ਕਲੰਕ ਲੱਗਾ ਆ, ਉਹ ਮਿਟ ਜਾਵੇ ਪਰ ਉਸ ਨੇ ਵੀ ਮੇਰੀ ਅਰਦਾਸ ਨਹੀਂ ਸੁਣੀ।' ਇੰਨਾ ਕਹਿ ਕੇ ਪਰਮਜੀਤ ਨੇ ਅੱਖਾਂ ਭਰ ਲਈਆਂ। ਕਮਲੇਸ਼ ਨੇ ਉਸ ਦੀਆਂ ਅੱਖਾਂ ਤੌਲੀਏ ਨਾਲ ਸਾਫ਼ ਕੀਤੀਆਂ ਅਤੇ ਆਖਿਆ, 'ਦੀਦੀ, ਤੂੰ ਇਹ ਕੁੜੀ ਮੇਰੀ ਝੋਲੀ ਪਾ ਦੇ।' ਮੇਰੇ ਕਿਹੜਾ ਹਾਲੇ ਕੋਈ ਬੱਚਾ ਹੋਇਆ। ਮੈਂ ਇਸ ਨੂੰ ਮਾਂ ਬਣਕੇ ਪਾਲਾਂਗੀ, ਪੜ੍ਹਾਵਾਂਗੀ, ਉੱਚੇ ਅਹੁਦੇ 'ਤੇ ਲਆਵਾਂਗੀ ਤੇ ਉਨ੍ਹਾਂ ਦੇ ਮੂੰਹ ਬੰਦ ਕਰਾਂਗੀ ਜੋ ਕੁੜੀਆਂ ਨੂੰ ਭਾਰ ਸਮਝਦੇ ਆ।'

• ਮਹਿੰਦਰ ਸਿੰਘ ਮਾਨ, 99158-03554

## ਬਾਬਾ ਬੁੱਧ ਸਿੰਘ ਢਾਹਾਂ ਦੇ ਨਾਂ ਗੁਰਭਜਨ ਗਿੱਲ ਵੱਲੋਂ ਲਿਖੀ ਇਕ ਲੰਮੀ ਕਵਿਤਾ





98726-31199

### ਇਹ ਤਾਂ ਜੋਤ ਨਿਰੰਤਰ ਕੋਈ

ਦਰਦ ਪਹੁੰਚੀ ਧਰਤੀ ਉੱਤੇ ,
ਜਿੱਥੇ ਬਹੁਤੇ ਲੋਕੀਂ ਬੁੱਤੇ ,
ਚਾਰ ਚੁਫੇਰੇ ਅੰਨ੍ਹੀ ਬਲੀ ,
ਨ੍ਹੇਰੀ ਵੀ ਤੇਜ਼ ਵਗੇ ।
ਫਿਰ ਵੀ ਵੇਖੋ ,
ਇਸ ਝੱਖੜ ਵਿਚ ਸੂਰਜ ਚਿਰਾਗ ਜਗੇ ।

ਗੁਰੂ ਨਾਨਕ ਦੇ ਸਿੱਖ ਦੀ ਬੁੱਧ ਨੇ,
ਰੱਕੜਾਂ ਦੇ ਵਿਚ ਡੇਰਾ ਲਾਇਆ ।
ਕੱਲਰਾਂ ਦੀ ਚਮਕਾਰ ਡਰਾਵੇ ,
ਪਰ ਲੋਕਾਂ ਤੋਂ ਸ਼ਕਤੀ ਲੈ ਕੇ ,
ਰੜੇ ਮੈਦਾਨ 'ਚ ਕੰਵਲ ਉਗਾਇਆ ।

'ਢਾਹਾਂ' ਵਾਲੇ ਅਰਥ ਬਦਲ ਕੇ,
ਕੀਤੀ ਉਸ ਨੇ ਇੰਝ ਉਸਾਰੀ ।
ਦੁਆਬੇ ਦੀ ਧਰਤੀ ਅੰਦਰ,
ਜੋੜੀ ਸਗਲ ਸ੍ਰਿਸ਼ਟੀ ਸਾਰੀ ।

ਬੰਝਰਾਂ ਦੀ ਮਿੱਟੀ ਦਾ ਜਾਇਆ ।
ਛੱਡ ਕੇ ਵੱਸਿਆ ਦੇਸ਼ ਕੈਨੇਡਾ ।
ਮੁੜ ਆਪਣੇ ਵਤਨਾਂ ਵੱਲ ਧਾਇਆ ।
ਵੀਹਵੀਂ ਸਦੀ ਦੇ ਅੰਤ ਪਹਿਰ ਵਿਚ,
ਉਸ ਨੇ ਗਦਰੀ ਬਾਬਿਆਂ ਵਾਲਾ
ਵਰਕਾ ਪਲਟ, ਪਾਠ ਦੁਹਰਾਇਆ ।

ਉਸ ਨੇ ਚਾਹਿਆ ।
ਜੇ ਲੋਕਾਂ ਨੂੰ ਸਿਹਤ ਸਹੂਲਤ,
ਸਿੱਖਿਆ ਦੇ ਸੰਸਾਰ ਦੀ ਸੋਝੀ,
ਘਰ ਬੈਠੇ ਹਾਸਲ ਹੋ ਜਾਵੇ ।
ਉਸ ਤੋਂ ਮਗਰੋਂ ਮੈਨੂੰ ਭਾਵੇਂ ,
ਅਗਲਾ ਸਾਹ ਆਵੇ ਨਾ ਆਵੇ ।

ਉਸ ਨੇ ਹੋਕਾ ਦਿੱਤਾ ਲੋਕੋ,
ਚੱਖਣਾ ਜਿਸ ਨੇ ਅਸਲੀ ਮੇਵਾ,
ਕਰੋ ਸਮਰਪਿਤ ਜ਼ਿੰਦਗੀ ਏਥੇ,
ਧਰਮ ਬਣਾਓ ਮਾਨਵ ਸੇਵਾ ।

ਸਿਰਫ਼ ਵਿਖਾਵਾ ਨਿਰਾ ਕਪਟ ਹੈ,
ਗੁਰੂ ਨਾਨਕ ਦੇ ਬੋਲ ਪੁਗਾਉ ।
ਸੇਵਾ ਸਿਮਰਨ ਅਤੇ ਸ਼ਬਦ ਨੂੰ,
ਘਰ-ਘਰ ਅੰਦਰ ਤੁਰਤ ਪੁਚਾਉ ।

ਗੁਰੂ ਨਾਨਕ ਦੇ ਸਿੱਖ ਨੇ ਕੀਤੀ,
ਕੁੱਲ ਦੁਨੀਆ ਨੂੰ ਇੰਜ ਅਪੀਲ।
ਨਾ ਧਿਰਿਆਂ ਦੀ ਧਿਰ ਬਣ ਜਾਓ,
ਜਿਨ੍ਹਾਂ ਦਾ ਨਾ ਕੋਈ ਵਕੀਲ ।

ਕੁਲ ਆਲਮ ਨੇ ਸੁਣਿਆ ਸਾਰੇ ,
ਬਾਬੇ ਨੇ ਜੋ ਲਾਇਆ ਨਾਅਰਾ ।
ਪਰਤ ਕਿਹਾ, ਤੂੰ ਫ਼ਿਕਰ ਕਰੀਂ ਨਾ
ਅਸੀਂ ਦਿਆਂਗੇ ਠੋਸ ਹੁੰਗਾਰਾ ।

ਲੋਕ ਸ਼ਕਤੀਆਂ ਦੇ ਰੱਬ ਸੁਣਿਆ,
ਇਸ ਦਰਗਾਹੇ ਇਹ ਜੈਕਾਰਾ,
ਅੱਖ ਪਲਕਾਰੇ ਦੇ ਵਿਚ ਤੱਕਿਆ,
ਸੁੱਕੇ ਰੁੱਖ ਨੂੰ ਪਿਆ ਫੁਟਾਰਾ।

ਦੁਆਬੇ ਦੀ ਬਾਤ ਜਦੋਂ ਇਹ,
ਤੁਰ ਪਈ ਸੱਤ ਸਮੁੰਦਰੋਂ ਪਾਰ ।
ਕੁਲ ਆਲਮ ਨੇ ਇਸ ਸੁਰ ਨੂੰ ਕੇ,
ਸਿਰਜ ਲਿਆ ਅਦਭੁੱਤ ਸੰਸਾਰ ।

ਇਸ ਕਥਨ ਨੂੰ ਸੱਚ ਕਰ ਜਾਣਿਆਂ,
ਘਰ ਬਾਹਰ ਤੇਰਾ ਗੁਰਦਵਾਰਾ ।
ਨੇਕ ਕਮਾਈ ਕਰਨ ਵਾਲਿਆ ,
ਭਰ ਦਿੱਤਾ ਮੂੰਹ ਤੰਗੀਆਂ ਸਾਰਾ ।

ਸੁਪਨੇ ਤੋਂ ਨਿਰਮਾਣ ਤੀਕਰਾਂ,
ਜੋ ਵੀ ਰਾਹ ਵਿਚ ਰੋੜੇ ਆਏ ।
ਚੁਗ-ਚੁਗ ਲੋਕਾਂ ਆਪ ਹਟਾਏ ।
ਤਾਂ ਜੋ ਸਾਰੇ ਸੁਪਨੇ ਨੂੰ,
ਕੋਈ ਆਂਚ ਨਾ ਆਵੇ ।

ਇਸ ਕਾਫ਼ਲੇ ਅੰਦਰ ਰਲ ਗਏ,
ਦੀਨ, ਦੁਨੀ ਦੇ ਹਰਕਤ ਵਾਲੇ ।
ਤਾਂ ਹੀ ਇਸ ਧਰਤੀ 'ਤੇ ਉੱਗੇ,
ਸੁਪਨ ਸੁਨਹਿਰੀ ਬਰਕਤ ਵਾਲੇ ।

ਇਸ ਭਵਨ ਦੀ ਨੀਂਹ ਦੇ ਹੇਠਾਂ,
ਬੈਠੇ ਨੇ ਜੋ ਲੋਕ ਅਸੀਲ ।
ਉਨ੍ਹਾਂ ਵਿੱਚੋਂ ਇਕ ਸਿਦਕਵਾਨ ਵੀ ਹੈ,
ਲੋਕੀਂ ਜਿਸ ਨੂੰ ਕਹਿੰਦੇ ਸੁਸ਼ੀਲ ।

ਉਹ ਆਪਣੇ ਲਈ ਦੁਨੀਆ ਕੋਲੋਂ,
ਸੁੱਖਾਂ ਖੁਸ਼ੀਆਂ ਥਾਂ ਨਹੀਂ ਮੰਗਦੀ ।
ਇੱਟਾਂ ਉੱਪਰ ਲਿਖਿਆ ਗੂੜ੍ਹਾ,
ਜਿਸ ਲਿਸ਼ਕੰਦਾ ਨਾਂ ਨਹੀਂ ਮੰਗਦੀ ।
ਇਹ ਤਾਂ ਕ੍ਰਿਪਾ ਬਿਰਖਾਂ ਦੀ ਹੈ,
ਆਪਣੇ ਮੂੰਹੋਂ ਛਾਂ ਨਹੀਂ ਮੰਗਦੀ ।

ਇਹ ਤਾਂ ਜੋਤ ਨਿਰੰਤਰ ਕੋਈ,
ਤੂਫ਼ਾਨਾਂ ਤੋਂ ਬਚ ਕੇ ਆਈ ।
ਕਰਮ ਭੂਮ ਬਣ ਗਈ ਕਲੇਰਾਂ,
ਹੋਰ ਕਿਸੇ ਥਾਂ ਜੰਮੀਂ ਜਾਈ ।

ਜੰਗਲ ਦੇ ਵਿਚ ਮੰਗਲ ਇੱਥੇ ,
ਨਾ ਧਿਰਿਆਂ ਦੀ ਜਿੱਥੇ ਥਾਂ ਹੈ।
ਮੇਰੀ ਇਹ ਸ਼ਬਦਾਂ ਦੀ ਅੰਜੁਲੀ ,
ਸਾਂਝੇ, ਇਹ ਸਭ ਉਸ ਦੇ ਨਾਂ ਹੈ ।



# ਪੰਜਾਬੀ ਭਾਸ਼ਾ ਨੂੰ ਸਮਰਪਿਤ ਸਨ

## ਤਾਰਾ ਸਿੰਘ ਅਨਜਾਣ



• ਪ੍ਰਕਾਸ਼ ਸਿੰਘ ਗਿੱਲ
092126-32234

ਪੰਜਾਬੀ ਭਾਸ਼ਾ ਅਤੇ ਪੰਜਾਬੀਅਤ ਨੂੰ ਸਮਰਪਿਤ ਤਾਰਾ ਸਿੰਘ ਅਨਜਾਣ ਨੇ ਆਪਣਾ ਸਾਰਾ ਜੀਵਨ ਮਾਂ ਬੋਲੀ ਨੂੰ ਸਮਰਪਿਤ ਕੀਤਾ ਹੋਇਆ ਸੀ। ਜੀਵਨ ਦੇ ਅਖੀਰਲੇ ਸੁਆਸਾਂ ਤਕ ਪੰਜਾਬੀ ਭਾਸ਼ਾ ਦੀ ਚੜ੍ਹਦੀ ਕਲਾ ਵਾਸਤੇ ਖ਼ੈਰ ਮੰਗਣ ਵਾਲੇ ਅਨਜਾਣ ਰਾਜਧਾਨੀ ਦਿੱਲੀ ਵਿਚ ਪੰਜਾਬੀ ਦਾ ਇਹੋ ਜਿਹਾ ਬੂਟਾ ਲਾ ਗਏ ਜਿਸ ਦੀ ਛਾਂ ਸਦੀਆਂ ਤਕ ਨਸਲਾਂ ਮਾਣਦੀਆਂ ਰਹਿਣਗੀਆਂ। ਭਾਵੇਂ ਕਿ ਉਨ੍ਹਾਂ ਦੇ ਨਾਂ ਨਾਲ ਜੁੜਿਆ ਸ਼ਬਦ 'ਅਨਜਾਣ' ਲੋਕਾਂ ਵਿਚ ਹੈਰਾਨੀ ਦਾ ਪ੍ਰਤੀਕ ਸੀ ਲੇਕਿਨ ਉਹ ਸਿੱਖ ਰਹੁ-ਰੀਤਾਂ ਤੇ ਪੰਜਾਬੀਅਤ ਤੋਂ ਚੰਗੀ ਤਰ੍ਹਾਂ ਜਾਣੂ ਸਨ। ਉਨ੍ਹਾਂ ਨੇ ਆਪਣਾ ਜੀਵਨ ਸਰਕਾਰੀ ਸਕੂਲ 'ਚ, ਪੰਜਾਬੀ ਭਾਸ਼ਾ ਦੇ ਅਧਿਆਪਕ ਵਜੋਂ ਆਰੰਭ ਕੀਤਾ।

ਅਨਜਾਣ ਨੇ ਪੜ੍ਹਾਉਣ ਦੇ ਨਾਲ-ਨਾਲ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਨੂੰ ਆਪਣਾ ਮੁੱਢਲਾ ਫ਼ਰਜ਼ ਹੀ ਨਹੀ ਬਣਾਇਆ ਬਲਕਿ ਪੰਜਾਬੀ ਭਾਸ਼ਾ ਅਧਿਆਪਕ ਐਸੋਸੀਏਸ਼ਨ (ਰਜਿ.) ਵਰਗੀ ਸੰਸਥਾ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਬਣ ਕੇ ਸਰਕਾਰਾਂ ਨਾਲ ਮੱਥਾ ਲਾਉਂਦੇ ਹੋਏ ਪੰਜਾਬੀ ਬੋਲੀ ਦੇ ਵਿਤਕਰੇ ਵਿਰੁੱਧ ਸਮੇਂ-ਸਮੇਂ 'ਤੇ ਆਵਾਜ਼ ਵੀ ਉਠਾਈ। ਦਿੱਲੀ ਵਿਚ ਮਸ਼ਹੂਰ ਜੀ ਤਿਕੜੀ (ਤਾਰਾ ਸਿੰਘ ਅਨਜਾਣ, ਜਗਦੀਸ਼ ਕੌਸ਼ਲ, ਐੱਨਆਰ ਗੋਇਲ) ਵਿੱਚੋਂ ਅਨਜਾਣ ਜੀ ਇਕ ਸਨ। ਜਿਨ੍ਹਾਂ ਵਿਦਿਆਰਥੀਆਂ ਨੂੰ ਉਸ ਨੇ ਪੰਜਾਬੀ ਭਾਸ਼ਾ ਨਾਲ ਜੋੜਿਆ ਅੱਜ ਉਹੀ ਵਿਦਿਆਰਥੀ ਸਕੂਲਾਂ ਤੇ ਕਾਲਜਾਂ ਵਿਚ ਪੰਜਾਬੀ ਅਧਿਆਪਨ ਦੀ ਸੇਵਾ ਨਿਭਾਅ ਰਹੇ ਹਨ। ਆਪ ਨਾਮਧਾਰੀ ਸੰਪ੍ਰਦਾਇ ਨਾਲ ਸਬੰਧਤ ਸਨ। ਨਾਮਧਾਰੀ ਲਹਿਰ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਬਾਰੇ ਸਕੂਲੀ ਪਾਠਕ੍ਰਮਾਂ ਰਾਹੀ ਵਿਦਿਆਰਥੀਆਂ ਨੂੰ ਨਾਮਧਾਰੀ ਜੀਵਨ ਜਾਚ ਬਾਰੇ ਵਿਸਤਾਰ ਸਹਿਤ ਜਾਣਕਾਰੀ ਮੁਹੱਈਆ ਕਰਾ ਸਕੇ। ਇਸ ਗੱਲ ਦਾ ਵੀ ਸਿਹਰਾ ਇਨ੍ਹਾਂ ਨੂੰ ਜਾਂਦਾ ਹੈ।

ਆਪ ਦੀ ਵਿਦਵਤਾ ਦਾ ਪਤਾ ਇਸ ਗੱਲ ਤੋਂ ਲਗਦਾ ਹੈ ਕਿ ਦਿੱਲੀ ਤੇ ਇਸ ਤੋਂ ਬਾਹਰ ਨਿੱਜੀ ਤੇ ਸਰਕਾਰੀ ਅਨੇਕਾਂ ਸੰਸਥਾਵਾਂ ਨਾਲ ਆਪ ਜੀਵਨ ਦੇ ਅਖੀਰਲੇ ਪਲ ਤਕ ਜੁੜੇ ਰਹੇ। ਇਸ ਤੋਂ ਇਲਾਵਾ ਉਸ ਨੇ ਪੰਜਾਬੀ, ਹਿੰਦੀ ਅਤੇ ਇੰਗਲਿਸ਼ ਭਾਸ਼ਾ ਦੀਆਂ ਅਨੇਕਾਂ ਪੁਸਤਕਾਂ ਨੂੰ ਸਾਹਿਤ ਜਗਤ ਦੀ ਝੋਲੀ ਵਿਚ ਪਾਇਆ। ਸੀਬੀਐੱਸਈ, ਐੱਨਸੀਈਆਰਟੀ, ਐੱਸਸੀਈਆਰਟੀ, ਨੈਸ਼ਨਲ ਓਪਨ ਸਕੂਲ, ਦਿੱਲੀ ਯੂਨੀਵਰਸਿਟੀ ਤੇ ਹੋਰ ਅਨੇਕਾਂ ਯੂਨੀਵਰਸਿਟੀਆਂ ਦੇ ਪਾਠਕ੍ਰਮ ਕਮੇਟੀਆਂ ਦੇ ਆਪ ਮੈਂਬਰ ਬਣੇ ਰਹੇ। ਨਾਮਧਾਰੀ ਦਰਬਾਰ ਵੱਲੋਂ ਕੱਢੇ ਜਾਂਦੇ ਹਫ਼ਤਾਵਾਰੀ ਅਖ਼ਬਾਰ 'ਸਤਿਜੁਗ' ਦੇ ਸੰਪਾਦਨ ਰਾਹੀ ਉਨ੍ਹਾਂ ਨੇ ਸੰਪ੍ਰਦਾਇ ਦੀਆਂ ਗਤੀਵਿਧੀਆਂ ਬਾਰੇ ਵੀ ਸਾਰਿਆਂ ਨੂੰ ਜਾਣੂ ਕਰਵਾਉਂਦੇ ਰਹੇ।

### ਪੰਜਾਬੀਅਤ ਨੂੰ ਪਿਆਰ

*ਤਾਰਾ ਸਿੰਘ ਅਨਜਾਣ ਦੇ ਪੰਜਾਬੀ ਅਤੇ ਪੰਜਾਬੀਅਤ ਪ੍ਰਤੀ ਪਿਆਰ ਨੂੰ ਵੇਖਦੇ ਹੋਏ ਸਰਕਾਰੀ ਤੇ ਗ਼ੈਰ ਸਰਕਾਰੀ ਸੰਸਥਾਵਾਂ ਪੰਜਾਬੀ ਅਕਾਦਮੀ, ਐੱਨਡੀਐੱਮਸੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਾਬੀ ਸਾਹਿਤ ਸਭਾ ਅਤੇ ਵਿਦੇਸ਼ਾਂ ਦੀਆਂ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੀ ਜੀਵਨ ਸਾਥਣ ਮਰਹੂਮ ਜਸਪਾਲ ਕੌਰ ਉਨ੍ਹਾਂ ਦੇ ਮੋਢੇ ਨਾਲ ਮੋਢਾ ਡਾਹ ਕੇ ਪੰਜਾਬੀ ਭਾਸ਼ਾ ਦੀ ਸੇਵਾ ਵਿਚ ਸਮਰਪਿਤ ਰਹੀ।*



> ਪੰਜਾਬੀਅਤ ਨੂੰ ਸਮਰਪਿਤ ਤਾਰਾ ਸਿੰਘ ਅਨਜਾਣ ਦਿੱਲੀ ਤੇ ਇਸ ਤੋਂ ਬਾਹਰ ਨਿੱਜੀ ਤੇ ਸਰਕਾਰੀ ਸੰਸਥਾਵਾਂ ਨਾਲ ਜੀਵਨ ਦੇ ਅਖੀਰਲੇ ਪਲ ਤਕ ਜੁੜੇ ਰਹੇ...

ਪੰਜਾਬੀਅਤ ਪ੍ਰਤੀ ਆਪ ਦੇ ਪਿਆਰ ਨੂੰ ਵੇਖਦੇ ਹੋਏ ਸਰਕਾਰੀ ਤੇ ਗ਼ੈਰ ਸਰਕਾਰੀ ਸੰਸਥਾਵਾਂ ਪੰਜਾਬੀ ਅਕਾਦਮੀ, ਐੱਨਡੀਐੱਮਸੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਾਬੀ ਸਾਹਿਤ ਸਭਾ ਅਤੇ ਵਿਦੇਸ਼ਾਂ ਦੀਆਂ ਸੰਸਥਾਵਾਂ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਉਨ੍ਹਾਂ ਦੀ ਜੀਵਨ ਸਾਥਣ ਮਰਹੂਮ ਜਸਪਾਲ ਕੌਰ ਉਨ੍ਹਾਂ ਦੇ ਮੋਢੇ ਨਾਲ ਮੋਢਾ ਡਾਹ ਕੇ ਪੰਜਾਬੀ ਭਾਸ਼ਾ ਦੀ ਸੇਵਾ ਵਿਚ ਸਮਰਪਿਤ ਰਹੀ।

ਉਨ੍ਹਾਂ ਦੀ ਯਾਦ ਵਿਚ ਸਥਾਪਿਤ ਕੀਤੀ ਸੰਸਥਾ 'ਸਰਦਾਰਨੀ ਜਸਪਾਲ ਕੌਰ ਟਰੱਸਟ' ਮੌਜੂਦਾ ਸਮੇਂ ਵਿਚ ਪੰਜਾਬੀ ਭਾਸ਼ਾ ਰਾਹੀ ਸਿਵਿਲ ਸੇਵਾਵਾਂ ਰਾਹੀ ਆਈਏਐੱਸ ਬਣਨ ਵਾਲੇ ਉਮੀਦਵਾਰਾਂ ਨੂੰ ਸਨਮਾਨਿਤ ਕਰਨ ਦਾ ਕਾਰਜ ਕਰ ਰਹੀ ਹੈ।

ਤਾਰਾ ਸਿੰਘ ਅਨਜਾਣ ਦੀ ਘਾਟ ਪੰਜਾਬੀ ਜਗਤ ਨੂੰ ਹਮੇਸ਼ਾ ਰਹੇਗੀ। ਲੇਕਿਨ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲਦੇ ਹੋਏ ਅੱਜ ਵੀ ਅਨੇਕਾਂ ਵਿਦਿਆਰਥੀ ਪੰਜਾਬੀ ਭਾਸ਼ਾ ਦੇ ਅਧਿਆਪਨ ਵਿਚ ਆਉਣਾ ਮਾਣ ਦੀ ਗੱਲ ਸਮਝਦੇ ਹਨ। •

## ਕਵਿਤਾ: ਸੁਪਨਾ



ਡਾ. ਇੰਦਰਜੀਤ ਸਿੰਘ ਸੰਧੂ
95011-05656

ਸੁਪਨਿਆਂ ਦੇ ਸ਼ਹਿਰ ਦੀਆਂ ਤੰਗ ਸੜਕਾਂ 'ਤੇ
ਵਗਦੀ ਸੰਘਣੀ ਇਕ ਭੀੜ ਨੂੰ ਚੀਰਦਾ
ਮੈਂ ਤੇਜ਼ ਰਫ਼ਤਾਰ ਤੁਰਦਾ ਜਾ ਰਿਹਾ ਸੀ
ਆਪਣੀ ਕੁੱਖ ਵਿਚ ਪਲਦੇ ਗੀਤ ਨੂੰ ਸਾਂਭਦਿਆਂ
ਉਸ ਰਾਤ ਮੈਂ ਤੈਨੂੰ ਮਿਲਣ ਆ ਰਿਹਾ ਸੀ।

ਹਾਏ ਰੱਬਾ ਇਹ ਕੈਸਾ ਅਜੀਬ ਸ਼ਹਿਰ ਸੀ
ਚਾਰ ਚੁਫੇਰੇ ਸਫ਼ੈਦ ਸੰਘਣੀ ਜਿਹੀ ਗਹਿਰ ਸੀ
ਹਰ ਮੋੜ 'ਤੇ ਮੈਂ ਤੇਰਾ ਪਤਾ ਪੁੱਛਿਆ ਸੀ
ਦੂਰ ਤਕ ਤੁਰਨ ਮਗਰੋਂ ਮੈਂ ਥੱਕਿਆ ਸੀ
ਅਕਲਾਂ ਦਾ ਛਿੱਕਾ ਟੰਗ ਬਹਿ ਗਿਆ ਸੀ।

ਫਿਰ ਮੇਰੇ ਵਿਸ਼ਵਾਸ ਦੇ ਇਕ ਚੁਰਾਹੇ ਤੋਂ
ਅਚਨਚੇਤ ਮੈਂ ਤੈਨੂੰ ਬੋਲਦੇ ਸੁਣਿਆ ਸੀ
ਤੇਰਾ ਹਰ ਬੋਲ ਅੰਮ੍ਰਿਤ ਤੋਂ ਮਿੱਠਾ ਸੀ
ਆਪਣਾ ਚਿਹਰਾ ਤੂੰ ਹੱਥਾਂ 'ਚ ਫੜਿਆ ਸੀ
ਉਸੇ ਪਲ ਉੱਠ ਮੈਂ ਤੇਰੇ ਵੱਲ ਨੱਸਿਆ ਸੀ।

ਆਪਣੀ ਗਲਵਕੜੀ 'ਚ ਤੂੰ ਮੈਨੂੰ ਘੁੱਟਿਆ ਸੀ
ਤੂੰ ਪਹਿਲਾਂ ਹੱਸਿਆ, ਫਿਰ ਬਹੁਤ ਰੋਇਆ ਸੀ
ਫਿਰ ਕੁਝ ਪਲ ਤੂੰ ਖ਼ਾਮੋਸ਼ ਖੜ੍ਹਿਆ ਸੀ
ਨਾ ਕੁਝ ਪੁੱਛਿਆ, ਨਾ ਕੁਝ ਦੱਸਿਆ ਸੀ
ਮੇਰੀ ਛਾਤੀ ਨੂੰ ਕੋਸਾ ਜਿਹਾ ਤਾਪ ਚੜ੍ਹਿਆ ਸੀ।

ਮੇਰਾ ਹੱਥ ਫੜ ਕੇ ਤੂੰ ਤੁਰਦਾ ਜਾ ਰਿਹਾ ਸੀ
ਮੇਰਾ ਇਕ ਗੀਤ ਤੂੰ ਅੱਜ ਗਾ ਰਿਹਾ ਸੀ
ਜੋ ਤੇਰੇ ਸਿਰ ਤੋਂ ਕਦੇ ਮੈਂ ਵਾਰਿਆ ਸੀ
ਫਿਰ ਹਨੇਰਾ ਚਾਨਣ ਵੱਲ ਵੱਧ ਰਿਹਾ ਸੀ
ਸਮਾਂ ਜਿਵੇਂ ਹਰ ਪਲ ਨੂੰ ਖਾ ਰਿਹਾ ਸੀ।

ਮੇਰਾ ਹੱਥ ਛੱਡ ਤੂੰ ਥਰਥਰਾ ਰਿਹਾ ਸੀ
ਮੈਨੂੰ ਮੁੜ ਜਾਣ ਲਈ ਤੂੰ ਕਹਿ ਰਿਹਾ ਸੀ
ਮੈਥੋਂ ਮੇਰੇ ਜਿਊਣ ਦਾ ਵਾਅਦਾ ਲੈ ਰਿਹਾ ਸੀ
ਵਿਦਾ ਹੋਣ ਲੱਗਿਆਂ ਤੂੰ ਕੁਝ ਤੱਕ ਰਿਹਾ ਸੀ
ਮੈਂ ਬਹੁਤ ਰੋ ਰਿਹਾ ਸੀ, ਤਰਲੇ ਪਾ ਰਿਹਾ ਸੀ।

ਅੱਜ ਪਹਿਲੀ ਵਾਰ ਮੈਂ ਤੈਨੂੰ ਮਿਲ ਕੇ ਆ ਰਿਹਾ ਸੀ
ਸ਼ਬਦਾਂ 'ਤੇ ਬੈਠ ਸਫ਼ਿਆਂ ਦੇ ਦਰਿਆ ਲੰਘ ਰਿਹਾ ਸੀ
ਬੀਤੇ ਸਮੇਂ ਦੇ ਹਰ ਇਕ ਪਲ ਨੂੰ ਮੈਂ ਸਮੇਟ ਰਿਹਾ ਸੀ
ਤੇਰੇ ਵਾਅਦੇ ਦਾ ਮੁੱਲ ਰੱਖਣ ਲਈ ਮੁੜ ਰਿਹਾ ਸੀ
ਅਣਜਨਮੇ ਗੀਤ ਨੂੰ ਮੈਂ ਜਨਮ ਦੇਣ ਜਾ ਰਿਹਾ ਸੀ।

## ਮਿੰਨੀ ਕਹਾਣੀ: ਆਜ਼ਾਦੀ

• ਨਵਨੀਤ ਸਿੰਘ
96468-65500



ਸ਼ਾਮ ਨੂੰ ਘਰ ਆਇਆਂ ਤਾਂ ਬੇਬੇ ਬਾਪੂ ਨੂੰ ਹਾਲ ਪੁੱਛ ਬੱਚਿਆਂ ਕੋਲ ਚਲਾ ਗਿਆ। ਕਮਰੇ 'ਚ ਦਾਖ਼ਲ ਹੁੰਦਿਆਂ ਮੇਰੀ ਧੀ ਮੇਰੇ ਵੱਲ ਵੇਖ ਅੱਜ ਉਦਾਸ ਨਜ਼ਰ ਆਈ। ਅੱਜ ਉਸ ਨੇ ਮੇਰੇ ਤੋਂ ਕੋਈ ਚਾਕਲੇਟ, ਕੁਰਕਰੇ ਨਹੀਂ ਮੰਗੇ ਖਾਣ ਨੂੰ। ਲੜਕੇ ਨੇ ਆਉਂਦਿਆਂ ਹੀ ਜੇਬਾਂ ਫਰੋਲਣੀਆਂ ਸ਼ੁਰੂ ਕਰ ਦਿੱਤੀਆਂ, ਪਾਪਾ ਚੀਜ਼ੀ ਦਿਉ। ਮੈਂ ਬੱਚਿਆਂ ਨੂੰ ਆਪਣੇ ਗਲ਼ ਨਾਲ ਲਾਇਆ। ਦੋ-ਚਾਰ ਦਿਨ ਏਦਾਂ ਹੀ ਹੁੰਦਾ ਰਿਹਾ। ਧੀ ਦੇ ਚਿਹਰੇ ਦੀ ਉਦਾਸੀ ਨੇ ਮੈਨੂੰ ਵੀ ਉਦਾਸ ਕਰ ਦਿੱਤਾ। ਆਖ਼ਰ ਗੱਲ ਕੀ ਏ, ਮਾਂ ਦਾ ਸਾਇਆ ਨਹੀਂ ਸਿਰ 'ਤੇ ਸ਼ਾਇਦ ਇਸ ਲਈ ਉਦਾਸ ਹੋਣੀ ਪਰ ਪਹਿਲਾਂ ਏਹ ਕਦੇ ਨਹੀਂ ਹੋਇਆ ਸੀ।

ਰਾਤ ਨੂੰ ਉਹ ਸੌਂ ਗਈ, ਮੇਰੀ ਗੋਦੀ 'ਚ ਸਿਰ ਰੱਖ। ਮੇਰੀ ਵੀ ਅੱਖ ਲੱਗ ਗਈ। ਸੁੱਤੀ ਪਈ ਨੇ ਮੇਰੀ ਉਂਗਲ ਨੂੰ ਉਸ ਨੇ ਏਦਾਂ ਘੁੱਟ ਕੇ ਫੜਿਆ ਸੀ ਜਿਵੇਂ ਮੈਨੂੰ ਕਹਿੰਦੀ ਹੋਵੇ 'ਪਾਪਾ ਮੈਨੂੰ ਛੱਡ ਕੇ ਨਾ ਜਾਣਾ'। ਸਵੇਰ ਹੋਈ ਤਾਂ ਉਸ ਦੀਆਂ ਗੁੱਤਾਂ 'ਤੇ ਰਿਬਨ ਬੰਨ੍ਹਦੇ ਬੰਨ੍ਹਦੇ ਪਿਆਰ ਨਾਲ ਪੁੱਛਿਆ, 'ਰਾਣੋ, ਮੇਰੀ ਧੀ ਉਦਾਸ ਕਿਉਂ ਰਹਿੰਦੀ। ਕੀ ਹੋਇਆ, ਕਿਸੇ ਨੇ ਕੁੱਝ ਕਿਹਾ? ਸਕੂਲ ਟੀਚਰ, ਗਲੀ ਗੁਆਂਢ, ਪੈਸੇ ਕਰਕੇ ਜਾਂ ਹੋਰ ਪਰੇਸ਼ਾਨੀ ਤਾਂ ਦੱਸ ਧੀ ਮੇਰੀ'। 'ਨਹੀਂ ਨਹੀਂ ਪਾਪਾ ਏਦਾਂ ਦੀ ਕੋਈ ਗੱਲ ਨਹੀਂ। ਕੁੱਝ ਦਿਨ ਪਹਿਲਾਂ ਸਕੂਲ ਤੋਂ ਘਰ ਆ ਰਹੀ ਸੀ, ਨੇੜਲੇ ਪੈਲਸ ਦੇ ਬਾਹਰ ਇਕ ਵਹੁਟੀ ਨਾ ਉੱਚੀ-ਉੱਚੀ ਰੋ ਰਹੀ ਸੀ, ਕਦੇ ਉਹਦੇ ਪਾਪਾ ਉਸ ਦੇ ਅੱਥਰੂ ਪੂੰਝਦੇ, ਕਦੇ ਆਪਣੇ। ਮੈਂ ਇਕ ਅੰਟੀ ਨੂੰ ਪੁੱਛਿਆ, 'ਅੰਟੀ ਆ ਅੰਕਲ ਤੇ ਵਹੁਟੀ ਕਿਉਂ ਰੋ ਰਹੇ। ਅੰਟੀ ਕਹਿੰਦੇ, 'ਧੀਏ ਇਹ ਦੁਨੀਆ ਦਾ ਦਸਤੂਰ ਆ, ਸਾਰੀ ਉਮਰ ਮਾਤਾ ਪਿਤਾ ਆਪਣੀ ਧੀ ਨੂੰ ਜਾਨ ਨਾਲੋਂ ਵੱਧ ਪਿਆਰ ਕਰਦੇ ਨੇ ਤੇ ਆਹ ਵਿਆਹ ਵੇਲੇ ਧੀ ਦੀ 'ਡੋਲੀ' ਤੋਰਨ ਵੇਲੇ ਬਾਪ ਏਦਾਂ ਰੋਂਦਾ ਜਿਵੇਂ ਰੱਬ ਰੋਂਦਾ ਹੋਵੇ।

ਬਸ ਬਾਪੂ ਇਹੋ ਗੱਲ ਮੇਰੇ ਦਿਮਾਗ਼ 'ਚ ਹੈ ਤੁਸੀਂ ਵੀ ਮੈਨੂੰ ਤੋਰ ਦੇਣਾ। ਬਾਪੂ ਮੈਂ ਤੈਨੂੰ ਛੱਡ ਕਿਤੇ ਨਹੀਂ ਜਾਣਾ। ਮੇਰੀ 8 ਸਾਲ ਦੀ ਧੀ ਉੱਚੀ-ਉੱਚੀ ਰੋਈ ਜਾਵੇ ਨਾਲ ਕਮਲੀ ਮੈਨੂੰ ਰੁਆਈ ਜਾਵੇ। ਉਸ ਨੂੰ ਚੁੱਪ ਕਰਵਾਉਣ ਲਈ ਮੈਂ ਉਸਦਾ ਮੱਥਾ ਚੁੰਮਿਆ ਤੇ ਖ਼ੁਦ ਨੂੰ ਹੌਸਲਾ ਦਿੱਤਾ। ਚੰਗਾ ਨਾ ਜਾਵੀਂ। ਉਹ ਕਮਲੀ ਮੇਰੀਆਂ ਬਾਹਵਾਂ 'ਚੋਂ ਨਿਕਲ ਏਦਾਂ ਵਿਹੜੇ 'ਚ ਝੂਮਣ ਲੱਗੀ ਜਿਵੇਂ ਕਿਸੇ ਚਿੜੀ ਨੂੰ ਪਿੰਜਰੇ ਵਿੱਚੋਂ ਆਜ਼ਾਦੀ ਮਿਲ ਗਈ ਹੋਵੇ। •

> ਸੁੱਤੀ ਪਈ ਨੇ ਮੇਰੀ ਉਂਗਲ ਨੂੰ ਉਸ ਨੇ ਏਦਾਂ ਘੁੱਟ ਕੇ ਫੜਿਆ ਸੀ ਜਿਵੇਂ ਮੈਨੂੰ ਕਹਿੰਦੀ ਹੋਵੇ 'ਪਾਪਾ ਮੈਨੂੰ ਛੱਡ ਕੇ ਨਾ ਜਾਣਾ'...

## ਗ਼ਜ਼ਲਾਂ



ਜਸਪ੍ਰੀਤ ਕੌਰ ਫ਼ਲਕ
88724-72838

ਆਪਣਾ ਜੀਵਨ ਰੰਗ ਲਿਆ ਹੈ,
ਪਿਆਰ ਦੇ ਸੁੱਚੇ ਰੰਗਾਂ ਨਾਲ
ਵੱਖਰਾ ਅੰਬਰ ਸਿਰਜ ਦਿਆਂ ਮੈਂ,
ਸੋਚ ਅਦਾਵਾਂ ਸੰਗਾਂ ਨਾਲ।

ਮੇਰੇ ਸ਼ਬਦਾਂ ਨੇ ਮੇਰਾ, ਇਕ
ਵੱਖਰਾ ਰੂਪ ਬਣਾ ਦਿੱਤਾ ਹੈ।
ਦੋਵੇਂ ਬਾਹਵਾਂ ਭਰ ਲਈਆਂ ਨੇ,
ਮੈਂ ਗ਼ਜ਼ਲਾਂ ਦੀਆਂ ਵੰਗਾਂ ਨਾਲ।

ਸੋਚ ਦੀ ਸ਼ਕਤੀ ਹਰ ਮਸਲੇ ਦਾ
ਹਲ ਰੱਖਦੀ ਹੈ ਆਪਣੇ ਵਿਚ
ਕੋਈ ਵੀ ਮਸਲਾ ਹਲ ਨਹੀਂ ਹੁੰਦਾ
ਧਰਤੀ ਉੱਤੇ ਜੰਗਾਂ ਨਾਲ।

ਮੰਜ਼ਿਲ ਪੈਰ ਉਨ੍ਹਾਂ ਦੇ ਚੁੰਮਦੀ,
ਹਰ ਮੁਕਾਮ ਹਰ ਪੈਂਡੇ 'ਤੇ
ਸਫ਼ਰ ਦੀ ਨੀਤੀ ਤਹਿ ਕਰਦੇ ਜੋ
ਬੜੇ ਉਸਾਰੂ ਢੰਗਾਂ ਨਾਲ।

ਸ਼ੇਅਰ ਮੇਰੀਆਂ ਸਭ ਗ਼ਜ਼ਲਾਂ ਦੇ,
ਰੁੱਖ ਜਿਵੇਂ ਦਰਵੇਸ਼ ਜੇਹੇ
'ਫ਼ਲਕ' ਸਦਾ ਹੀ ਖ਼ੁਸ਼ ਰਹਿੰਦੀ ਹੈ
ਇਨ੍ਹਾਂ ਮਸਤ ਮਲੰਗਾਂ ਨਾਲ।

* * * *

ਹੰਝੂ ਤੇ ਮੁਸਕਾਨ ਖ਼ਰੀਦੇ
ਜਾਵਣ ਨਾ।
ਮਹਿੰਗੇ ਨੇ ਅਰਮਾਨ ਖ਼ਰੀਦੇ
ਜਾਵਣ ਨਾ।

ਜਿੱਥੇ ਦਿਲ ਵਿਚ ਮੋਹ ਦੇ
ਦੀਵੇ ਜਗਦੇ ਨੇ,
ਐਸੇ ਕਦੀ ਮਕਾਨ ਖ਼ਰੀਦੇ
ਜਾਵਣ ਨਾ।

ਪਰਦੇਸਾਂ ਵਿਚ ਆ ਕੇ ਮਰ
ਵੀ ਹੋਣਾ ਨਾ,
ਮਹਿੰਗੇ ਨੇ ਸ਼ਮਸ਼ਾਨ ਖ਼ਰੀਦੇ
ਜਾਵਣ ਨਾ।

ਲੈ ਨਾ ਪੰਖ ਉਧਾਰੇ ਆਪ
ਉਡਾਰੀ ਭਰ,
ਉੱਦਮ ਤੇ ਅਸਮਾਨ ਖ਼ਰੀਦੇ
ਜਾਵਣ ਨਾ।

ਬੰਦਾ ਓਹੀ ਸਭ ਦੇ ਦਰਦ
ਵੰਡਾਵੇ ਜੋ,
ਹਰ ਇਕ ਦੇ ਅਹਿਸਾਨ
ਖ਼ਰੀਦੇ ਜਾਵਣ ਨਾ।

ਤੇਰੀ ਮਿਹਨਤ, ਤੇਰਾ
ਰੁਤਬਾ ਹੋਵੇਗੀ,
ਇੱਜ਼ਤ ਤੇ ਸਨਮਾਨ ਖ਼ਰੀਦੇ
ਜਾਵਣ ਨਾ।

ਬਹੁਤੀ ਸ਼ੋਹਰਤ ਸਾਰੀ
ਅਕਲ ਗਵਾ ਦੇਵੇ,
ਵਿਕ ਗਏ ਜੋ ਇਮਾਨ
ਖ਼ਰੀਦੇ ਜਾਵਣ ਨਾ।



ਰਾਜਵਿੰਦਰ ਕੌਰ ਜਟਾਣਾ

## ਵਿਅੰਗਾਤਮਕ ਦੋਹੇ

ਅੱਜ ਕੱਲ੍ਹ ਸਾਡੇ ਆਸ਼ਿਕਾਂ ਦਾ ਆਵਾ ਗਿਆ ਊਤ।
ਬੈਠੇ ਕਦਰਾਂ ਭੁੱਲ ਉਹ, ਵੇਖਣ ਅਪਣਾ ਸੂਤ।

ਚੂਰੀ ਕਿੱਥੇ ਕੁੱਟਦੀ, ਰਾਂਝੇ ਖ਼ਾਤਰ ਹੀਰ।
ਪੀਂਦੀ ਕੌਫ਼ੀ ਚਾਕ ਤੋਂ, ਨਾਲੇ ਖਾਵੇ ਖੀਰ।

ਸੱਸੀ ਪੁੰਨੂ ਮਗਰ ਹੁਣ, ਹੁੰਦੀ ਨਾ ਬੇਹਾਲ।
ਪਹਿਲਾ ਛੱਡ ਕੇ ਹੋਰ ਨੂੰ, ਝਬਦੇ ਲੈਂਦੀ ਭਾਲ।

ਹੁਣ ਸਾਹਿਬਾਂ ਨਾ ਭੱਜਦੀ, ਬੱਕੀ ਵਾਲੇ ਨਾਲ।
ਆਖੇ ਮੈਨੂੰ ਛੱਡ ਤੂੰ, ਹੋਰ ਕੋਈ ਲੈ ਭਾਲ।

ਲੈਲਾ ਕਾਲੇ ਰੰਗ 'ਤੇ, ਪਾਊਡਰ ਮਲਦੀ ਢੇਰ।
ਛੇਤੀ ਰੰਗ ਵਟਾਉਣ ਵਿਚ, ਲਾਵੇ ਕਿੱਥੇ ਦੇਰ।

ਵੇਖ ਜ਼ੁਲੈਖਾਂ ਤਾਂਘਦੀ, ਯੂਸਫ਼ ਵਿਚ ਵਿਦੇਸ਼।
ਉਸ ਦੇ ਪਿੱਛੇ ਜਾਣ ਨੂੰ, ਰੱਖੇ ਘਰ 'ਚ ਕਲੇਸ਼।

ਸ਼ੀਰੀ ਪੁੱਛੇ ਫ਼ੋਨ ਕਰ, ਕਿੱਥੇ ਹੈ ਫ਼ਰਿਹਾਦ।
ਛੇਤੀ ਕੋਠੀ ਪਹੁੰਚ ਤੂੰ, ਮੰਮੀ ਕਰਦੀ ਯਾਦ।

ਆਖੇ ਮਾਹੀਵਾਲ ਨੂੰ, ਸੋਹਣੀ ਕਰ ਕੇ ਫ਼ੋਨ।
ਕਿੰਝ ਰਲਾਈ ਦੱਸ ਤੂੰ, ਭੈਣ ਮਿਰੀ ਸੰਗ ਟੋਨ।

ਸਹਿਤੀ ਕਹਿੰਦੀ ਹੀਰ ਨੂੰ, ਸੁਣ ਲੈ ਮੇਰੀ ਗੱਲ।
ਭਾਲਾਂ ਬਦਲ ਮੁਰਾਦ ਦਾ, ਨਾਲ ਮਿਰੇ ਤੂੰ ਚੱਲ।

ਨਾ ਹੁਣ ਇੰਦਰ ਬਾਣੀਆ, ਬੇਗੋ ਪਿੱਛੇ ਲੱਗ।
ਤੀਲੀ ਬਾਲ ਦੁਕਾਨ ਨੂੰ, ਕਦ ਲਾਉਂਦਾ ਹੈ ਅੱਗ।

ਅੱਜ ਕੱਲ੍ਹ ਨੱਢੀ ਲੋਚਦੀ, ਸੋਹਣਾ ਯਾਰ ਅਮੀਰ।
ਲੈਂਦੀ ਢੂੰਡ ਸ਼ਿਕਾਰ ਦੇ, ਮਾਰੇ ਇੱਕੋ ਤੀਰ।

'ਸੂਫ਼ੀ' ਤੇਰੇ ਵਾਂਙ ਜੋ, ਆਸ਼ਿਕ ਹੈਨ ਹਕੀਰ।
ਭੋਰੇ ਬਹਿ ਲਿਖਦੇ ਗ਼ਜ਼ਲ, ਆਖਣ ਗੱਲ ਸਟੀਕ।



ਅਮਰ 'ਸੂਫ਼ੀ'
98555-43660

## ਗ਼ਜ਼ਲ



ਦਿਲ ਪੁੱਛਦਾ ਇਹ ਕਿੱਸਾ ਕੀ ਏ।
ਤੇਰਾ ਉਸ ਦਾ ਰਿਸ਼ਤਾ ਕੀ ਏ।

ਖੜ੍ਹਾ-ਖੜ੍ਹਾ ਹੀ ਵਿਕ ਜਾਂਦਾ ਹੈ,
ਬੰਦੇ ਨਾਲੋਂ ਸਸਤਾ ਕੀ ਏ।

ਉੱਡੀ ਦਾ ਨਹੀਂ ਹਵਾ 'ਚ ਐਵੇਂ,
ਇਹ ਕੁਰਸੀ ਏਹ ਰੁਤਬਾ ਕੀ ਏ।

ਕਿੱਧਰੇ ਵੀ ਨਾ ਚਾਨਣ ਦਿਸਦਾ,
ਦਿਨ ਚੜ੍ਹਿਆ ਤਾਂ ਚੜ੍ਹਿਆ ਕੀ ਏ।

ਅੰਬਰੋਂ ਜਦ ਕੋਈ ਤਾਰਾ ਟੁੱਟੇ,
ਮੇਰੇ ਅੰਦਰੋਂ ਟੁੱਟਦਾ ਕੀ ਏ।

ਟਕਿਆਂ ਦੀ ਬਸ ਖੇਡ ਹੈ ਸਾਰੀ,
ਇਸ ਦੁਨੀਆ ਵਿਚ ਮਹਿੰਗਾ ਕੀ ਏ।

'ਗੀਤ' ਨੂੰ ਏਹੋ ਸਮਝ ਨਾ ਆਵੇ,
ਤੇਰਾ ਮੇਰਾ ਰਿਸ਼ਤਾ ਕੀ ਏ।



ਸੰਗੀਤਾ ਭੰਡਾਰੀ
97790-39977

# ਖ਼ੂਨੀ ਵਿਸਾਖੀ ਦੀ ਅਣਗੌਲੀ ਕਵਿਤਾ

### ਰਣਜੀਤ ਸਿੰਘ ਤਾਜਵਰ

ਰਣਜੀਤ ਸਿੰਘ 'ਤਾਜਵਰ' ਸੁਤੰਤਰਤਾ ਅੰਦੋਲਨ ਸਮੇਂ ਦਾ ਪ੍ਰਸਿੱਧ ਕਵੀ ਹੋਇਆ ਹੈ। ਉਹ 1931 ਵਿਚ ਤੇਜਾ ਸਿੰਘ ਭੁੱਚਰ ਦੁਆਰਾ ਸ਼ੁਰੂ ਕੀਤੇ ਪਰਚੇ 'ਬੱਬਰ ਸ਼ੇਰ' ਦੇ ਸੰਪਾਦਕੀ ਮੰਡਲ ਵਿਚ ਵੀ ਰਿਹਾ। ਉਸ ਨੇ ਕੁਝ ਸਮਾਂ 'ਕ੍ਰਿਪਾਨ ਬਹਾਦਰ' ਵਿਚ ਵੀ ਕੰਮ ਕੀਤਾ। ਇਹ ਸਾਡੀ ਖੋਜ-ਬਿਰਤੀ ਦੀ ਗ਼ਰੀਬੀ ਅਤੇ ਇਤਿਹਾਸ ਦੀ ਸਾਂਭ-ਸੰਭਾਲ ਪ੍ਰਤੀ ਅਰੁਚੀ ਦਾ ਹੀ ਪ੍ਰਮਾਣ ਹੈ ਕਿ ਇਸ ਕਵੀ ਬਾਰੇ ਹੋਰ ਕੋਈ ਜਾਣਕਾਰੀ ਉਪਲਬਧ ਨਹੀਂ। ਤਾਜਵਰ ਰਚਿਤ ਦੋ ਕਵਿਤਾਵਾਂ 'ਮਰੀਏ' ਅਤੇ 'ਜਲ੍ਹਿਆਂ ਵਾਲਾ ਬਾਗ਼' ਉਸ ਦੇ ਕਾਵਿ-ਸੰਗ੍ਰਹਿ 'ਸ਼ਹੀਦੀ ਪ੍ਰਵਾਨਾ' ਵਿੱਚੋਂ ਲਈਆਂ ਗਈਆਂ ਹਨ।

'ਮਰੀਏ' ਤੁਕਾਂਤ ਨਾਲ ਲਿਖੇ ਬਾਰਾਮਾਹ ਦੇ ਦੋ ਮਹੀਨਿਆਂ ਵੈਸਾਖ ਅਤੇ ਜੇਠ ਨਾਲ ਸਬੰਧਤ ਬੰਦਾਂ ਵਿਚ ਜਲ੍ਹਿਆਂ ਵਾਲੇ ਬਾਗ਼ ਵਿਚਲੇ ਹੱਤਿਆ-ਕਾਂਡ ਨੂੰ ਵਿਸ਼ਾ ਬਣਾਇਆ ਗਿਆ ਹੈ। ਕਵੀ ਦੇਸ਼ ਵਾਸੀਆਂ ਨੂੰ ਇਸ ਤ੍ਰਾਸਦੀ ਦੀ ਯਾਦ ਕਰਾ ਕੇ ਦੇਸ਼ ਦੀ ਸੁਤੰਤਰਤਾ ਲਈ ਜੂਝ ਮਰਨ ਦੀ ਪ੍ਰੇਰਨਾ ਦਿੰਦਾ ਹੈ।

### ਮਰੀਏ

*ਵੈਸਾਖ-ਵੇਖਾਂ ਬਾਗ਼ ਜਲ੍ਹਿਆਂ ਦਾ,*
*ਦਿਲ ਚਾਹੁੰਦਾ ਹੈ ਵਿਚ ਜਾ ਮਰੀਏ।*
*ਮੁਰਦੇ ਤੜਫ਼ਦੇ ਨੇ, ਘਾਇਲ ਘੂੰਮਦੇ ਨੇ,*
*ਫੱਟੜ ਕੂਕਦੇ ਨੇ 'ਹਾਇ' ਹਾ ਮਰੀਏ।*
*ਸਾਡੀ ਮੱਲ੍ਹਮ ਪੱਟੀ ਕੋਈ ਕਰੇ ਨਾਹੀਂ,*
*ਅਸੀਂ ਜ਼ਖ਼ਮ ਖਾ ਕੇ ਤੜਫ਼ੜਾ ਮਰੀਏ।*
*ਪਾਣੀ ਮਿਲੇ ਨਾਹੀਂ ਸੰਘ ਸੁੱਕਦਾ ਹੈ,*
*ਜਾਨ ਲਬਾਂ ਉੱਪਰ ਅਟਕਾ ਮਰੀਏ।*
*ਅੰਨ ਜਲ ਮੁੱਕਾ ਸਾਡਾ ਜ਼ਿਮੀ ਉੱਤੋਂ,*
*ਅੱਖੀਂ ਅਰਸ਼ ਦੇ ਵੱਲ ਉਠਾ ਮਰੀਏ।*
*ਡਾਇਰ ਫਾਇਰ ਕੀਤੇ ਅਸਾਂ ਸਹਿ ਲੀਤੇ,*
*ਪੂਰੇ ਆਪਣੇ ਫ਼ਰਜ਼ ਪੁਗਾ ਮਰੀਏ।*
*ਗਰਮ ਗੋਲੀਆਂ ਦੇ ਉੱਤੇ ਖ਼ੂਨ ਪਾ ਕੇ,*
*ਠੰਢੇ ਕਰਨ ਦਾ ਢੰਗ ਸਿਖਲਾ ਮਰੀਏ।*
*ਜਰ ਕੇ ਜ਼ਾਲਮਾਂ ਦੇ ਜ਼ੁਲਮ ਨਾਲ ਸ਼ਾਂਤੀ,*
*'ਸੱਤਿਆਗ੍ਰਹਿ' ਦੇ ਪੂਰਨੇ ਪਾ ਮਰੀਏ।*
*ਖਿੜੇ-ਖਿੜੇ ਮੱਥੇ ਜਾਨਾਂ ਵਾਰਨੇ ਦਾ,*
*ਹਿੰਦੁਸਤਾਨ ਨੂੰ ਸਬਕ ਪੜ੍ਹਾ ਮਰੀਏ।*
*ਇੱਕੋ ਥਾਂ 'ਕੱਠੇ ਕੁਰਬਾਨ ਹੋ ਕੇ,*
*ਮੁਸਲਿਮ, ਸਿੱਖ, ਹਿੰਦੂ ਨੂੰ ਮਿਲਾ ਮਰੀਏ।*
*ਸੁੱਕੇ ਸੰਘ ਕੂਕਾਂ ਮਾਰ ਅਰਸ਼ ਵੱਲੇ,*
*ਹਿੰਦ ਵਾਸੀਆਂ ਨੂੰ ਇਹ ਸੁਣਾ ਮਰੀਏ।*
*'ਤਾਜਵਰ' ਸਾਡੀ ਤੁਸੀਂ ਕਦਰ ਪਾਇਓ,*
*ਅਸੀਂ ਹਿੰਦ ਤੋਂ ਘੋਲ ਘੁਮਾ ਮਰੀਏ।*
*ਜੇਠ-ਜਾਗ ਉੱਠੋ ਹਿੰਦੀ ਸੂਰਬੀਰੋ,*
*ਬਾਗ਼ ਜਲ੍ਹਿਆਂ ਦੇ ਵਿਚ ਜਾਇ ਮਰੀਏ।*
*ਗੋਲੀ ਚੱਲ ਖਾਈਏ ਜ਼ਾਲਮ ਡਾਇਰ ਕੋਲੋਂ,*
*ਵੀਰਾਂ ਨਾਲ ਹਿੱਸੇ ਵੰਡਾਇ ਮਰੀਏ।*
*ਵੱਡੇ ਆਉਂਦਿਆਂ ਗੋਲੀਆਂ ਮਾਰ ਸਾਨੂੰ,*
*ਜ਼ਾਲਮ ਡਾਇਰ ਨੂੰ ਆਉ ਸਮਝਾਇ ਮਰੀਏ।*
*ਤੁਬਕਾ ਇਨ੍ਹਾਂ ਦੇ ਖ਼ੂਨ ਦਾ ਪਏ ਜਿੱਥੇ,*
*ਉੱਥੇ ਖ਼ੂਨ ਦੇ ਵਹਿਣ ਵਹਾਇ ਮਰੀਏ।*
*ਚੱਲੋ ਹੋਏ ਟੋਟੇ ਸੱਭੇ ਹਿੰਦ ਵਾਸੀ,*
*ਵੀਰਾਂ ਨਾਲ ਹੀ ਜਿੰਦ ਘੁਮਾਇ ਮਰੀਏ।*
*'ਸ਼ਾਂਤੀ' ਧਾਰ ਕੁਰਬਾਨ ਹੋਇ ਵੀਰ ਜਿੱਥੇ,*
*ਅੰਗ-ਅੰਗ ਉੱਥੇ ਕਟਵਾਇ ਮਰੀਏ।*
*ਜਿੱਥੇ ਤੜਫ਼ਦੀਆਂ ਲੋਥਾਂ ਨੰਗੀਆਂ ਨੇ,*
*ਬਿਨਾਂ ਕਫ਼ਨਾਂ ਤਕ ਤਕਾਇ ਮਰੀਏ।*
*ਆਵੋ ਨੰਗਿਆਂ ਹਿੰਦ ਪ੍ਰਵਾਨਿਆਂ ਨੂੰ,*
*ਖੱਲ ਆਪਣੀ ਦੇ ਕਫ਼ਨ ਪਾਇ ਮਰੀਏ।*
*ਮਿੱਟੀ ਰੁਲਦਿਆਂ ਨੂੰ ਇਸ਼ਨਾਨ ਅੰਤਮ,*
*ਖ਼ੂਨ ਆਪਣੇ ਨਾਲ ਕਰਵਾਇ ਮਰੀਏ।*
*ਅੱਧਮੋਏ ਫੱਟੜ ਕਈ ਕੂਕਦੇ ਨੇ,*
*ਹਾਇ ! ਬਾਲ ਪਾਣੀ ਭਟਕਾਇ ਮਰੀਏ।*
*ਪਾਣੀ ਮਿਲੇ ਨਾ ਜੇ, ਜਿਸਮ ਆਪਣੇ ਦਾ,*
*ਲਹੂ ਕੱਢ ਕੇ ਇਨ੍ਹਾਂ ਪਿਲਾਇ ਮਰੀਏ।*
*'ਤਾਜਵਰ' ਤ੍ਰਿਖਾ ਨਾਲ ਮਰਨ ਨਾਹੀ,*
*ਪਿਆਸ ਇਨ੍ਹਾਂ ਦੀ ਇੰਜ ਬੁਝਾਇ ਮਰੀਏ।*

'ਜਲ੍ਹਿਆਂ ਵਾਲੇ ਬਾਗ਼' ਕਵਿਤਾ ਵਿਚ ਕਵੀ ਪਹਿਲਾਂ ਤਾਂ ਇੱਥੇ ਵਾਪਰੇ ਕਤਲਿਆਮ ਦੀ ਝਾਕੀ ਵਿਖਾ ਕੇ ਉਸ ਦੇ ਫ਼ਲਸਰੂਪ ਉਤਪੰਨ ਹੋਈ ਏਕਤਾ ਦਾ ਜ਼ਿਕਰ ਕਰਦਾ ਹੈ ਪਰ ਫਿਰ ਅਫ਼ਸੋਸ ਪ੍ਰਗਟਾਉਂਦਾ ਹੈ ਕਿ ਇਹ ਏਕਤਾ ਨਾ ਬਣੀ ਰਹਿਣ ਕਾਰਨ ਇਸ ਹੱਤਿਆ ਕਾਂਡ ਵਿਚ ਜਾਨ ਗਵਾਉਣ ਵਾਲੇ ਦੇਸ਼ ਵਾਸੀਆਂ ਦੀ ਕੁਰਬਾਨੀ ਅਜਾਈਂ ਗਈ। ਕਵੀ ਦਾ ਮਤ ਹੈ ਕਿ ਅਜਿਹੀ ਪ੍ਰਸਥਿਤੀ ਵਿਚ 'ਰਲਿਆ ਖ਼ੂਨ ਹਿੰਦੂ ਮੁਸਲਮਾਨ ਦੇਖੋ' ਕਹਿਣ ਨਾਲੋਂ 'ਰੁਲਿਆ ਖ਼ੂਨ ਹਿੰਦੂ ਮੁਸਲਮਾਨ ਦੇਖੋ' ਕਹਿਣਾ ਢੁੱਕਵਾਂ ਹੈ।



> ਇਸ ਕਾਲਮ ਅਧੀਨ ਅਸੀਂ ਜਲ੍ਹਿਆਂਵਾਲੇ ਬਾਗ਼ ਦੇ ਖ਼ੂਨੀ ਸਾਕੇ ਬਾਰੇ ਲਿਖੀ ਉਹ ਕਵਿਤਾ ਪਾਠਕਾਂ ਦੇ ਸਨਮੁਖ ਕਰਦੇ ਹਾਂ ਜਿਸ ਨੂੰ ਮੌਕੇ ਦੀ ਹਕੂਮਤ ਨੇ ਜ਼ਬਤ ਕਰ ਕੇ ਖ਼ਤਮ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਸੀ ਪਰ ਉਨ੍ਹਾਂ ਨੂੰ ਇਸ 'ਚ ਪੂਰਨ ਤੌਰ 'ਤੇ ਸਫਲਤਾ ਨਾ ਮਿਲੀ ਤੇ ਇਹ ਕਵਿਤਾ ਸਦੀਵੀ ਹੋ ਨਿਬੜੀ...



• ਡਾ. ਚਰਨਜੀਤ ਸਿੰਘ ਗੁਮਟਾਲਾ
00193757-39812

ਜਲ੍ਹਿਆਂਵਾਲਾ ਬਾਗ਼ ਸ਼ਹਾਦਤ ਦੇ 100 ਸਾਲ
ਕਿਸ਼ਤ -1

### ਜਲ੍ਹਿਆਂ ਵਾਲਾ ਬਾਗ਼

*ਆਪੋ ਆਪਣੇ ਦੁੱਖ ਫਰੋਲਣੇ ਨੂੰ,*
*'ਕੱਠੇ ਹੋਏ ਦੁਖੀਏ ਸੱਭੇ ਆਨ ਏਥੇ।*
*ਉਧਰ ਡਾਇਰ ਨੂੰ ਫਾਇਰ ਦਾ ਚਾਉ ਚੜ੍ਹਿਆ,*
*ਆਇਆ ਮੋਰਚੇ ਤੁਰਤ ਜ਼ਮਾਨ ਇੱਥੇ।*
*ਆਉਂਦੇ ਸਾਰ ਚੌਤਰਫ਼ ਤੋਂ ਘੱਤ ਘੇਰਾ,*
*ਲੱਗਾ ਗੋਲੀਆਂ ਮੀਂਹ ਬਰਸਾਨ ਇੱਥੇ।*
*ਰੱਖੀਂ ਖ਼ਲਕ ਬੇਦੋਸ਼ ਬੇਇਲਮ ਉੱਤੇ,*
*ਝੁੱਲੇ ਅਬਰ ਖ਼ੂਨੀ ਕਹਿਰਵਾਨ ਇੱਥੇ।*
*ਪਲੋ-ਪਲੀ ਦੇ ਵਿਚ ਹਨੇਰ ਆਇਆ,*
*ਮੱਚ ਗਿਆ ਚੌਤਰਫ਼ ਤੂਫ਼ਾਨ ਇੱਥੇ।*
*ਬੱਚੇ ਬਿਰਧ ਸਭ ਦਰੜ ਕੇ ਫਰਤ ਕੀਤੇ,*
*ਲਾਹੇ ਖ਼ੂਬ ਬੇਦਰਦ ਨੇ ਘਾਨ ਇੱਥੇ।*
*ਖਿਰਗਲ ਡਾਇਰ ਦਾ ਵੱਜਿਆ ਸਿਰ ਉੱਤੇ,*
*ਸਰਾਫ਼ੀਲ ਦੇ ਸਿੰਙ ਸਮਾਨ ਇੱਥੇ।*
*ਖੁੱਥੀ ਮੌਤ ਨਾ ਵਾਰ ਕੁਵਾਰ ਵੇਖੇ,*
*ਕੀਤੇ ਖ਼ੂਨ ਦੇ ਥੈਹਰ ਰਵਾਨ ਇੱਥੇ।*
*ਇੱਕੋ ਜਗ੍ਹਾ ਤੇ ਹਿੰਦੂਆਂ ਮੋਮਨਾਂ ਦੇ,*
*ਭਲਾ ਕਾਸ ਨੂੰ ਬਣੇ ਸ਼ਮਸ਼ਾਨ ਇੱਥੇ।*
*ਹਿੰਦ ਮਾਤ ਦੇ ਲਾਡਲੇ ਬੀਰ ਬੱਚੇ,*
*ਕਾਹਦੇ ਵਾਸਤੇ ਹੋਏ ਕੁਰਬਾਨ ਇੱਥੇ।*
*ਜਾਨਾਂ ਬੱਕਰੇ ਵਾਂਗ ਕੁਹਾਵਣੇ ਨੂੰ,*
*ਲਿੱਤਰ ਪਏ ਕਿਉਂ ਮਰਦ ਮਰਦਾਨ ਇੱਥੇ।*
*ਰਿਸ਼ਤਾ ਏਕਤਾ ਦਾ ਪੱਕਾ ਕਰਨ ਖ਼ਾਤਰ,*
*ਰਲਿਆ ਖ਼ੂਨ ਹਿੰਦੂ ਮੁਸਲਮਾਨ ਇੱਥੇ।*
*ਖ਼ਬਰ ਫੈਲ ਗਈ ਦੇਸ਼ ਪਰਦੇਸ ਸਾਰੇ,*
*ਬੀਜ ਬੀਜਿਆ ਗਿਆ ਹੈ ਏਕਤਾ ਦਾ,*
*ਖ਼ੂਨ ਸਿੰਜਿਆ ਦੇਸ਼ ਪ੍ਰਵਾਨਿਆ ਨੇ,*
*ਖਿੜਸੀ ਕਦੀ ਸੋਹਣਾ ਗੁਲਸਤਾਨ ਇੱਥੇ।*
*ਦੂਰੋਂ ਦੇਖ ਕੇ ਸ਼ਮ੍ਹਾਂ ਦੀ ਰੋਸ਼ਨੀ ਨੂੰ,*
*ਉੱਡ-ਉੱਡ ਪਤੰਗ ਨੇ ਜਿਵੇਂ ਆਉਂਦੇ,*
*ਸਾਡੀ ਤਿਵੇਂ ਇਹ ਕਤਲਗਾਹ ਦੇਖਣੇ ਨੂੰ,*
*'ਕੱਠਾ ਕੁੱਲ ਹੋਇਆ ਹਿੰਦੋਸਤਾਨ ਇੱਥੇ।*
*ਲੋਕੀਂ ਦੇਖ ਕੇ ਦੇਸ਼ ਦੀਵਾਨਿਆਂ ਦੇ,*
*ਹੱਡ ਹੱਡੀਆਂ ਜਾ ਬਜਾ ਰੁਲਦੇ,*
*ਧਰਤੀ ਲਾਲ ਗੁਲਾਲਵੀ ਖ਼ੂਨ ਰੰਗੀ,*
*ਚੁੰਮਣ ਧੂੜ 'ਤੇ ਸੀਸ ਝੁਕਾਨ ਇੱਥੇ।*
*ਜੇ ਕੋਈ ਕਰੇ ਕਿਉਂ ਬੁੱਤ ਪਏ ਪੂਜਦੇ ਹੋ,*
*ਅੱਗੋਂ ਆਖਦੇ ਨਹੀਂ ਇਹ ਬੁੱਤ ਪੂਜਾ,*
*ਇਹ ਹੈ ਏਕਤਾ ਦੀ ਪ੍ਰਸਤਸ਼-ਪੂਜ, ਕਿਉਂਕਿ,*
*ਰਲਿਆ ਖ਼ੂਨ ਹਿੰਦੂ ਮੁਸਲਮਾਨ ਇੱਥੇ।*
*ਜਿਨ੍ਹਾਂ ਕਾਲਜੇ ਸੱਲ ਸਨ ਦੇਸ਼ ਵਾਲੇ,*
*ਉਹ ਤਾਂ ਵਾਰ ਗਏ ਆਪਣੀ ਜਾਨ ਇੱਥੇ।*
*ਪਿੱਛੋਂ ਚੰਦ ਕੀ ਚਾੜ੍ਹਿਆ ਮਾਪਿਆਂ ਨੇ,*
*ਲਾਸ਼ਾਂ ਵੇਚ ਬਣ ਗਏ ਬੇਈਮਾਨ ਇੱਥੇ।*
*ਆਦਮਖੋਰ ਨਾ ਪਸ਼ੂ ਵੀ ਖਾਣ ਮੁਰਦੇ,*
*ਮੁਰਦੇਖੋਰ ਬਣ ਗਏ ਇਨਸਾਨ ਇੱਥੇ।*
*ਕਿਹੜੀ ਗੱਲ ਤੇ 'ਤਾਜਵਰ' ਤੜ੍ਹਾਂ ਮਾਰੇ,*
*ਰਲਿਆ ਖ਼ੂਨ ਹਿੰਦੂ ਮੁਸਲਮਾਨ ਏਥੇ।*
*ਅਜੇ ਖਿੜਨ ਨਾ ਪਾਈ 'ਗੁਲਜ਼ਾਰ ਕੌਮੀ',*
*ਮਾਰੋ-ਮਾਰ ਕਰਦੀ ਰੁੱਤ 'ਖ਼ਿਜ਼ਾਂ' ਆ ਪਈ,*
*ਲਏ ਫੁੱਟ ਨੇ ਆਣ ਕੇ ਤਾਣ ਤੰਬੂ,*
*ਕਰਨ ਵਾਸਤੇ ਮੁਲਕ ਵੀਰਾਨ ਇੱਥੇ।*
*ਆਪੋ ਵਿਚ ਵੀ ਹਿੰਦੂਆਂ ਮੋਮਨਾਂ ਦਾ,*
*ਕਿਸਮਤ ਦੇਸ਼ ਦੀ ਬੁਰੀ ਨੂੰ ਪਿਆ ਝਗੜਾ,*
*ਉੱਡ ਗਈ ਏਕਤਾ-ਉਕਤਾ ਖੰਭ ਲਾ ਕੇ,*
*ਗਰਮੋ-ਗਰਮ ਪਏ ਮੱਚ ਘਮਸਾਨ ਇੱਥੇ।*
*ਜਿੱਥੋਂ ਹੋਈ ਬੁਲੰਦ ਪਤੰਗ ਹਿੰਦੀ,*
*ਮਾਝਾ ਫੁੱਟ ਨੇ ਤੋੜਿਆ ਹੱਥ ਵਿੱਚੋਂ,*
*ਗੁੱਡੀ ਅਰਸ਼ ਤੋਂ ਡਿੱਗ ਪਈ ਫ਼ਰਸ਼ ਉੱਤੇ,*
*ਮਲੀਆਮੇਟ ਹੋਈ ਹਿੰਦੀ ਸ਼ਾਨ ਇੱਥੇ?*
*ਪਾਟੋ-ਧਾੜ ਇਹ ਦੇਖ ਕੇ ਦੇਸ਼ ਅੰਦਰ,*
*ਨਿਕਲੇ ਬੱਸ ਬੇਬੱਸ ਜ਼ਬਾਨ ਵਿੱਚੋਂ,*
*ਝੂਠੀ ਗੱਲ ਜੇ 'ਤਾਜਵਰ' 'ਖ਼ੂਨ ਰਲਿਆ',*
*ਰੁਲਿਆ ਖ਼ੂਨ ਹਿੰਦੂ ਮੁਸਲਮਾਨ ਇੱਥੇ।*

'ਖ਼ੂਨ ਦੇ ਕਬਿੱਤ' ਕਵਿਤਾ ਵਿਚ ਕਵੀ ਰੌਲਟ ਬਿਲ ਵਿਰੁੱਧ ਹੋਈ ਜਨਤਕ ਲਾਮਬੰਦੀ ਸਮੇਂ ਪੈਦਾ ਹੋਈ ਧਾਰਮਿਕ ਇਕਸੁਰਤਾ ਅਤੇ ਸਹਿਨਸ਼ੀਲਤਾ ਨੂੰ ਕਮਜ਼ੋਰ ਪੈਂਦੀ ਵੇਖ ਕੇ ਪੰਜਾਬੀਆਂ ਨੂੰ ਫੇਰ ਹਲੂਣਾ ਦਿੰਦਾ ਹੈ। ਕਵੀ ਕਹਿੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕੁਰਬਾਨੀਆਂ ਦੀ ਖਾਦ ਪਾ ਕੇ ਬੀਜੇ ਸਵਰਾਜ ਦੇ ਬੂਟੇ ਨੂੰ ਦੋ ਫਲ ਲੱਗੇ। ਇਕ ਭਾਰਤ ਮਾਤਾ ਨੇ ਆਪ ਖਾ ਲਿਆ ਅਤੇ ਇਸ ਨੂੰ ਗੁਣਕਾਰੀ ਸਮਝਦਿਆਂ ਦੂਜਾ ਫਲ ਆਪਣੇ ਤਿੰਨ ਪੁੱਤਰਾਂ-ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਨੂੰ ਖਵਾਉਣਾ ਚਾਹਿਆ ਪਰ ਫਲ ਇਕ ਹੋਣ ਕਰ ਕੇ ਉਸ ਨੇ ਖ਼ੂਨ ਨਾਲ ਸਿੰਜੀ ਧਰਤੀ ਵਿਚ ਬੀਜ ਕੇ ਵਧੇਰੇ ਫਲ ਤਿਆਰ ਕਰ ਲੈਣ ਦੀ ਸਲਾਹ ਦਿੱਤੀ। ਭਾਰਤ ਮਾਤਾ ਦੀ ਆਗਿਆ ਦਾ ਪਾਲਣ ਕਰਦਿਆਂ ਤਿੰਨਾਂ ਪੁੱਤਰਾਂ ਨੇ ਜਲ੍ਹਿਆਂ ਵਾਲੇ ਬਾਗ਼ ਦੀ ਧਰਤੀ ਨੂੰ ਖ਼ੂਨ ਨਾਲ ਸਿੰਜਕੇ ਸਵਰਾਜ ਦਾ ਬੀਜ ਇੱਥੇ ਬੀਜਿਆ ਪਰ ਜਦੋਂ ਬੂਟਾ ਕੱਦ ਕੱਢਣ ਲੱਗਾ ਤਾਂ ਬੀਜਣ ਵਾਲੇ ਅਵੇਸਲੇ ਹੋ ਗਏ ਅਤੇ ਬੂਟਾ ਮੁਰਝਾਣ ਲੱਗ ਪਿਆ। ਫਲਸਰੂਪ ਭਾਰਤ ਮਾਤਾ ਆਪਣੇ ਪੁੱਤਰਾਂ ਨੂੰ ਪ੍ਰੇਰਦੀ ਹੈ ਕਿ ਸਵਰਾਜ ਦੇ ਬੂਟੇ ਨੂੰ ਪੂਰਾ ਰੁੱਖ ਬਣਾਉਣ ਲਈ ਡਰ ਅਤੇ ਸੁਸਤੀ ਤਿਆਗ ਕੇ ਕੁਰਬਾਨੀਆਂ ਕਰਨ ਲਈ ਕਮਰਕਸੇ ਕਰ ਲੈਣ।

### ਖ਼ੂਨ ਦੇ ਕਬਿੱਤ

*ਉੱਠ ਮਰਦਾਨਿਆਂ ਤੂੰ ਛੇੜ ਖਾਂ ਰਬਾਬ ਭਾਈ,*
*'ਖ਼ੂਨ ਦੇ ਕਬਿੱਤ' ਤੈਨੂੰ ਬੋਲ ਕੇ ਸੁਣਾਈਏ।*
*ਜਦੋਂ ਜਾਮੇ ਦਸਵੇਂ ਨੂੰ ਆਣ ਪਲਟਾਵਸਾਂ ਗਏ,*
*ਰਚਾਂਗੇ ਹਵਨ ਇਕ ਖੋਲ੍ਹ ਕੇ ਸੁਣਾਈਏ।*
*ਮਾਤਾ ਪਿਤਾ ਪੁੱਤਰਾਂ ਦੀ ਕਰ ਕੇ ਅਹੂਤੀ ਫੇਰ,*
*ਕੱਢ ਲੈ ਸਾਂ ਰਾਖ, ਭੁੰਡ ਫੋਲ ਕੇ, ਸੁਣਾਈਏ।*
*ਖਾਦ ਏਹੋ ਰਾਖ ਪਾ ਕੇ ਜਿਗਰ ਸੰਦਾ ਖ਼ੂਨ ਡੋਲ,*
*ਬੂਟਾ ਸਵਰਾਜ ਲਾਸਾਂ, ਬੋਲ ਕੇ ਸੁਣਾਈਏ।*
*ਫਲ ਫੇਰ ਦੇਰ ਬਾਅਦ ਲੱਗੇ ਕੁੱਲ ਦੋਵੇਂ, ਇਹਨੂੰ,*
*ਇਕ ਨੂੰ ਜਾਂ ਹਿੰਦ ਮਾਤਾ ਖਾਂਵਦੀ ਆ ਆਇਕੇ।*
*ਲੱਗਾ ਇਹ ਸਵਾਦ ਜਦ ਬਹੁਤ ਮਾਤਾ ਹਿੰਦ ਤਾਈਂ,*
*ਪੁੱਛੇ ਤਿੰਨੇ ਪੁੱਤਰ ਤਾਂ ਆਪਣੇ ਬੁਲਾਇ ਕੇ।*
*ਤਿੰਨ ਹੋ ਦੁਲਾਰੇ ਤੁਸੀਂ ਫਲ ਇਕ ਮੇਰੇ ਪਾਸ,*
*ਕਿਵੇਂ ਤੁਸਾਂ ਤਿੰਨਾਂ ਨੂੰ ਇਹ ਦਵਾਂ ਮੈਂ ਵੰਡਾਇਕੇ।*
*ਫੇਰ ਕਹਿੰਦੀ ਇਕ ਤਜਵੀਜ਼ ਹੈ ਵੇ ਮੇਰੇ ਪਾਸ,*
*ਜੇ ਮੈਂ ਹੁਣੇ ਦੱਸਾਂ ਤੁਸਾਂ ਤਾਈਂ ਸਮਝਾਇਕੇ।*
*ਫਲ ਦੂਜਾ ਬਿਰਛ ਦੇ ਉੱਤੋਂ ਜਦ ਪੱਕ ਲੱਥੇ,*
*ਬੀਜ ਕੱਢ ਤੁਸਾਂ ਤਿੰਨਾਂ ਤਾਈਂ ਦੇਸ਼ਾਂ ਵੰਡ ਕੇ।*
*ਗੁਰੂ ਜੀ ਗੋਬਿੰਦ ਸਿੰਘ ਵਾਂਗ ਏਹਨੂੰ ਪਾਲੋਗੇ ਜਾਂ,*
*ਮਜ਼ਾ ਵੱਧ ਆਊ ਖਾਣ ਨਾਲੋਂ ਖੀਰ ਖੰਡ ਕੇ ।*
*ਖਾਦ ਏਸ ਬੂਟੜੇ ਦੀ ਪੁੱਤਰਾਂ ਦੀ ਰਾਖ ਅਤੇ*
*ਖ਼ੂਨ ਸਿੰਜੋ ਸੀਸ ਨੂੰ ਚੜ੍ਹਾ ਕੇ ਫੇਰ ਚੰਡ ਕੇ।*
*ਫਲ ਫੇਰ ਦੇਰ ਬਾਅਦ ਲੱਗੂ ਬਹੁਤ ਮਿੱਠਾ ਏਹਨੂੰ,*
*ਰੱਜ ਕੇ ਤਾਂ ਫੇਰ ਤੁਸੀਂ ਖਾਇਓ ਪੇਟ ਛੰਡਕੇ।*
*ਤਦੋਂ ਤਿੰਨਾਂ ਭਾਈਆਂ ਨੇ ਹੀ ਕੀਤੀ ਇਹ ਸਲਾਹ ਪੱਕੀ,*
*ਚੱਲੋ ਕੋਈ ਪਾਕ ਜ਼ਿਮੀਂ ਜ਼ੋਰ ਵਾਲੀ ਟੋਲੀਏ।*
*ਅੰਮ੍ਰਿਤਸਰ ਬਾਗ਼ ਜਲ੍ਹਿਆਂ ਮੇਂ ਚੱਲ ਕੇ ਤੇ,*
*ਸਿੰਜਣੇ ਨੂੰ ਜ਼ਿਮੀ ਜਾਨਾਂ ਵਾਰ-ਵਾਰ ਘੋਲੀਏ।*
*ਬਾਗ਼ ਵਿਚ ਆਣ ਫੇਰ ਕੈਹਨ ਤਿੰਨੇ 'ਕੱਠੇ ਹੋ ਕੇ,*
*ਨੈਹਰ ਸਾਡੀ ਖੋਹਲ ਖ਼ੂਨੀ ਗੋਰਿਆਂ ਦੀ ਗੋਲੀਏ।*
*'ਸਵਰਾਜ' ਬੂਟਿਆਂ ਦੇ ਪੋਣ ਜੋਗਾ ਖ਼ੂਨ ਜਦ,*
*ਹੋਵਸੀ ਆ ਕਾਫ਼ੀ ਤਦ ਛੱਡੀਂ ਸਾਨੂੰ ਭੋਲੀਏ।*
*ਸੌਂ ਗਏ ਤਾਂ ਭਾਈ ਤਿੰਨੇ ਗਫ਼ਲੀ ਦੀ ਨੀਂਦ ਵਿਚ,*
*ਸਿੰਜ ਕੇ ਜ਼ਮੀਨ ਬੀਜ ਸਵਰਾਜੀ ਬੋਇਕੇ।*
*ਇਕ-ਇਕ ਹੱਥ ਬੂਟੇ ਹੋ ਕੇ ਮੁਰਝਾਉਣ ਲੱਗੇ,*
*ਦੋਹਰੇ ਜੋ ਨਾ ਸਿੰਜੇ ਕਿਸੇ ਖ਼ੂਨੀ ਖੂਹਾ ਜੋਇ ਕੇ।*
*ਕਿਸੇ ਕਿਹਾ : ਮਾਤਾ ਬਾਗ਼ ਜਲ੍ਹਿਆਂ ਮੇਂ ਸਵਰਾਜ,*
*ਬੀਜ ਤੈਂ ਗਵਾਇਆ ਐਵੇਂ ਮਿੱਟੀ ਵਿਚ ਤੋਇ ਕੇ।*
*ਸਿੰਜਿਆ ਨਹੀਂ ਕਿਨੇ ਖ਼ੂਨ, ਬਾਗ਼ ਮੁਰਝਾਂਵਦਾ ਹੈ,*
*ਤਿੰਨੇ ਤੇਰੇ ਪੁੱਤ ਪਏ ਗਾਫ਼ਲੀ ਮੇਂ ਸੋਇ ਕੇ।*
*ਮਾਤਾ ਕੈਹਦੀ ਵੇਖ ਕੇ ਕਿ ਮਾਰਦੇ ਘੁਰਾੜੇ ਖ਼ੂਬ,*
*ਮੋਢਿਓਂ ਝੰਜੋੜ ਨਾਲੇ ਲੱਗ ਪਈ ਜਗਾਵਣੇ।*
*ਉੱਠੋ ਮੇਰੇ ਬੱਚਿਓ ਕੋਈ ਸਿੰਜੋ ਬੂਟੇ ਛੇਤੀ ਨਾਲ,*
*ਬਾਗ਼ ਸਵਰਾਜ ਅੱਜ ਲੱਗਾ ਮੁਰਝਾਵਣੇ।*
*ਹੈ ਕੇ ਮੇਰੇ ਪੁੱਤ ਗੋਲੀ ਤੋਪ ਤੇ ਮਸ਼ੀਨ ਕੋਲੋਂ,*
*ਡਰ ਕੇ ਬਹਾਦਰੋ ਹੋ ਲੱਗੇ ਖ਼ੌਫ਼ ਖਾਵਣੇ।*
*ਲਾਹਨਤਾਂ ਤੁਹਾਨੂੰ ਇਸ ਜੀਵਣੇ ਤੋਂ ਮਰ ਵੰਞੋ,*
*ਲਹੂ ਖੁਣੋਂ 'ਤਾਜ' ਬਾਗ਼ ਲੱਗੇ ਹੋ ਸੁਕਾਵਣੇ।* •




# ਸਮੇਂ ਤੋਂ ਪਹਿਲਾਂ ਚੁਕਾਓ ਘਰ-ਕਰਜ਼



ਰਤਨ ਕੁਮਾਰ ਦੀ ਉਮਰ 32 ਸਾਲ ਹੈ। ਉਸ ਨੇ 20 ਸਾਲ ਲਈ 50 ਲੱਖ ਰੁਪਏ ਦਾ ਕਰਜ਼ ਲਿਆ ਹੈ। ਹੁਣ ਉਸ ਦੀਆਂ ਵਿਆਜ ਦਰਾਂ 10 ਫ਼ੀਸਦੀ ਹਨ ਅਤੇ ਉਹ ਹਰ ਮਹੀਨੇ 48 ਹਜ਼ਾਰ ਰੁਪਏ ਦੀ ਈਐੱਮਆਈ ਚੁਕਾ ਰਿਹਾ ਹੈ। ਉਸ ਦੀ ਤਨਖ਼ਾਹ ਇਕ ਲੱਖ ਰੁਪਏ ਹੈ। ਹੁਣੇ ਜਿਹੇ ਰਤਨ ਨੂੰ ਪੰਜ ਲੱਖ ਰੁਪਏ ਬੋਨਸ ਮਿਲਿਆ ਹੈ। ਉਸ ਦੇ ਹਰ ਮਹੀਨੇ ਦੀ ਤਨਖ਼ਾਹ 'ਚ ਈਐੱਮਆਈ ਦਾ ਬਹੁਤ ਵੱਡਾ ਹਿੱਸਾ ਹੈ। ਇਸ ਲਈ ਰਤਨ ਯੂਰਪ ਦੀ ਟ੍ਰਿਪ ਜਾਂ ਨਵੀਂ ਕਾਰ ਖ਼ਰੀਦਣ ਦੇ ਸੁਪਨੇ ਨੂੰ ਪੂਰਾ ਨਹੀਂ ਕਰ ਪਾ ਰਿਹਾ। ਉਸ ਨੂੰ ਇਹ ਵੀ ਪਤਾ ਹੈ ਕਿ ਉਹ ਆਪਣੀ ਰਿਟਾਇਰਮੈਂਟ ਲਈ ਪੈਸੇ ਨਹੀਂ ਬਚਾ ਪਾ ਰਿਹਾ ਹੈ।

### ਸੁਪਨਾ ਪੂਰਾ ਕਰੀਏ ਜਾਂ ਘਰ-ਕਰਜ਼ ਚੁਕਾਈਏ

ਕਈ ਲੋਕਾਂ ਲਈ ਕਰਜ਼-ਮੁਕਤ ਘਰਾਂ 'ਚ ਰਹਿਣਾ ਭਾਵਨਾਤਮਕ ਤੌਰ 'ਤੇ ਚੰਗਾ ਹੁੰਦਾ ਹੈ। ਸਿੰਘ ਨੇ ਹੁਣ ਪੰਜ ਸਾਲ ਦਾ ਕਰਜ਼ ਚੁਕਾ ਦਿੱਤਾ ਹੈ। ਘਰ ਖ਼ਰੀਦਣ 'ਚ ਉਸ ਨੇ ਆਪਣੀਆਂ ਸਾਰੀਆਂ ਸੇਵਿੰਗ ਖ਼ਤਮ ਕਰ ਦਿੱਤੀਆਂ ਹਨ। ਉਸ ਦੀ ਖ਼ਰੀਦ ਤੋਂ ਬਾਅਦ ਹਾਊਸਿੰਗ ਬਾਜ਼ਾਰ 'ਚ ਮੰਦੀ ਆ ਗਈ। ਉਸ ਦੇ ਘਰ ਦੀ ਕੀਮਤ ਹੁਣ 20 ਫ਼ੀਸਦੀ ਘੱਟ ਹੋ ਚੁੱਕੀ ਹੈ। ਤਿੰਨ ਸਾਲ ਪਹਿਲਾਂ ਉਸਦੀ ਕੰਪਨੀ 'ਚ ਕਾਫ਼ੀ ਕਰਮਚਾਰੀਆਂ ਨੂੰ ਕੱਢਿਆ ਵੀ ਗਿਆ ਸੀ। ਉਸ ਸਮੇਂ ਉਸ ਦੀ ਨੌਕਰੀ ਨਹੀਂ ਗਈ। ਜੇ ਅਜਿਹਾ ਹੁੰਦਾ ਤਾਂ ਨਾ ਸਿਰਫ਼ ਉਸ ਨੂੰ ਹਰ ਮਹੀਨੇ ਪੈਸਾ ਨਾ ਮਿਲਦਾ ਬਲਕਿ ਈਐੱਮਆਈ ਨਾ ਭਰਨ ਦੇ ਕਾਰਨ ਘਰ ਵੀ ਚਲਾ ਜਾਂਦਾ।

ਇਸ ਪਰੇਸ਼ਾਨੀ ਕਾਰਨ ਹੁਣ ਉਹ ਸੋਚ ਰਿਹਾ ਹੈ ਕਿ ਉਸ ਨੂੰ ਬੋਨਸ ਨਾਲ ਘਰ-ਕਰਜ਼ ਚੁਕਾਉਣਾ ਚਾਹੀਦਾ ਸੀ ਨਾ ਕਿ ਨਿਵੇਸ਼ ਕਰਨਾ ਚਾਹੀਦਾ ਸੀ। ਜ਼ਿਆਦਾ ਵਧੀਆ ਇਹ ਹੁੰਦਾ ਕਿ ਉਹ ਇਸ ਰਕਮ ਨੂੰ ਇਨ੍ਹਾਂ ਤਿੰਨ ਉਦੇਸ਼ਾਂ ਲਈ ਵੰਡ ਲੈਂਦਾ। ਹਰ ਆਦਮੀ ਦੀ ਜ਼ਰੂਰਤ ਲਈ ਇਹ ਰਕਮ ਵੱਖ ਹੋ ਸਕਦੀ ਹੈ। ਕੁਝ ਲੋਕਾਂ ਲਈ ਘਰ-ਕਰਜ਼ ਚੁਕਾਉਣਾ ਚੰਗਾ ਨਹੀਂ ਹੋ ਸਕਦਾ ਕਿਉਂਕਿ ਪੂਰਾ ਪੈਸਾ ਇਕ ਜਗ੍ਹਾ ਜਾ ਰਿਹਾ ਹੈ ਜੇ ਉਹ ਅਜਿਹਾ ਕਰਦੇ ਹਨ ਤਾਂ ਬੱਚਿਆਂ ਦੀ ਸਿੱਖਿਆ, ਕਾਰ ਖ਼ਰੀਦਣ ਜਾਂ ਉਨ੍ਹਾਂ ਦੇ ਦੂਜੇ ਸੁਪਨਿਆਂ 'ਤੇ ਸੰਕਟ ਆ ਸਕਦਾ ਹੈ।

*ਜੇ ਤੁਹਾਡੇ ਕੋਲ ਜ਼ਿਆਦਾ ਪੈਸਾ ਹੈ ਤਾਂ ਕੀ ਇਸ ਨਾਲ ਤੁਹਾਨੂੰ ਆਪਣਾ ਮੌਜੂਦਾ ਘਰ-ਕਰਜ਼ ਚੁਕਾਉਣਾ ਚਾਹੀਦਾ ਹੈ ਜਾਂ ਇਸ ਨੂੰ ਦੂਜੇ ਵਿੱਤੀ ਤੱਤਾਂ 'ਚ ਨਿਵੇਸ਼ ਕਰਨਾ ਚਾਹੀਦਾ ਹੈ...*

### ਘਰ-ਕਰਜ਼ 'ਤੇ ਟੈਕਸ ਦਾ ਫ਼ਾਇਦਾ

ਜੇ ਘਰ 'ਚ ਤੁਸੀਂ ਖ਼ੁਦ ਰਹਿ ਰਹੇ ਹੋ ਤਾਂ ਤੁਹਾਨੂੰ ਸਾਲਾਨਾ ਸੈਕਸ਼ਨ 24 ਦੇ ਤਹਿਤ ਦੋ ਲੱਖ ਦਾ ਫ਼ਾਇਦਾ ਮਿਲੇਗਾ। ਜੇ ਕੋਈ ਜ਼ਿਆਦਾ ਟੈਕਸ ਬ੍ਰੈਕੇਟ 'ਚ ਹੈ ਤਾਂ ਉਸ ਦਾ ਸਾਲਾਨਾ 60 ਹਜ਼ਾਰ ਰੁਪਏ ਟੈਕਸ ਬਚੇਗਾ। ਪਹਿਲੀ ਵਾਰ ਘਰ ਖ਼ਰੀਦਣ ਵਾਲੇ ਲੋਕਾਂ ਨੂੰ ਸੈਕਸ਼ਨ 80-ਈਈ ਦੇ ਤਹਿਤ 50 ਹਜ਼ਾਰ ਦਾ ਜ਼ਿਆਦਾ ਫ਼ਾਇਦਾ ਮਿਲਦਾ ਹੈ। ਇਹ ਛੂਟ ਦੋ ਲੱਖ ਰੁਪਏ ਤੋਂ ਉੱਪਰ ਮਿਲੇਗੀ। ਈਐੱਮਆਈ 'ਤੇ ਸੈਕਸ਼ਨ 80-ਸੀ ਦੇ ਤਹਿਤ ਮੂਲ ਰਕਮ 'ਤੇ 1.5 ਲੱਖ ਦੀ ਛੋਟ ਵੀ ਮਿਲਦੀ ਹੈ। ਹਾਲਾਂਕਿ ਇਸ ਸੈਕਸ਼ਨ ਤਹਿਤ ਪੀਪੀਐੱਫ, ਈਐੱਲਐੱਮਐੱਸ ਅਤੇ ਮਿਊਚਲ ਫੰਡ 'ਚ ਨਿਵੇਸ਼ ਕੀਤਾ ਜਾ ਸਕਦਾ ਹੈ। ਈਐੱਮਆਈ ਘਟਾਓ ਜਾਂ ਕਰਜ਼ ਦਾ ਸਮਾਂ ਮੰਨ ਲਓ ਰਤਨ ਆਪਣੇ ਘਰ-ਕਰਜ਼ 'ਚ ਦੋ ਲੱਖ ਰੁਪਏ ਜਮ੍ਹਾਂ ਕਰਨ ਦੀ ਯੋਜਨਾ ਬਣਾਉਂਦਾ ਹੈ। ਜੇ ਉਹ ਕਰਜ਼ ਦਾ ਸਮਾਂ ਨਹੀਂ ਘਟਾਉਂਦਾ ਤਾਂ ਉਸ ਦੀ ਈਐੱਮਆਈ 2 ਹਜ਼ਾਰ ਤੋਂ ਘੱਟ ਜਾਵੇਗੀ। ਹਾਲਾਂਕਿ ਈਐੱਮਆਈ ਉੱਥੇ ਰਹਿੰਦੀ ਹੈ ਅਤੇ ਉਹ ਸਮਾਂ ਘਟਾਉਂਦਾ ਹੈ ਤਾਂ ਉਸ ਦੇ ਕਰਜ਼ ਦਾ ਸਮਾਂ 20 ਸਾਲ ਤੋਂ ਘੱਟ ਕੇ 18 ਸਾਲ ਹੋ ਜਾਵੇਗਾ। ਹਮੇਸ਼ਾ ਈਐੱਮਆਈ ਦੇ ਘਟਣ ਨਾਲ ਬਦਲੇ ਦੇ ਸਮੇਂ 'ਚ ਕਮੀ ਕਰਵਾਉਣੀ ਚਾਹੀਦੀ ਹੈ। ਇਸ ਤੋਂ ਬਾਅਦ ਤੁਹਾਡੇ ਕੋਲ ਹਰ ਮਹੀਨੇ ਖ਼ਰਚ ਕਰਨ ਲਈ ਘੱਟ ਰਕਮ ਹੋਵੇਗੀ ਤੁਹਾਡੇ ਲਈ ਇਹ ਫ਼ਾਇਦੇਮੰਦ ਹੋਵੇਗਾ।

# ਕਰਜ਼ ਦਰਾਂ ਘਟਣ ਨਾਲ ਹੋਵੇਗਾ ਵੱਡਾ ਅਸਰ



ਨੋਟਬੰਦੀ ਦੇ ਕਈ ਮਹੀਨਿਆਂ ਬਾਅਦ ਰੀਅਲ ਅਸਟੇਟ 'ਚ ਆਸ਼ਾ ਦੀਆਂ ਕਿਰਨਾਂ ਦਿਖਾਈ ਦੇ ਰਹੀਆਂ ਹਨ। ਪਿਛਲੇ ਦਿਨਾਂ 'ਚ ਦੇਸ਼ ਦੇ ਵੱਡੇ ਬੈਂਕਾਂ ਨੇ ਘਰ-ਕਰਜ਼ ਦੀਆਂ ਦਰਾਂ ਇਕ ਚੌਥਾਈ ਫ਼ੀਸਦੀ ਘਟਾ ਕੇ 8.35 ਫ਼ੀਸਦੀ ਕਰ ਦਿੱਤੀਆਂ ਹਨ। ਕੁਝ ਦਿਨਾਂ ਬਾਅਦ ਦੇਸ਼ ਦੀ ਸਭ ਤੋਂ ਵੱਡੀ ਹਾਊਸਿੰਗ ਫਾਈਨਾਂਸ ਕੰਪਨੀ ਨੇ ਵੀ ਦਰਾਂ ਘਟਾ ਦਿੱਤੀਆਂ ਹਨ। ਬੈਂਕ ਨੇ ਘਰ ਖ਼ਰੀਦਣ ਲਈ ਔਰਤਾਂ ਲਈ 8.35 ਫ਼ੀਸਦੀ ਅਤੇ ਦੂਜਿਆਂ ਲਈ 8.4 ਫ਼ੀਸਦੀ ਦੀ ਦਰ ਨਾਲ ਘਰ-ਕਰਜ਼ ਦੇਣ ਦਾ ਫ਼ੈਸਲਾ ਕੀਤਾ ਹੈ। ਇਸ ਤੋਂ ਬਾਅਦ ਆਈਸੀਆਈਸੀਆਈ ਅਤੇ ਐਕਸਿਸ ਬੈਂਕ ਨੇ ਵੀ 30 ਲੱਖ ਰੁਪਏ ਤਕ ਦੇ ਘਰ-ਕਰਜ਼ ਦੀਆਂ ਦਰਾਂ ਘਟਾ ਕੇ 8.35 ਫ਼ੀਸਦੀ ਕਰ ਦਿੱਤੀਆਂ ਹਨ।

- **35 ਲੱਖ ਤੋਂ ਘੱਟ ਦੇ ਘਰਾਂ ਦੇ ਵਿਕਰੀ**

ਸਾਡੇ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਪਤਾ ਲਗਦਾ ਹੈ ਕਿ ਪਿਛਲੇ ਸਾਲ ਸੱਤ 'ਚੋਂ ਚਾਰ ਵੱਡੇ ਸ਼ਹਿਰਾਂ 'ਚ 35 ਲੱਖ ਤੋਂ ਘੱਟ ਦੇ ਘਰਾਂ ਦੀ ਜ਼ਿਆਦਾਤਰ ਵਿਕਰੀ ਹੋਈ ਹੈ। ਇਹ ਟ੍ਰੈਂਡ ਮੈਟ੍ਰੋ ਦੇ ਨਾਲ ਛੋਟੇ ਸ਼ਹਿਰਾਂ 'ਚ ਵੀ ਦਿਖਾਈ ਦਿੱਤਾ ਹੈ।

- **75 ਲੱਖ ਤੋਂ ਘੱਟ ਦੇ ਬਜਟ ਵਾਲੇ ਗਾਹਕਾਂ ਲਈ ਵੀ ਘਰ-ਕਰਜ਼ ਦੀਆਂ ਦਰਾਂ ਘੱਟ ਹਨ।**

### ਰੇਰਾ ਨਾਲ ਵਧੇਗਾ ਵਿਸ਼ਵਾਸ

ਇਸ ਨਾਲ ਦੇਸ਼ ਦੇ ਰੇਜ਼ੀਡੈਂਸ਼ੀਅਲ ਬਾਜ਼ਾਰ 'ਚ ਰਿਕਵਰੀ ਦੇ ਸੰਕੇਤ ਮਿਲਦੇ ਹਨ। ਰੀਅਲ ਅਸਟੇਟ 'ਚ ਕਈ ਸਾਲਾਂ ਤੋਂ ਵਿਸ਼ਵਾਸ ਦੀ ਕਮੀ ਹੈ। ਹੁਣ ਇਹ ਸੈਕਟਰ ਪਾਰਦਰਸ਼ੀ ਹੋਣੇ ਚਾਹੀਦੇ ਹਨ। ਰੇਰਾ ਦੇ ਬਣਨ ਨਾਲ ਘਰ ਖ਼ਰੀਦਣ ਵਾਲੇ ਗਾਹਕਾਂ 'ਚ ਵਿਸ਼ਵਾਸ ਪੈਦਾ ਹੋਇਆ ਹੈ। ਹੁਣ ਦੇਸ਼ 'ਚ ਕਈ ਰਾਜ ਸਰਕਾਰਾਂ ਇਸ ਕਾਨੂੰਨ ਨੂੰ ਲਾਗੂ ਕਰਨ 'ਚ ਲੱਗੀਆਂ ਹਨ। ਜੇ ਸਾਰੇ ਮਿਲ ਕੇ ਘੱਟ ਕੰਮ ਕਰਨਗੇ ਤਾਂ ਇਸ ਨਾਲ ਗਾਹਕਾਂ ਦਾ ਵਿਸ਼ਵਾਸ ਵਧੇਗਾ ਅਤੇ ਸੈਕਟਰ 'ਚ ਵੀ ਮਜ਼ਬੂਤੀ ਆਵੇਗੀ। ਸਸਤੇ ਘਰਾਂ ਦੇ ਪ੍ਰਾਜੈਕਟ ਦੀ ਲਾਂਚਿੰਗ ਨਾਲ ਸੈਂਟੀਮੈਂਟ 'ਚੋ ਹੋਰ ਸੁਧਾਰ ਹੋਇਆ ਹੈ।

*ਸਾਲ 2017, ਘਰ ਖ਼ਰੀਦਣ ਵਾਲਿਆਂ ਅਤੇ ਰੀਅਲ ਅਸਟੇਟ ਲਈ ਨਵੀਂ ਕਿਰਨ ਲੈ ਕੇ ਆਇਆ ਹੈ। ਨੋਟਬੰਦੀ ਤੋਂ ਬਾਅਦ ਜਦ ਸਰਕਾਰੀ ਬੈਂਕਾਂ ਨੇ ਘਰ-ਕਰਜ਼ ਦੀਆਂ ਦਰਾਂ ਘਟਾ ਦਿੱਤੀਆਂ ਸਨ ਤਾਂ ਲੱਗਾ ਕਿ ਇਹ ਲੋਕਾਂ ਦੇ ਗੁੱਸੇ ਨੂੰ ਘੱਟ ਕਰੇਗਾ...*

### ਘਰ ਦਾ ਸੁਪਨਾ

ਹੁਣੇ ਜਿਹੇ ਦੇਸ਼ ਦੀ ਆਰਥਿਕ ਸਥਿਤੀ 'ਚ ਵੀ ਸੁਧਾਰ ਹੋਇਆ ਹੈ। ਭਾਰਤ ਦੀ ਆਰਥਿਕ ਸਥਿਤੀ 7.1 ਫ਼ੀਸਦੀ ਦੀ ਦਰ ਤੋਂ ਅੱਗੇ ਵਧੇਗੀ। ਕੱਚੇ ਤੇਲ ਦੀਆਂ ਮੰਗਾਂ ਨਿਯੰਤਰਿਤ ਹਨ ਅਤੇ ਮਹਿੰਗਾਈ ਦਰ ਵੀ ਘਟ ਰਹੀ ਹੈ। 2015 ਦੇ ਮੱਧ 'ਚ ਸਰਕਾਰ ਨੇ 2022 ਤਕ ਸਾਰਿਆਂ ਲਈ ਘਰ ਪ੍ਰੋਗਰਾਮ ਦਾ ਐਲਾਨ ਕੀਤਾ ਸੀ। ਅੰਕੜਿਆਂ ਮੁਤਾਬਕ ਸ਼ਹਿਰਾਂ 'ਚ 1.87 ਕਰੋੜ ਦਰਾਂ ਦੀ ਕਮੀ ਹੈ। ਦੋ ਸਾਲ ਬਾਅਦ ਹੁਣ ਬਾਜ਼ਾਰ 'ਚ ਸਥਿਤੀ ਸੁਧਾਰਨ ਦੇ ਸੰਕੇਤ ਮਿਲ ਰਹੇ ਹਨ। 2002 ਅਤੇ 2009 'ਚ ਵੀ ਦਰਾਂ ਘੱਟ ਹੋਣ ਨਾਲ ਘਰਾਂ ਦੀ ਖ਼ਰੀਦ 'ਚ ਵਾਧਾ ਆਇਆ ਸੀ, ਉਸ ਸਮੇਂ ਵਿਆਜ ਦਰਾਂ ਅੱਠ ਫ਼ੀਸਦੀ ਦੀ ਸਤ੍ਹਾ 'ਤੇ ਪਹੁੰਚ ਗਈਆਂ ਸੀ।

### ਨਵੇਂ ਦੌਰ ਦੀ ਸ਼ੁਰੂਆਤ

ਬੈਂਕਾਂ ਦੀਆਂ ਦਰਾਂ ਘਟਣ ਨਾਲ ਰੀਅਲ ਅਸਟੇਟ ਸੈਕਟਰ 'ਚ ਨਵੇਂ ਦੌਰ ਦੀ ਸ਼ੁਰੂਆਤ ਹੋਵੇਗੀ। ਇਹ ਸਰਕਾਰ ਦੇ ਸੁਧਾਰਾਂ ਨਾਲ ਖ਼ਰੀਦਦਾਰਾਂ ਦੇ ਵੱਧਦੇ ਵਿਸ਼ਵਾਸ ਦਾ ਪ੍ਰਤੀਕ ਹੈ। ਇਹ ਛੋਟ ਸਰਕਾਰ ਦੇ ਸਸਤੇ ਘਰਾਂ ਦੀ ਯੋਜਨਾ ਨੂੰ ਵਧਾਉਣ ਦੀ ਇਕ ਪਹਿਲ ਹੈ। ਦਰਾਂ 'ਚ ਕਟੌਤੀ ਨਾਲ ਘੱਟ ਆਮਦਨ ਵਾਲੇ ਲੋਕਾਂ ਨੂੰ ਫ਼ਾਇਦਾ ਹੋਵੇਗਾ।

# ਫ਼ਾਇਦੇਮੰਦ ਹੈ ਈਪੀਐੱਫਓ ਸੰਗਠਨ

**ਨਵਦੀਪ ਸਿੰਘ (ਐਡਵੋਕੇਟ)**

ਕਰਮਚਾਰੀ ਭਵਿੱਖ ਨਿਧੀ ਐਕਟ 1952 ਭਾਰਤ ਵਿਚ ਜੰਮੂ-ਕਸ਼ਮੀਰ ਰਾਜ ਨੂੰ ਛੱਡ ਕੇ ਭਾਰਤ ਦੇ ਹਰ ਰਾਜ ਵਿਚ ਲਾਗੂ ਹੈ। ਇਹ ਐਕਟ 187 ਤਰ੍ਹਾਂ ਦੀਆਂ ਫੈਕਟਰੀਆਂ, ਪ੍ਰਾਈਵੇਟ ਕੰਪਨੀਆਂ ਅਤੇ ਸੰਸਥਾਵਾਂ 'ਤੇ ਲਾਗੂ ਹੈ, ਜਿਸਦੀ ਲਿਸਟ (ਸ਼ਡਿਊਲ ਇਕ) ਵਿਭਾਗ ਦੀ ਵੈੱਬਸਾਈਟ 'ਤੇ ਵੇਖੀ ਜਾ ਸਕਦੀ ਹੈ। ਇਹ ਸੰਗਠਨ ਦੁਆਰਾ ਪ੍ਰਬੰਧਤ ਤਿੰਨ ਸਮਾਜਿਕ ਸੁਰੱਖਿਆ ਯੋਜਨਾਵਾਂ, ਵੱਡੇ ਉਦਯੋਗ, ਲਘੂ ਅਤੇ ਮਾਧਿਅਮ ਉਦਯੋਗਾਂ ਨਾਲ ਸਬੰਧਤ ਕਰਮਚਾਰੀਆਂ ਲਈ ਹੈ। ਔਰਤ ਕਰਮਚਾਰੀਆਂ ਨੂੰ ਪੁਰਸ਼ਾਂ ਕਰਮਚਾਰੀਆਂ ਬਰਾਬਰ ਸੁਵਿਧਾਵਾਂ ਹਨ। ਸੰਖੇਪ 'ਚ ਇਹ ਐਕਟ ਹਰ ਨਿੱਜੀ ਖੇਤਰ ਦੀ ਕੰਪਨੀ ਜਾਂ ਸੰਸਥਾ 'ਤੇ ਲਾਗੂ ਹੈ ਜਿੱਥੇ 20 ਜਾਂ ਇਸ ਤੋਂ ਵੱਧ ਵਰਕਰ, ਕਰਮਚਾਰੀ ਕੰਮ ਕਰਦੇ ਹਨ।

### ਐਕਟ ਦੀ ਪ੍ਰਸੰਗਿਕਤਾ

ਕਰਮਚਾਰੀ ਭਵਿੱਖ ਨਿਧੀ ਅਤੇ ਫੁਟਕਲ ਪ੍ਰਬੰਧ ਐਕਟ 1952 ਹਰ ਉਹ ਫੈਕਟਰੀ 'ਤੇ ਲਾਗੂ ਹੈ ਜੋ ਕੇਂਦਰ ਸਰਕਾਰ ਦੀ ਉਦਯੋਗ ਸ਼ਡਿਊਲ ਇਕ ਸੂਚੀ ਵਿਚ ਆਉਂਦੀ ਹੈ। ਇਸ ਲਈ ਹਰ ਇਕ ਪ੍ਰਾਈਵੇਟ ਕੰਪਨੀ, ਸਕੂਲ, ਟ੍ਰਾਂਸਪੋਰਟ, ਸਕਿਓਰਿਟੀ ਏਜੰਸੀਆਂ, ਠੇਕੇਦਾਰ ਜਿਸ ਕੋਲ 20 ਤੋਂ ਵੱਧ ਵਰਕਰ ਕੰਮ ਕਰਦੇ ਹੋਣ ਜਾਂ ਕਿਸੇ ਵੀ ਸਮੇਂ ਕਰਦੇ ਰਹੇ ਹੋਣ ਉਸ ਨੂੰ ਵਰਕਰਾਂ ਦਾ ਪ੍ਰਾਈਡੈਂਟ ਫੰਡ ਕਟਾਉਣਾ ਜ਼ਰੂਰੀ ਹੈ। ਕੇਂਦਰ ਸਰਕਾਰ ਆਪਣੇ ਗਜ਼ਟ ਨੋਟੀਫਿਕੇਸ਼ਨ ਜਾਰੀ ਕਰਕੇ 20 ਤੋਂ ਘੱਟ ਵਰਕਰ ਦੀ ਸੂਰਤ 'ਚ ਇਹ ਐਕਟ ਕਿਸੇ ਵੀ ਫੈਕਟਰੀ ਜਾਂ ਸੰਸਥਾ 'ਤੇ ਲਾਗੂ ਕਰ ਸਕਦੀ ਹੈ।

ਕਰਮਚਾਰੀ ਭਵਿੱਖ ਨਿਧੀ ਅਤੇ ਫੁਟਕਲ ਐਕਟ 1952 ਦੇ ਸੈਕਸ਼ਨ 16 ਅਤੇ 17 ਅਨੁਸਾਰਪ੍ਰਾਵੀਡੈਂਟ ਫੰਡ ਐਕਟ 1952 ਤੋਂ ਛੋਟ

ਕਰਮਚਾਰੀ ਭਵਿੱਖ ਨਿਧੀ ਫੰਡ ਦੀ ਕਟੌਤੀ ਤੋਂ ਫੈਕਟਰੀ ਜਾਂ ਸੰਸਥਾ ਨੂੰ ਛੋਟ ਮਿਲ ਸਕਦੀ ਹੈ। ਜੇ ਸਰਕਾਰ ਨੂੰ ਤਸੱਲੀ ਹੋਵੇ ਕਿ-

- **ਕੰਪਨੀ ਦੀ ਮਾਲੀ ਹਾਲਤ ਚੰਗੀ ਹੈ।**
- **ਕੰਪਨੀ ਆਪਣੇ ਵਰਕਰਾਂ ਨੂੰ ਪ੍ਰਾਵੀਡੈਂਟ ਫੰਡ ਅਤੇ ਪੈਨਸ਼ਨ ਦੀ ਸਹੂਲਤ ਸਰਕਾਰ ਨਾਲੋਂ ਵਧੀਆ ਦੇ ਸਕਦੀ ਹੈ।**

ਉਪਰੋਕਤ ਧਾਰਾਵਾਂ ਦੇ ਤਹਿਤ ਛੋਟ ਦਾ ਮਕਸਦ ਵਰਕਰਾਂ, ਕਰਮਚਾਰੀਆਂ ਨੂੰ ਬਿਹਤਰ ਸਮਾਜਿਕ ਸੁਰੱਖਿਆ ਦੇਣਾ ਹੈ। ਉਦਾਹਰਨ ਦੇ ਤੌਰ 'ਤੇ ਐੱਚਡੀਐੱਫਸੀ, ਟਾਟਾ ਜਾਂ ਵੱਡੀਆਂ ਕੰਪਨੀਆਂ ਦਾ ਆਪਣਾ ਖ਼ੁਦ ਦਾ ਪੀਐੱਫ ਟਰੱਸਟ ਹੁੰਦਾ ਹੈ। ਉਨ੍ਹਾਂ ਕੰਪਨੀਆਂ ਨੂੰ ਖ਼ੁਦ ਦਾ ਟਰੱਸਟ ਬਣਾਉਣ ਦੀ ਆਗਿਆ ਪਿੱਛੇ ਤਰਕ ਫੰਡ ਦਾ ਕੁਸ਼ਲ ਪ੍ਰਬੰਧਨ ਅਤੇ ਕਲੇਮ ਜਲਦੀ ਸੈਟਲ ਹੋਣਾ ਹੈ। ਜੇ ਐਕਟ ਤੋਂ ਛੋਟ ਪ੍ਰਾਪਤ ਕੰਪਨੀ ਵਰਕਰਾਂ ਨੂੰ ਸੰਤੁਸ਼ਟੀਜਨਕ ਸਮਾਜਿਕ ਸੁਰੱਖਿਆ ਨਹੀਂ ਦੇ ਰਹੀ ਹੈ ਤਾਂ ਕੇਂਦਰ ਸਰਕਾਰ ਗਜ਼ਟ ਨੋਟੀਫਿਕੇਸ਼ਨ ਦੁਆਰਾ ਇਹ ਛੋਟ ਕਤਮ ਕਰ ਸਕਦਾ ਹੈ।

**ਈਪੀਐੱਫ ਐਕਟ ਹੇਠ ਲਿਖੀਆਂ ਸੰਸਥਾਵਾਂ 'ਤੇ ਲਾਗੂ ਨਹੀਂ ਹੁੰਦਾ-**

*ਕਰਮਚਾਰੀ ਭਵਿੱਖ ਨਿਧੀ ਸੰਗਠਨ ਵਿਸ਼ਵ ਦੇ ਵੱਡੇ ਨਾਗਰਿਕ ਸਮਾਜਿਕ ਸੁਰੱਖਿਆ ਪ੍ਰਦਾਨ ਕਰਨ ਵਾਲੇ ਸੰਗਠਨਾਂ 'ਚੋਂ ਇਕ ਹੈ। ਇਸ ਸੰਗਠਨ ਦੀ ਸਥਾਪਨਾ 1952 'ਚ ਪਾਰਲੀਮੈਂਟ 'ਚ ਪਾਸ ਕੀਤੇ 'ਕਰਮਚਾਰੀ ਭਵਿੱਖ ਨਿਧੀ ਤੇ ਫੁਟਕਲ ਪ੍ਰਬੰਧ ਐਕਟ 1952' ਦੁਆਰਾ ਹੋਈ। ਇਸ ਐਕਟ ਨੂੰ ਪਾਸ ਕਰਨ ਦਾ ਮੁੱਖ ਮੰਤਵ ਭਾਰਤੀ ਸੰਵਿਧਾਨ ਤਹਿਤ ਨਿਰਦੇਸ਼ਾਂ ਦੀ ਪਾਲਣਾ ਕਰਨਾ ਅਤੇ ਲਾਗੂ ਕਰਨਾ ਹੈ...*



### ਸਰਕਾਰੀ ਸੰਗਠਨ-ਕੰਪਨੀਆਂ

**ਜੋ ਕੰਪਨੀ ਜਾਂ ਸੰਸਥਾਵਾਂ ਕੇਂਦਰ ਸਰਕਾਰ ਜਾਂ ਰਾਜ ਸਰਕਾਰ ਨਾਲ ਸਬੰਧਤ ਹਨ ਅਤੇ ਉਸ ਦੇ ਕਰਮਚਾਰੀ ਆਪਣੀ ਪੀਪੀਐੱਫ ਫੰਡ ਅਤੇ ਪੈਨਸ਼ਨ ਫੰਡ ਦਾ ਲਾਭ ਸਰਕਾਰ ਕੋਲ ਲੈ ਰਹੇ ਹਨ ਉਹ ਸਰਕਾਰੀ ਅਦਾਰਿਆਂ 'ਤੇ ਈਪੀਐੱਫ ਐਕਟ ਲਾਗੂ ਨਹੀਂ ਹੁੰਦਾ। ਉਦਾਹਰਨ- ਪੰਜਾਬ ਪੁਲਿਸ, ਸਰਕਾਰੀ ਵਿਭਾਗ ਆਦਿ।**

### ਕਿਸੇ ਖ਼ਾਸ ਐਕਟ ਤਹਿਤ ਕੰਪਨੀ ਕਾਰਪੋਰੇਸ਼ਨ ਦਾ ਗਠਨ

ਜੇ ਸਰਕਾਰ ਨੇ ਕਿਸੇ ਖ਼ਾਸ ਐਕਟ ਤਹਿਤ ਕੰਪਨੀ ਜਾਂ ਕਾਰਪੋਰੇਸ਼ਨ ਦਾ ਗਠਨ ਕੀਤਾ ਹੈ ਅਤੇ ਉਸੇ ਐਕਟ ਤਹਿਤ ਕੰਪਨੀ ਦੇ ਕਰਮਚਾਰੀਆਂ ਦੇ ਪ੍ਰਾਵੀਡੈਂਟ ਫੰਡ ਅਤੇ ਪੈਨਸ਼ਨ ਦੀ ਵਿਵਸਥਾ ਕੀਤੀ ਗਈ ਹੈ, ਤਾਂ ਇਹ ਈਪੀਐੱਫ ਐਕਟ ਉਸ ਕੰਪਨੀ-ਕਾਰਪੋਰੇਸ਼ਨ 'ਤੇ ਲਾਗੂ ਨਹੀਂ ਹੁੰਦਾ ਹੈ। ਉਦਾਹਰਨ- ਐੱਲਆਈਸੀ ਐਕਟ ਤਹਿਤ ਲਾਇਫ ਇੰਸ਼ੋਰੈਂਸ ਕਾਰਪੋਰੇਸ਼ਨ ਦਾ ਗਠਨ ਅਤੇ ਰਿਜ਼ਰਵ ਬੈਂਕ ਆਫ ਇੰਡੀਆ ਐਕਟ ਤਹਿਤ ਰਿਜ਼ਰਵ ਬੈਂਕ ਦਾ ਗਠਨ ਆਦਿ। ਇਨ੍ਹਾਂ ਅਦਾਰਿਆਂ ਕੋਲ ਖ਼ੁਦ ਦੇ ਪ੍ਰਾਵੀਡੈਂਟ ਫੰਡ ਅਤੇ ਪੈਨਸ਼ਨ ਫਾਂਡ ਸਬੰਧੀ ਪ੍ਰਬੰਧ ਅਤੇ ਰੂਲ ਹਨ।

### ਕੋਆਪ੍ਰੇਟਿਵ ਸੁਸਾਇਟੀ

***ਕੋਈ ਵੀ ਕੋਆਪ੍ਰੇਟਿਵ ਸੁਸਾਇਟੀ ਜੋ ਕੋਆਪ੍ਰੇਟਿਵ ਸੁਸਾਇਟੀ ਐਕਟ 1912 ਤਹਿਤ ਰਜਿਸਟਰੇਸ਼ਨ ਹੈ ਜਿਸ ਵਿਚ 50 ਤੋਂ ਘੱਟ ਕਰਮਚਾਰੀ ਕੰਮ ਕਰਦੇ ਹਨ ਅਤੇ ਜਿਸ ਵਿਚ ਬਿਜਲੀ ਤੋਂ ਬਿਨਾ ਕੰਮ ਹੁੰਦਾ ਹੈ। ਉਸ 'ਤੇ ਪੀਐੱਫ ਐਕਟ ਲਾਗੂ ਨਹੀਂ ਹੁੰਦਾ ਹੈ, ਜਿਵੇਂ ਖੇਤੀਬਾੜੀ ਕੋਆਪ੍ਰੇਟਿਵ ਸੁਸਾਇਟੀ ਆਦਿ।***

**ਵਾਸਤੂ-ਸ਼ਾਸਤਰ**

# ਵਾਸੂਤ ਮੁਤਾਬਕ ਰੱਖੋ ਮਕਾਨ ਦੀ ਉਚਾਈ

*ਵਾਸਤੂ ਅਨੁਸਾਰ ਉਸਾਰੀ ਅਧੀਨ ਕਿਸੇ ਵੀ ਬਹੁਮੰਜ਼ਿਲੇ ਮਕਾਨ ਦੀ ਉਚਾਈ ਕਿੰਨੀ ਹੋਣੀ ਚਾਹੀਦੀ ਹੈ ਇਸ ਦਾ ਪੂਰਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ...*

ਵਾਸਤੂ ਅਨੁਸਾਰ ਜੇ ਮਕਾਨ ਦੀ ਉਸਾਰੀ ਕਰੋ ਤਾਂ ਭਵਿੱਖ 'ਚ ਆਉਣ ਵਾਲੀਆਂ ਪਰੇਸ਼ਾਨੀਆਂ ਤੋਂ ਬਚਿਆ ਜਾ ਸਕਦਾ ਹੈ।

ਮਕਾਨ 'ਚ ਚਾਰ-ਦੀਵਾਰੀ ਦੀ ਉਸਾਰੀ ਕਰਦੇ ਸਮੇਂ ਸਦਾ ਧਿਆਨ ਰਖੋ ਕਿ ਦੱਖਣ ਪੱਛਮ ਦਿਸ਼ਾ ਦੀ ਚਾਰ-ਦੀਵਾਰੀ ਉੱਤਰ ਅਤੇ ਪੂਰਬ ਦਿਸ਼ਾ ਦੇ ਮੁਕਾਬਲਤਨ ਮੋਟੀ ਅਤੇ ਉੱਚੀ ਰੱਖੋ। ਜੇ ਮਕਾਨ 'ਚ ਉਸਾਰੀ ਕਾਰਜ ਪੜਾਵਾਂ 'ਚ ਮੁਕੰਮਲ ਕਰਨ ਦੀ ਯੋਜਨਾ ਹੈ ਤਾਂ ਵਾਸਤੂ ਸ਼ਾਸਤਰ ਦੇ ਨਿਯਮਾਂ ਅਨੁਸਾਰ ਕਰਾਓ। ਵਾਸਤੂ ਅਨੁਸਾਰ ਸਭ ਤੋਂ ਪਹਿਲਾਂ ਪੱਛਮ ਜਾਂ ਦੱਖਣ ਦਿਸ਼ਾ 'ਚ ਉਸਾਰੀ ਦਾ ਕੰਮ ਸ਼ੁਰੂ ਕਰਾਓ।

### ਮਕਾਨ ਦੀ ਉਚਾਈ

ਵਾਸਤੂ ਅਨੁਸਾਰ ਕਿਸੇ ਮਕਾਨ ਦੀ ਉਚਾਈ ਕਿੰਨੀ ਹੋਣੀ ਚਾਹੀਦੀ ਹੈ ਇਸ ਦਾ ਪੂਰਾ ਧਿਆਨ ਰੱਖਿਆ ਜਾਣਾ ਚਾਹੀਦਾ। ਉਚਾਈ ਦਾ ਹਿਸਾਬ ਕੱਢਣ ਲਈ ਮਕਾਨ ਦੀ ਚੌੜਾਈ ਦੇ 16 ਵੇਂ ਹਿੱਸੇ 'ਚ ਚਾਰ ਹੱਥ, 96 ਉਂਗਲ ਜੋੜ ਕੇ ਜਿੰਨਾ ਯੋਗ ਹੋਵੇ ਉਸ ਦੇ ਬਰਾਬਰ ਹੋਣੀ ਚਾਹੀਦੀ। ਜੇ ਬਹੁਮੰਜ਼ਿਲੀ ਮਕਾਨ ਦੀ ਯੋਜਨਾ ਹੋਵੇ ਤਾਂ ਪਹਿਲੀ ਉਚਾਈ 'ਚੋਂ12ਵਾਂ ਹਿੱਸਾ ਘੱਟ ਕਰਕੇ ਦੂਜੀ ਮੰਜ਼ਿਲ ਦੀ ਉਚਾਈ ਰੱਖੋ। ਇਹ ਤਰਤੀਬ ਤੀਜੀ ਅਤੇ ਕ੍ਰਮਵਾਰ ਚੌਥੀ ਮੰਜ਼ਿਲ ਲਈ ਵੀ ਰੱਖੋ। ਤੀਜੀ ਮੰਜ਼ਿਲ ਲਈ ਦੂਜੀ ਮੰਜ਼ਿਲ ਨਾਲੋਂ 12 ਵਾਂ ਮਾਨ ਘੱਟ ਕਰੋ। ਹਰੇਕ ਮੰਜ਼ਿਲ ਲਈ ਇਹ ਬਰਾਬਰ ਕ੍ਰਮ ਉਚਾਈ ਲਈ ਹੈ। ਜੇ ਇਸ ਕ੍ਰਮ ਤੋਂ 4, 312, 3 ਹੱਥ ਜੋੜ ਦਿਓ ਤਾਂ ਇਹ ਉਚਾਈ ਉਤਮ, ਦਰਮਿਆਨੀ, ਛੋਟੀ ਤਿੰਨ ਤਰ੍ਹਾਂ ਦੀ ਹੋਵੇਗੀ। ਜੇ ਇਹ ਕ੍ਰਮ ਵੀ ਲੜੀਵਾਰ- 4 ਹੱਥ 'ਚ 20, 18,16 ਉਂਗਲ ਅਤੇ 312 ਅਤੇ 3 ਹੱਥ 'ਚ 27,21,15 ਉਂਗਲ ਹੋਰ ਜੋੜੋ ਤਾਂ ਉਤਮ, ਦਰਿਆਨੀ ਅਤੇ ਛੋਟੀ ਉਚਾਈ ਦੇ ਤਿੰਨ ਤਿੰਨ ਹੋਰ ਹੋ ਜਾਣਗੇ। ਇਸ ਤਰ੍ਹਾਂ ਕੁਲ 12 ਰਦੇ ਹੋਣਗੇ। ਇਨ੍ਹਾਂ 'ਚ 8ਵਾਂ ਅਤੇ 10ਵਾਂ ਰਦਾ ਬਰਾਬਰ ਹੋਣ ਨਾਲ 11 ਰਦੇ ਹੀ ਮੰਨੇ ਜਾਣਗੇ। ਭਵਨ 'ਚ ਉਚਾਈ ਦਾ ਹਿਸਾਬ ਇਸ ਤਰੀਕੇ ਤੋਂ ਹੀ ਰੱਖਣਾ ਸ਼ੁੱਭ ਹੁੰਦਾ ਹੈ।



# ਜਦੋਂ ਈਐੱਮਆਈ ਨਾ ਭਰ ਸਕੋ

*ਜੇ ਕਿਸੇ ਕਾਰਨ ਤੁਸੀਂ ਈਐੱਮਆਈ ਨਾ ਚੁਕਾ ਸਕੋ ਤਾਂ ਬੈਂਕ ਵਾਲੇ ਤੁਹਾਨੂੰ ਪਰੇਸ਼ਾਨ ਕਰਨ ਲਗਦੇ ਹਨ। ਇਸ ਲਈ ਸਮੇਂ 'ਤੇ ਈਐੱਮਆਈ ਭਰਨਾ ਜ਼ਰੂਰੀ ਹੈ। ਜੇ ਤੁਸੀਂ ਇਹ ਅਦਾ ਨਹੀਂ ਕਰਦੇ ਤਾਂ ਤੁਹਾਡੇ ਕੋਲ ਕੁਝ ਸਾਧਨ ਹੁੰਦੇ ਹਨ ਜਿਨ੍ਹਾਂ ਦੀ ਭਰਪਾਈ ਕਰ ਸਕਦੇ ਹੋ...*

ਸ਼ਿਖਾ ਨੇ ਸਾਲ 2011 'ਚ ਇਕ ਕਰਜ਼ ਲਿਆ ਸੀ। ਇਸ ਤੋਂ ਬਾਅਦ ਉਸ ਦਾ ਵਿਆਹ ਹੋ ਗਿਆ ਅਤੇ ਉਸ ਨੇ ਨੌਕਰੀ ਛੱਡ ਦਿੱਤੀ। ਬੈਂਕ ਉਸ ਤਕ ਕਿਸੇ ਕਾਰਨ ਸੰਪਰਕ ਨਹੀਂ ਕਰ ਸਕਿਆ ਅਤੇ ਉਸ ਨੇ ਕਰਜ਼ਾ ਡਿਫਾਲਟ ਕਰ ਦਿੱਤਾ। ਹੁਣ ਉਸ ਕੋਲ ਕੀ ਸਾਧਨ ਹੈ? ਬੈਂਕ ਨੇ ਉਸ ਨੂੰ ਪਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਹੈ।

ਸ਼ਿਖਾ ਦੀ ਜਗ੍ਹਾ ਤੁਸੀਂ ਵੀ ਹੋ ਸਕਦੇ ਹੋ। ਤੁਸੀਂ ਕਰਜ਼ ਲੈ ਰੱਖਿਆ ਹੈ ਅਤੇ ਤੁਹਾਡੀ ਨੌਕਰੀ ਚਲੀ ਗਈ ਹੈ। ਤੁਹਾਨੂੰ ਦੂਜੀ ਨੌਕਰੀ ਉਨੀ ਹੀ ਤਨਖ਼ਾਹ 'ਤੇ ਮਿਲਣ 'ਚ ਪਰੇਸ਼ਾਨੀ ਆ ਰਹੀ ਹੈ। ਅਜਿਹਾ ਵੀ ਹੋ ਸਕਦਾ ਹੈ ਕਿ ਤੁਹਾਡੇ ਕੋਲ ਕਰਜ਼ 'ਤੇ ਕੋਈ ਇੰਸ਼ੋਰੈਂਸ ਵੀ ਨਾ ਹੋਵੇ। ਜੇ ਤੁਹਾਡੇ ਨਾਲ ਅਜਿਹਾ ਕੁਝ ਹੁੰਦਾ ਹੈ ਤਾਂ ਕੁਝ ਸਾਧਨ ਹਨ।

### ਘਬਰਾਓ ਨਾ

ਅਜਿਹੀ ਸਥਿਤੀ 'ਚ ਬਿਲਕੁਲ ਨਾ ਘਬਰਾਓ। ਬੈਂਕ ਕੋਲ ਅਜਿਹੇ ਕਈ ਗਾਹਕ ਹੁੰਦੇ ਹਨ, ਜਿਨ੍ਹਾਂ ਨੇ ਡਿਫਾਲਟ ਕੀਤਾ ਹੈ। ਅਜਿਹਾ ਨਹੀਂ ਹੈ ਕਿ ਤੁਸੀਂ ਇਕੱਲੇ ਹੋ। ਦੂਜੇ ਪਾਸੇ ਬੈਂਕ ਅਜਿਹੀ ਸਥਿਤੀ 'ਚ ਤੁਹਾਡੀ ਮਦਦ ਲਈ ਤਿਆਰ ਰਹਿੰਦਾ ਹੈ।

### ਪੇਪਰ ਤਿਆਰ ਕਰਨ ਤੋਂ ਬਾਅਦ ਬੈਂਕ ਨਾਲ ਗੱਲ ਕਰੋ

ਆਪਣੀਆਂ ਸਾਰੀਆਂ ਈਐੱਮਆਈ ਪੇਮੈਂਟ ਦੀ ਜਾਣਕਾਰੀ ਦੇ ਨਾਲ ਇਕ ਫਾਈਲ ਬਣਾਓ। ਇਸ 'ਚ ਬੈਂਕ ਦਾ ਨੋਟਿਸ, ਕਰਜ਼ ਦੀ ਜਾਣਕਾਰੀ, ਸਮਾਂ, ਵਿਆਜ ਅਤੇ ਈਐੱਮਆਈ ਦੀ ਜਾਣਕਾਰੀ ਵੀ ਦਿਓ। ਬੈਂਕ ਨੂੰ ਇਕਦਮ ਸਹੀ ਜਾਣਕਾਰੀ ਦਿਓ ਕਿ ਤੁਸੀਂ ਕਰਜ਼ ਕਿਉਂ ਨਹੀਂ ਚੁਕਾ ਪਾਏ। ਉਨ੍ਹਾਂ ਨੂੰ ਕਹੋ ਕਿ ਤੁਸੀਂ ਉਨ੍ਹਾਂ ਦਾ ਕਰਜ਼ਾ ਚੁਕਾਉਣਾ ਚਾਹੁੰਦੇ ਹੋ। ਇਸ ਲਈ ਬੈਂਕ ਤੋਂ ਤਰੀਕੇ ਪੁੱਛੋ। ਇਸ ਤੋਂ ਬਾਅਦ ਬੈਂਕ ਵੱਲੋਂ ਤੁਹਾਨੂੰ ਇਕ ਈ-ਮੇਲ ਮਿਲੇਗਾ, ਜਿਸ 'ਚ ਤੁਹਾਡੇ ਤੋਂ ਪੂਰੀ ਜਾਣਕਾਰੀ ਮੰਗੀ ਜਾਵੇਗੀ। ਇਹ ਸਭ ਦੇਣ ਤੋਂ ਬਾਅਦ ਬੈਂਕ ਦੇ ਅਧਿਕਾਰੀ ਤੁਹਾਡੇ ਨਾਲ ਸੰਪਰਕ ਕਰਨਗੇ।



### ਸਾਧਨ ਚੁਣੋ

ਕੀ ਬੈਂਕ ਤੁਹਾਡੀ ਕਾਰ ਜਾਂ ਘਰ ਨੂੰ ਜ਼ਬਤ ਕਰ ਸਕਦਾ ਹੈ? ਕਾਨੂੰਨੀ ਤੌਰ 'ਤੇ ਅਜਿਹਾ ਹੋ ਸਕਦਾ ਹੈ। ਪਰ ਤੁਹਾਨੂੰ ਇਸ ਬਾਰੇ ਚਿੰਤਾ ਕਰਨ ਦੀ ਜ਼ਰੂਰਤ ਨਹੀਂ ਹੈ। ਜ਼ਬਤੀ ਦੀ ਪ੍ਰਕਿਰਿਆ ਬਹੁਤ ਲੰਬੀ ਹੁੰਦੀ ਹੈ। ਇੰਨੀ ਲੰਬੀ ਪ੍ਰਕਿਰਿਆ ਵਿਚਕਾਰ ਤੁਸੀਂ ਬੈਂਕ ਨਾਲ ਡੀਲ ਕਰ ਸਕਦੇ ਹੋ। ਜੇ ਤੁਸੀਂ ਸਮੇਂ 'ਤੇ ਸਾਰੇ ਈਐੱਮਆਈ ਚੁਕਾਈ ਹੈ ਤਾਂ ਬੈਂਕ ਤੁਹਾਨੂੰ ਸਹੀ ਗਾਹਕ ਮੰਨੇਗਾ ਅਤੇ ਪਰੇਸ਼ਾਨੀ ਤੋਂ ਬਾਹਰ ਨਿਕਲਣ ਦੇ ਤਰੀਕੇ ਵੀ ਦੱਸੇਗਾ।

### ਵਧੀਆ ਸਾਧਨ

- ਕਰਜ਼ ਸੀਮਾ ਵਧਾ ਲਓ

ਜੇ ਈਐੱਮਆਈ 10 ਹਜ਼ਾਰ ਦੀ ਹੈ ਅਤੇ ਜ਼ਿਆਦਾ ਲਗ ਰਿਹਾ ਹੈ ਤਾਂ ਬੈਂਕ ਇਹ ਰਕਮ ਘਟਾ ਕੇ ਤੁਹਾਨੂੰ ਕਰਜ਼ ਦੀ ਸਮਾਂ ਸੀਮਾ ਵਧਾ ਦਵੇਗੀ। ਅਜਿਹੇ 'ਚ ਈਐੱਮਆਈ ਘੱਟ ਜਾਵੇਗੀ ਅਤੇ ਭਾਰ ਘੱਟ ਹੋ ਜਾਵੇਗਾ ਪਰ ਕੁਲ ਪੇਮੈਂਟ ਵੱਧ ਜਾਵੇਗੀ।

- ਪੇਮੈਂਟ ਅੱਗੇ ਵਧਾ ਦਿਓ

ਪਰੇਸ਼ਾਨੀ ਇਹ ਵੀ ਹੋ ਸਕਦੀ ਹੈ ਕਿ ਤੁਸੀਂ ਪੇਮੈਂਟ ਹੀ ਨਾ ਕਰ ਸਕੋ। ਜੇ ਤੁਹਾਨੂੰ ਉਮੀਦ ਹੈ ਕਿ ਕੁਝ ਸਮੇਂ 'ਚ ਨੌਕਰੀ ਮਿਲ ਜਾਵੇਗੀ ਅਤੇ ਦੁਬਾਰਾ ਘਰ ਦੀ ਈਐੱਮਆਈ ਭਰ ਸਕੋਗੇ ਤਾਂ ਤੁਸੀਂ ਬੈਂਕ ਤੋਂ ਥੋੜ੍ਹੇ ਦਿਨ ਲਈ ਪੇਮੈਂਟ ਨੂੰ ਰੋਕਣ ਲਈ ਕਹਿ ਸਕਦੇ ਹੋ। ਬੈਂਕ ਤੁਹਾਨੂੰ ਰਾਹਤ ਦਿੰਦੇ ਹੋਏ ਥੋੜ੍ਹੀ ਮੋਹਲਤ ਦੇ ਸਕਦਾ ਹੈ। ਅਜਿਹੇ 'ਚ ਤੁਹਾਡੀ ਈਐੱਮਆਈ ਸ਼ੁਰੂ ਤਾਂ ਹੋ ਜਾਵੇਗੀ, ਪਰ ਲੇਟ ਪੇਮੈਂਟ ਦੀ ਸਜਾ ਲੱਗੇਗੀ। ਜੇ ਤੁਹਾਡੇ ਚੈੱਕ ਬਾਊਂਸ ਹੁੰਦੇ ਹਨ ਤਾਂ ਇਸ ਲਈ ਵੀ ਸਜਾ ਭਾਵ ਪੈਨਲਟੀ ਲਗਾਈ ਜਾ ਸਕਦੀ ਹੈ।

- ਜੇ ਤੁਸੀਂ ਕਰਜ਼ ਚੁਕਾ ਹੀ ਨਾ ਸਕੋ

- ਅਜਿਹੀ ਸਥਿਤੀ 'ਚ ਬੈਂਕ ਤੁਹਾਡੀ ਪ੍ਰਾਪਰਟੀ ਜ਼ਬਤ ਕਰ ਲਵੇਗਾ ਅਤੇ 15-30 ਦਿਨ 'ਚ ਇਸ ਦੀ ਨਿਲਾਮੀ ਹੋ ਜਾਵੇਗੀ। ਜੇ ਇਸ ਵਿਚਕਾਰ ਤੁਸੀਂ ਪੈਸਿਆਂ ਦਾ ਇਤਜ਼ਾਮ ਕਰ ਸਕੋ ਤਾਂ ਤੁਸੀਂ ਆਪਣੀ ਪ੍ਰਾਪਰਟੀ ਫਿਰ ਤੋਂ ਖ਼ਰੀਦ ਸਕੋਗੇ।
- ਕੋਸ਼ਿਸ਼ ਕਰੋ ਕਿ ਤੁਹਾਡੇ ਸਾਹਮਣੇ ਅਜਿਹੀ ਸਥਿਤੀ ਹੀ ਨਾ ਆਵੇ। ਇਸ ਦਾ ਇਕ ਤਰੀਕਾ ਇਹ ਹੈ ਕਿ ਇਸ ਲਈ ਹਮੇਸ਼ਾ ਤਿਆਰ ਰਹੋ। ਆਮ ਤੌਰ 'ਤੇ ਤੁਹਾਨੂੰ ਇਕ ਐਮਰਜੈਂਸੀ ਫੰਡ ਬਣਾਉਣਾ ਚਾਹੀਦਾ ਹੈ। ਇਸ ਫੰਡ 'ਚ ਛੇ ਮਹੀਨੇ ਤੋਂ ਲੈ ਕੇ ਦੋ ਸਾਲ ਤਕ ਦਾ ਖ਼ਰਚ ਹੋਣਾ ਚਾਹੀਦਾ ਹੈ। ਇਸ ਦਾ ਇਸਤੇਮਾਲ ਸਿਰਫ਼ ਐਮਰਜੈਂਸੀ ਵਰਗੇ ਸਮੇਂ 'ਚ ਹੀ ਕਰੋ।



# ਵਿਦੇਸ਼ੀ ਪੜ੍ਹਾਈ ਲਈ ਹੈਲਥ ਕਵਰ

ਜੇ ਤੁਸੀਂ ਵਿਦੇਸ਼ ਪੜ੍ਹਨ ਜਾ ਰਹੇ ਹੋ ਜਾਂ ਆਪਣੇ ਬੱਚੇ ਨੂੰ ਭੇਜ ਰਹੇ ਹੋ ਤਾਂ ਸਿਹਤ ਨਾਲ ਸਬੰਧਤ ਕੁਝ ਗੱਲਾਂ 'ਤੇ ਜ਼ਰੂਰ ਧਿਆਨ ਦਿਓ ਤਾਂ ਕਿ ਬੱਚੇ ਨੂੰ ਵਿਦੇਸ਼ 'ਚ ਗੰਭੀਰ ਸਮੱਸਿਆ ਨਾ ਆਵੇ।

ਜੇ ਯੂਨੀਵਰਸਿਟੀ ਤੋਂ ਹੈਲਥ ਕਵਰ ਖ਼ਰੀਦਣਾ ਲਾਜ਼ਮੀ ਨਹੀਂ ਹੈ ਤਾਂ ਇਸ ਤੋਂ ਛੋਟ ਦੀ ਮੰਗ ਕਰ ਸਕਦੇ ਹੋ। ਖ਼ਾਸ ਤੌਰ 'ਤੇ ਜੇ ਤੁਸੀਂ ਡਿਪੈਂਡੈਂਟ ਤੌਰ 'ਤੇ ਪਹਿਲਾਂ ਤੋਂ ਹੀ ਕਵਰਡ ਹੋ ਜਾਂ ਤੁਸੀਂ ਆਪਣੇ ਲਈ ਖ਼ੁਦ ਹੈਲਥ ਇੰਸ਼ੋਰੈਂਸ ਖ਼ਰੀਦਣਾ ਚਾਹੁੰਦੇ ਹੋ।

ਤੁਸੀਂ ਜਿਸ ਦੇਸ਼ 'ਚ ਪੜ੍ਹਨ ਜਾ ਰਹੇ ਹੋ ਉੱਥੋਂ ਦੀ ਕਿਸੇ ਕੰਪਨੀ 'ਚ ਮੈਡੀਕਲੇਮ ਖ਼ਰੀਦ ਸਕਦੇ ਹੋ ਜਾਂ ਉੱਥੇ ਜਾਣ ਤੋਂ ਪਹਿਲਾਂ ਕਿਸੇ ਭਾਰਤੀ ਇੰਸ਼ੋਰੈਂਸ ਕੰਪਨੀ ਦੀ ਪਾਲਿਸੀ ਲੈ ਸਕਦੇ ਹੋ। ਕਈ ਵਿਦਿਆਰਥੀ ਹੈਲਥ ਇੰਸ਼ੋਰੈਂਸ ਦੇ ਪ੍ਰੀਮੀਅਮ ਨੂੰ ਟਿਊਸ਼ਨ ਫੀਸ ਨਾਲ ਕਲੱਬ ਕਰਦੇ ਹਨ ਪਰ ਇਹ ਮੁਮਕਿਨ ਹੈ ਕਿ ਯੂਨੀਵਰਸਿਟੀ ਤੁਹਾਨੂੰ ਬੈਸਟ ਡੀਲ ਨਾ ਦੇ ਰਹੀ ਹੋਵੇ। ਇਸ ਲਈ ਮਾਰਕੀਟ 'ਚ ਪ੍ਰੀਮੀਅਮ ਅਤੇ ਦੂਜੇ ਫੀਚਰਾਂ ਦੀ ਤੁਲਨਾ ਕਰਨਾ ਠੀਕ ਰਹੇਗਾ। ਆਨਲਾਈਨ ਚੈਨਲ ਦੇ ਬਾਵਜੂਦ ਕਿਸੇ ਵਿਦੇਸ਼ੀ ਕੰਪਨੀ ਨਾਲ ਹੈਲਥ ਇੰਸ਼ੋਰੈਂਸ ਖ਼ਰੀਦਣਾ ਸੌਖਾ ਨਹੀਂ ਹੁੰਦਾ।

ਇਸ ਲਈ ਪਹਿਲਾਂ ਡੋਮੈਸਟਿਕ ਪਲਾਨ 'ਤੇ ਨਜ਼ਰ ਮਾਰਨ ਨਾਲ ਸ਼ੁਰੂਆਤ ਕਰਨੀ ਚਾਹੀਦੀ ਹੈ। ਐੱਮਆਈਟੀ ਅਤੇ ਸਟੈਨਫੋਰਡ ਵਰਗੀ ਯੂਨੀਵਰਸਿਟੀ ਲਈ ਹੈਲਥ ਇੰਸ਼ੋਰੈਂਸ ਪਲਾਨ ਉਨ੍ਹਾਂ ਦੀ ਗਾਈਡਲਾਈਨਜ਼ ਮੁਤਾਬਕ ਹੋਣਾ ਚਾਹੀਦਾ। ਜੇ ਪ੍ਰੀ-ਪੈਕਜਡ ਪਲਾਨ ਉਨ੍ਹਾਂ ਦੀਆਂ ਜ਼ਰੂਰਤਾਂ ਨਾਲ ਮੇਲ ਨਹੀਂ ਖਾਂਦਾ ਤਾਂ ਇੰਸ਼ੋਰੈਂਸ ਕੰਪਨੀਆਂ ਉਸ 'ਚ ਤਬਦੀਲੀ ਲਈ ਤਿਆਰ ਰਹਿੰਦੀਆਂ ਹਨ।

### ਕੀਮਤ ਦੀ ਤੁਲਨਾ ਕਰੋ

ਜੇ ਤੁਸੀਂ ਕਿਸੇ ਪੱਛਮੀ ਦੇਸ਼ 'ਚ ਪੜ੍ਹਾਈ ਕਰ ਰਹੇ ਹੋ ਤਾਂ ਤੁਹਾਡੇ ਲਈ ਯੂਨੀਵਰਸਿਟੀ ਦੀ ਪਾਲਸੀ ਡੋਮੈਸਟਿਕ ਕੰਪਨੀ ਦੇ ਮੁਕਾਬਲੇ ਕਾਫ਼ੀ ਮਹਿੰਗੀ ਪੈ ਸਕਦੀ ਹੈ। ਹਾਲਾਂਕਿ ਜੇ ਤੁਸੀਂ ਵਿਦੇਸ਼ ਲਈ ਪਾਲਿਸੀ ਲੈ ਰਹੇ ਹੋ ਤਾਂ ਨਿਯਮ ਬਦਲ ਜਾਂਦੇ ਹਨ। ਮਿਸਾਲ ਲਈ ਜੇ ਚਾਈਨਾ ਮੈਡੀਕਲ ਯੂਨੀਵਰਸਿਟੀ ਹੈਲਥ ਇੰਸ਼ੋਰੈਂਸ਼ ਪਲਾਨ ਲਈ 6,000 ਰੁਪਏ ਦਾ ਸਾਲਾਨਾ ਪ੍ਰੀਮੀਅਮ ਲੈਂਦੀ ਹੈ। ਇਸ ਲਈ ਕਿਸੇ ਭਾਰਤੀ ਬੀਮਾ ਕੰਪਨੀ ਦੀ ਸਕੀਮ 7,500 ਰੁਪਏ ਦੀ ਪਵੇਗੀ।

*ਤੁਸੀਂ ਵਿਦੇਸ਼ 'ਚ ਪੜ੍ਹਨ ਜਾ ਰਹੇ ਹੋ, ਇਸ ਲਈ ਕੈਸ਼ਲੈੱਸ ਸੁਵਿਧਾਵਾਂ, ਕੈਂਪਸ ਕੋਲ ਨੈੱਟਵਰਕ, ਹਸਪਤਾਲ, ਕਲੇਮ ਸੈਟਲਮੈਂਟ ਦੇ ਤਰੀਕੇ ਅਤੇ ਬੀਮਾ ਕੰਪਨੀ ਦੇ ਪਿਛਲੇ ਰਿਕਾਰਡ 'ਤੇ ਜ਼ਰੂਰ ਨਜ਼ਰ ਮਾਰੋ। ਭਾਰਤੀ ਇੰਸ਼ੋਰੈਂਸ ਕੰਪਨੀ ਦਾ ਪਲਾਨ ਵੀ ਵਿਚਾਰਿਆ ਜਾ ਸਕਦਾ ਹੈ...*

ਹਾਲਾਂਕਿ ਸਿਰਫ ਕੀਮਤ ਦੇ ਆਧਾਰ 'ਤੇ ਕੋਈ ਪਾਲਿਸੀ ਨਾ ਖਰੀਦੋ। ਕਵਰ ਸਾਈਜ਼ ਅਤੇ ਦੂਜੇ ਬੈਨੀਫਿਟ ਦਾ ਮੁਕਾਬਲਾ ਕਰਨ ਪਿਛੋਂ ਹੀ ਪਾਲਿਸੀ ਖਰੀਦਣ ਦਾ ਫੈਸਲਾ ਕਰਨਾ ਚਾਹੀਦਾ ਹੈ।

### ਧਿਆਨਯੋਗ ਨੁਕਤੇ

ਤੁਸੀਂ ਵਿਦੇਸ਼ 'ਚ ਪੜ੍ਹਨ ਜਾ ਰਹੇ ਹੋ, ਇਸ ਲਈ ਕੈਸ਼ਲੈਸ ਫੈਸਿਲਟੀ, ਕੈਂਪਸ ਕੋਲ ਨੈਟਵਰਕ ਹਸਪਤਾਲ,ਕਲੇਮ ਸੈਟਲਮੈਂਟ ਦੇ ਤਰੀਕੇ ਅਤੇ ਬੀਮਾ ਕੰਪਨੀ ਦੇ ਪਿਛਲੇ ਰਿਕਾਰਡ 'ਤੇ ਜ਼ਰੂਰ ਨਜ਼ਰ ਮਾਰੋ।

ਭਾਰਤੀ ਇੰਸ਼ੋਰੈਂਸ ਕੰਪਨੀ ਦਾ ਪਲਾਨ ਬੇਸ਼ੱਕ ਸਸਤਾ ਪੈਂਦਾ ਹੈ, ਪਰ ਯੂਨੀਵਰਸਿਟੀ ਦੀ ਪਾਲਿਸੀ ਇਨ੍ਹਾਂ ਮਾਮਲਿਆਂ 'ਚ ਉਸ ਨਾਲੋਂ ਬਿਹਤਰ ਹੋ ਸਕਦੀ ਹੈ। ਯੂਨੀਵਰਸਿਟੀ ਪਲਾਨ 'ਚ ਪ੍ਰੀ-ਐਗਜਿਸਟਿੰਗ ਕਵਰ ਵੀ ਸ਼ਾਮਲ ਹੁੰਦਾ ਹੈ। ਦੂਜਾ ਅਹਿਮ ਫੈਕਟਰ ਸਬ-ਲਿਮਿਟ ਅਤੇ ਡਿਡੈਕਟੇਬਲਜ਼ ਹੁੰਦੇ ਹਨ।

ਯੂਨੀਵਰਸਿਟੀ ਪਲਾਨ 'ਚ ਅਕਸਰ ਹਾਇਰ ਡਿਡਕਟੇਬਲ 500 ਡਾਲਰ ਜਾਂ 30,000 ਰੁਪਏ ਹਨ। ਭਾਰਤੀ ਇੰਸ਼ੋਰੈਂਸ ਕੰਪਨੀ ਲਈ ਇਸ ਦੀ ਸਬ-ਲਿਮਿਟ 100 ਡਾਲਰ ਜਾਂ 6,000 ਰੁਪਏ ਹੈ। ਇਸ ਦਾ ਮਤਲਬ ਇਹ ਹੈ ਕਿ ਜੇ ਤੁਸੀਂ ਹਸਪਤਾਲ 'ਚ ਭਰਤੀ ਹੋ ਅਤੇ ਬਿਲ 1600 ਜਾਂ 96,000 ਰੁਪਏ ਆਉਂਦਾ ਹੈ, ਤਾਂ ਯੂਨੀਵਰਸਿਟੀ ਪਲਾਨ ਸਿਰਫ 1,100 ਜਾਂ 66,000 ਰੁਪਏ ਦਾ ਹੀ ਭੁਗਤਾਨ ਕਰੇਗਾ। ਇਸ ਮਾਮਲੇ 'ਚ ਭਾਰਤੀ ਕੰਪਨੀ 1,500 ਡਾਲਰ ਜਾਂ 90,000 ਰੁਪਏ ਦਾ ਭੁਗਤਾਨ ਕਰੇਗੀ।



# ਭਗਵੰਤ ਮਾਨ ਨੇ ਪਟਿਆਲਾ ਵਿਖੇ ਡਾ. ਬਲਬੀਰ ਸਿੰਘ ਲਈ ਕੀਤਾ ਚੋਣ ਪ੍ਰਚਾਰ, ਵਿਸ਼ਾਲ ਜਨ ਸਭਾ ਵਿੱਚ ਲੋਕਾਂ ਨੂੰ 13-0 ਨਾਲ 'ਆਪ' ਨੂੰ ਜਿਤਾਉਣ ਦੀ ਕੀਤੀ ਅਪੀਲ

## ਭਗਵੰਤ ਮਾਨ ਨੇ ਕੈਪਟਨ ਅਮਰਿੰਦਰ ਸਿੰਘ 'ਤੇ ਬੋਲਿਆ ਹਮਲਾ, ਕਿਹਾ - ਉਹ ਮੁਗ਼ਲਾਂ ਦੇ ਸਮੇਂ ਮੁਗ਼ਲਾਂ ਨਾਲ, ਅੰਗਰੇਜ਼ਾਂ ਦੇ ਸਮੇਂ ਅੰਗਰੇਜ਼ਾਂ ਨਾਲ, ਅਕਾਲੀ ਦਲ ਦੇ ਸਮੇਂ ਅਕਾਲੀ ਦਲ ਨਾਲ, ਕਾਂਗਰਸ ਦੇ ਸਮੇਂ ਕਾਂਗਰਸ ਨਾਲ ਅਤੇ ਹੁਣ ਬੀਜੇਪੀ ਦੀ ਸੱਤਾ ਵਿਚ ਬੀਜੇਪੀ ਨਾਲ ਹਨ



**ਪਟਿਆਲਾ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਮਾਨ ਨੇ ਪਟਿਆਲਾ ਵਿੱਚ 'ਆਪ' ਉਮੀਦਵਾਰ ਡਾ ਬਲਬੀਰ ਸਿੰਘ ਲਈ ਚੋਣ ਪ੍ਰਚਾਰ ਕੀਤਾ। ਇੱਥੇ ਉਨ੍ਹਾਂ ਇੱਕ ਵਿਸ਼ਾਲ ਜਨ ਸਭਾ ਨੂੰ ਸੰਬੋਧਨ ਕਰਦਿਆਂ ਆਮ ਆਦਮੀ ਪਾਰਟੀ ਨੂੰ 13-0 ਨਾਲ ਜਿਤਾਉਣ ਦੀ ਅਪੀਲ ਕੀਤੀ।

ਆਪਣੇ ਭਾਸ਼ਣ ਦੌਰਾਨ ਮੁੱਖ ਮੰਤਰੀ ਮਾਨ ਨੇ ਕੈਪਟਨ ਅਮਰਿੰਦਰ ਸਿੰਘ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਮੁਗ਼ਲਾਂ ਦੇ ਸਮੇਂ ਕੈਪਟਨ ਦਾ ਪਰਿਵਾਰ ਉਨ੍ਹਾਂ ਦੇ ਨਾਲ ਸੀ। ਅੰਗਰੇਜ਼ਾਂ ਦੇ ਰਾਜ 'ਚ ਉਨ੍ਹਾਂ ਦੇ ਨਾਲ ਸੀ। ਅਕਾਲੀ ਦਲ ਦੇ ਸਮੇਂ ਉਸ ਦੇ ਨਾਲ ਰਹੇ। ਫਿਰ ਕਾਂਗਰਸ ਵਿੱਚ ਰਹੇ ਅਤੇ ਹੁਣ ਭਾਜਪਾ ਸਰਕਾਰ ਵਿੱਚ ਉਸ ਦੇ ਨਾਲ ਹਨ।

ਉਨ੍ਹਾਂ ਦੋਸ਼ ਲਾਇਆ ਕਿ ਪਟਿਆਲਾ ਦੀ ਰਿਆਸਤ ਨੂੰ ਅਹਿਮਦ ਸ਼ਾਹ ਅਬਦਾਲੀ ਨੇ ਬਣਾਇਆ ਸੀ ਕਿਉਂਕਿ ਕੈਪਟਨ ਦੇ ਪੂਰਵਜ ਆਲਾ ਸਿੰਘ ਨੇ ਅਬਦਾਲੀ ਦਾ ਕਾਫ਼ਲਾ ਲੁੱਟਣ ਵਾਲੇ ਖ਼ਾਲਸਾ ਗਰੁੱਪ ਦਾ ਨਾਂ ਉਜਾਗਰ ਕੀਤਾ ਸੀ। ਉਨ੍ਹਾਂ ਕਿਹਾ ਕਿ ਕੁਝ ਖ਼ਾਲਸਾ ਦੇ ਲੋਕ ਅਹਿਮਦ ਸ਼ਾਹ ਅਬਦਾਲੀ ਦੇ ਕਾਫ਼ਲੇ ਵੱਲੋਂ ਲੁੱਟਿਆ ਮਾਲ ਪਿਛਲੇ ਹਿੱਸੇ ਤੋਂ ਲੁੱਟ ਲੈਂਦੇ ਸੀ ਅਤੇ ਗ਼ਰੀਬਾਂ ਵਿੱਚ ਵੰਡ ਦਿੰਦੇ ਸਨ। ਕੈਪਟਨ ਦੇ ਪੂਰਵਜ ਆਲਾ ਸਿੰਘ ਨੇ ਅਬਦਾਲੀ ਨੂੰ ਉਨ੍ਹਾਂ ਖ਼ਾਲਸਾ ਦੇ ਲੋਕਾਂ ਦੇ ਨਾਮ ਦੱਸੇ ਸਨ ਜਿਨ੍ਹਾਂ ਨੂੰ ਅਬਦਾਲੀ ਨੇ ਮਾਰਿਆ ਸੀ। ਇਸ ਤੋਂ ਬਾਅਦ ਅਬਦਾਲੀ ਨੇ ਖ਼ੁਸ਼ ਹੋ ਕੇ ਆਲਾ ਸਿੰਘ ਦੇ ਪੁੱਤਰ ਨੂੰ ਪਟਿਆਲਾ ਰਿਆਸਤ ਦੇ ਦਿੱਤੀ। ਮਾਨ ਨੇ ਅਕਾਲੀ ਆਗੂ ਬਿਕਰਮ ਮਜੀਠੀਆ ਅਤੇ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ 'ਤੇ ਵੀ ਹਮਲਾ ਬੋਲਿਆ। ਉਨ੍ਹਾਂ ਕਿਹਾ ਕਿ ਜੱਲਿਆਂਵਾਲਾ ਕਤਲੇਆਮ ਵਾਲੀ ਸ਼ਾਮ ਨੂੰ ਜਨਰਲ ਡਾਇਰ ਨੇ ਬਿਕਰਮ ਮਜੀਠੀਆ ਦੇ ਘਰ ਡਿਨਰ ਕੀਤਾ ਸੀ। ਪੰਜਾਬ ਅਜਿਹੇ ਲੋਕਾਂ ਤੋਂ ਵਫ਼ਾਦਾਰੀ ਦੀ ਆਸ ਕਿਵੇਂ ਰੱਖ ਸਕਦਾ ਹੈ ? ਪ੍ਰਤਾਪ ਸਿੰਘ ਬਾਜਵਾ ਨੂੰ ਮੁੱਖ ਮੰਤਰੀ ਬਣਨ ਦੀ ਕਾਫੀ ਚਿੰਤਾ ਹੈ ਪਰ ਕਾਂਗਰਸ ਨੇ ਉਨ੍ਹਾਂ ਦੇ ਮੁੱਖ ਮੰਤਰੀ ਬਣਨ ਦੇ ਸੁਪਨੇ ਦੀ ਭਰੂਣ ਹੱਤਿਆ ਕਰ ਦਿੱਤੀ ਹੈ।

ਸੁਖਬੀਰ ਬਾਦਲ 'ਤੇ ਹਮਲਾ ਕਰਦਿਆਂ ਉਨ੍ਹਾਂ ਕਿਹਾ ਕਿ ਸੁਖ ਵਿਲਾਸ ਹੋਟਲ ਪੰਜਾਬ ਦੇ ਲੋਕਾਂ ਦੇ ਖ਼ੂਨ ਪਸੀਨੇ ਨਾਲ ਬਣਿਆ ਹੈ। ਉਸ ਹੋਟਲ ਵਿੱਚ ਹਰ ਕਮਰੇ ਦੇ ਨਾਲ ਇੱਕ ਪੂਲ ਹੈ। ਉਨ੍ਹਾਂ ਕਿਹਾ ਕਿ ਅਸੀਂ ਪੰਜਾਬ ਸਰਕਾਰ ਤੋਂ ਸੁਖ ਵਿਲਾਸ ਨੂੰ ਲੈ ਕੇ ਸਕੂਲ ਵਿੱਚ ਤਬਦੀਲ ਕਰਾਂਗੇ। ਇਹ ਪਹਿਲਾ ਸਕੂਲ ਹੋਵੇਗਾ ਜਿਸ ਦੇ ਹਰ ਕਮਰੇ ਵਿੱਚ ਪੂਲ ਹੋਵੇਗਾ। ਇਸਦੇ ਲਈ ਅਸੀਂ ਇੱਕ ਸਲੋਗਨ ਵੀ ਤਿਆਰ ਕੀਤਾ ਹੈ, 'ਦੁਨੀਆ ਦਾ ਪਹਿਲਾ ਸਕੂਲ, ਜਿਸਦੇ ਹਰ ਕਮਰੇ ਦੇ ਪਿੱਛੇ ਪੂਲ'।

ਮਾਨ ਨੇ ਪ੍ਰਧਾਨ ਮੰਤਰੀ ਮੋਦੀ ਅਤੇ ਭਾਜਪਾ 'ਤੇ ਵੀ ਹਮਲਾ ਬੋਲਿਆ। ਉਨ੍ਹਾਂ ਕਿਹਾ ਕਿ ਹਿੰਦੀ ਡਿਕਸ਼ਨਰੀ ਵਿੱਚ ਕਰੀਬ 6 ਲੱਖ ਸ਼ਬਦ ਹਨ, ਪਰ ਪੀਐਮ ਮੋਦੀ ਹਿੰਦੂ-ਮੁਸਲਿਮ, ਮੰਦਰ-ਮਸਜਿਦ, ਪਾਕਿਸਤਾਨ-ਕਬਰਸਤਾਨ ਵਰਗੇ ਅੱਠ-ਦਸ ਸ਼ਬਦ ਹੀ ਬੋਲਦੇ ਹਨ। ਉਹ ਕਦੇ ਵੀ ਮਹਿੰਗਾਈ, ਬੇਰੁਜ਼ਗਾਰੀ, ਗ਼ਰੀਬੀ ਅਤੇ ਭੁੱਖਮਰੀ ਵਰਗੀਆਂ ਸਮੱਸਿਆਵਾਂ 'ਤੇ ਨਹੀਂ ਬੋਲਦੇ।

ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਸ਼ਰਮਨਾਕ ਗੱਲ ਹੈ ਕਿ ਪ੍ਰਧਾਨ ਮੰਤਰੀ ਬਣਨ ਦੇ 10 ਸਾਲ ਬਾਅਦ ਵੀ ਉਹ ਮੰਗਲ-ਸੂਤਰ ਦੇ ਨਾਂ 'ਤੇ ਵੋਟਾਂ ਮੰਗ ਰਹੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਨਫਰਤ ਦੀ ਰਾਜਨੀਤੀ ਕਰਦੀ ਹੈ। ਉਹ ਲੋਕਾਂ ਨੂੰ ਜਾਤ-ਪਾਤ ਅਤੇ ਧਰਮ ਦੇ ਨਾਂ 'ਤੇ ਡਰਾ ਕੇ ਵੋਟਾਂ ਹਾਸਲ ਕਰਨਾ ਚਾਹੁੰਦੀ ਹੈ। ਉਹ ਪੰਜਾਬ ਵਿੱਚ ਵੀ ਫੁੱਟ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਪੰਜਾਬ ਦੇ ਲੋਕ ਨਫ਼ਰਤ ਦੀ ਰਾਜਨੀਤੀ ਨੂੰ ਕਦੇ ਵੀ ਪਸੰਦ ਨਹੀਂ ਕਰਦੇ। ਪੰਜਾਬ ਭਾਈਚਾਰਕ ਸਾਂਝ ਲਈ ਜਾਣਿਆ ਜਾਂਦਾ ਹੈ। ਇੱਥੋਂ ਦੇ ਲੋਕ ਗੁਰੂਪਰਵ, ਈਦ, ਹੋਲੀ, ਦੀਵਾਲੀ ਅਤੇ ਨੌਮੀ ਇਕੱਠੇ ਮਨਾਉਂਦੇ ਹਨ। ਭਾਜਪਾ ਦੀ ਨਫਰਤ ਦੀ ਰਾਜਨੀਤੀ ਇੱਥੇ ਕਦੇ ਵੀ ਕਾਮਯਾਬ ਨਹੀਂ ਹੋ ਸਕਦੀ।

ਭਗਵੰਤ ਮਾਨ ਨੇ ਕਿਹਾ ਕਿ ਅਸੀ ਕੰਮ ਦੀ ਰਾਜਨੀਤੀ ਕਰਦੇ ਹਾਂ। ਪਿਛਲੇ ਦੋ ਸਾਲਾਂ ਵਿੱਚ ਅਸੀਂ 43000 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇ ਚੁੱਕੇ ਹਾਂ। 829 ਮੁਹੱਲਾ ਕਲੀਨਿਕ ਖੋਲ੍ਹੇ, ਜਿਸ ਵਿੱਚ ਹੁਣ ਤੱਕ ਕਰੀਬ ਡੇਢ ਕਰੋੜ ਲੋਕ ਮੁਫ਼ਤ ਇਲਾਜ ਕਰਵਾ ਚੁੱਕੇ ਹਨ। ਮੈਂ (ਭਗਵੰਤ ਮਾਨ) ਸਿਹਤ ਮੰਤਰੀ ਨੂੰ ਕਿਹਾ ਕਿ ਪੰਜਾਬ ਦਾ ਕੋਈ ਅਜਿਹਾ ਹਸਪਤਾਲ ਨਾ ਹੋਵੇ ਜਿਸ ਵਿੱਚ ਐਕਸ-ਰੇ ਮਸ਼ੀਨ, ਜਾਂਚ ਲੈਬ ਅਤੇ ਦਵਾਈ ਨਾ ਹੋਵੇ। ਕਿਸੇ ਵੀ ਮਰੀਜ਼ ? ਨੂੰ ਜਾਂਚ ਅਤੇ ਦਵਾਈ ਲਈ ਹਸਪਤਾਲ ਤੋਂ ਬਾਹਰ ਨਾ ਜਾਣਾ ਪਵੇ। ਇਸ ਦੀ ਜ਼ਿੰਮੇਵਾਰੀ ਅਸੀਂ ਸਮੂਹ ਹਸਪਤਾਲਾਂ ਦੇ ਚੀਫ਼ ਮੈਡੀਕਲ ਅਫ਼ਸਰਾਂ ਦੀ ਲਗਾ ਦਿੱਤੀ ਤਾਂਕਿ ਕਿਸੇ ਵੀ ਮਰੀਜ ਨੂੰ ਕਿਸੇ ਤਰ੍ਹਾਂ ਦੀ ਕੋਈ ਸਮੱਸਿਆ ਨਾ ਆਵੇ।

ਉੱਥੇ ਹੀ ਪੰਜਾਬ ਦੇ ਕਿਸਾਨਾਂ ਦੀ ਤਰੱਕੀ ਲਈ ਅਸੀਂ ਪੰਜਾਬ ਦੇ 59 ਫ਼ੀਸਦੀ ਖੇਤਾਂ ਵਿੱਚ ਨਹਿਰੀ ਪਾਣੀ ਪਹੁੰਚਦਾ ਕਰ ਦਿੱਤਾ ਹੈ। ਮਾਰਚ 2022 ਵਿੱਚ ਜਦੋਂ ਮੈਂ ਮੁੱਖ ਮੰਤਰੀ ਬਣਿਆ ਸੀ, ਉਸ ਸਮੇਂ ਸਿਰਫ਼ 21 ਫ਼ੀਸਦੀ ਹੀ ਖੇਤਾਂ ਵਿੱਚ ਨਹਿਰ ਦਾ ਪਾਣੀ ਪਹੁੰਚਦਾ ਸੀ । ਉਨ੍ਹਾਂ ਕਿਹਾ ਕਿ ਅਕਤੂਬਰ ਤੱਕ ਅਸੀਂ 70 ਫ਼ੀਸਦੀ ਖੇਤਾਂ ਵਿੱਚ ਨਹਿਰੀ ਪਾਣੀ ਪਹੁੰਚਦਾ ਕਰ ਦੇਣਾ ਹੈ। ਜਿਸ ਤੋਂ ਬਾਅਦ ਪੰਜਾਬ ਵਿੱਚ ਕਰੀਬ 6 ਲੱਖ ਟਿਊਬਵੈੱਲ ਬੇਕਾਰ ਹੋ ਜਾਣਗੇ। ਫਿਰ ਸਰਕਾਰ ਦੇ ਕਰੀਬ 5000 ਤੋਂ 6000 ਕਰੋੜ ਰੁਪਏ ਬਚਣਗੇ। ਮਾਨ ਨੇ ਕਿਹਾ ਇਸ ਪੈਸਿਆਂ ਨਾਲ ਅਸੀਂ ਆਪਣੀਆਂ ਮਾਵਾਂ ਅਤੇ ਭੈਣਾਂ ਨੂੰ 1000 ਰੁਪਏ ਹਰ ਮਹੀਨਾ ਦੇਵਾਂਗੇ।

ਉਨ੍ਹਾਂ ਨੇ ਕਿਹਾ ਕਿ ਅਸੀ ਪੰਜਾਬ ਵਿੱਚ ਇੰਡਸਟਰੀ ਲਿਆਉਣ ਲਈ ਵੀ ਅਹਿਮ ਕਦਮ ਚੁੱਕ ਰਹੇ ਹਾਂ। ਹੁਣ ਤੱਕ ਪੰਜਾਬ ਵਿੱਚ ਕਰੀਬ 70,000 ਕਰੋੜ ਦਾ ਨਿਵੇਸ਼ ਹੋ ਚੁੱਕਾ ਹੈ, ਜਿਸਦੇ ਨਾਲ ਕਰੀਬ ਤਿੰਨ ਲੱਖ ਨੌਜਵਾਨਾਂ ਨੂੰ ਰੋਜ਼ਗਾਰ ਮਿਲ ਚੁੱਕਿਆ ਹੈ । ਉਨ੍ਹਾਂ ਨੇ ਕਿਹਾ ਕਿ ਟੋਮੇਟੋ ਸੌਸ ਬਣਾਉਣ ਵਾਲੀ ਕੰਪਨੀ (ਕਿਸਾਨ) ਨਾਲ ਸਾਡੀ ਗੱਲ ਹੋ ਚੁੱਕੀ ਹੈ। ਕੰਪਨੀ ਨੂੰ 10,000 ਮੀਟਰਿਕ ਟਨ ਟਮਾਟਰ ਦੀ ਜ਼ਰੂਰਤ ਹੁੰਦੀ ਹੈ ਜਿਸ ਵਿੱਚ ਸਾਢੇ 9 ਹਜ਼ਾਰ ਮੀਟਰਿਕ ਟਨ ਟਮਾਟਰ ਉਹ ਬਾਹਰ ਤੋਂ ਮੰਗਵਾਉਂਦੇ ਹਨ। ਅਸੀਂ ਪੀਏਯੂ ਨਾਲ ਉਸਦੇ ਲਈ ਇੱਕ ਪ੍ਰਸਤਾਵ ਬਣਵਾਇਆ ਤਾਂ ਕਿ ਚੰਗੀ ਕਵਾਲਿਟੀ ਦਾ ਟਮਾਟਰ ਇੱਥੇ ਪੈਦਾ ਕੀਤੇ ਜਾ ਸਕਣ। ਫਿਰ ਟਮਾਟਰ ਦੀ ਖੇਤੀ ਨਾਲ ਇੱਥੇ ਦੇ ਕਿਸਾਨਾਂ ਨੂੰ ਕਾਫੀ ਫ਼ਾਇਦਾ ਮਿਲੇਗਾ।

# ਕੇਂਦਰ ਸਰਕਾਰ ਵੱਲੋਂ ਪਟਿਆਲਾ ਨੂੰ 597 ਕਰੋੜ ਦਾ ਵੱਡਾ ਤੋਹਫਾ ? : ਸੰਜੀਵ ਬਿੱਟੂ



ਓਵਰਬ੍ਰਿਜ ਦਾ ਨਕਸ਼ਾ ਦਿਖਾਉਂਦੇ ਹੋਏ ਭਾਜਪਾ ਦੇ ਸ਼ਹਿਰੀ ਪ੍ਰਧਾਨ ਸੰਜੀਵ ਬਿੱਟੂ

**ਪਟਿਆਲਾ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰ ਸਰਕਾਰ ਦੇ ਹੁਕਮਾਂ ਅਤੇ ਪਟਿਆਲਾ ਤੋਂ ਭਾਜਪਾ ਦੀ ਉਮੀਦਵਾਰ ਪ੍ਰਨੀਤ ਕੌਰ ਦੇ ਯਤਨਾਂ ਸਦਕਾ ਨੈਸ਼ਨਲ ਹਾਈਵੇਅ ਅਥਾਰਿਟੀ ਆਫ ਇੰਡੀਆ ਨੇ ਪਟਿਆਲਾ ਦੇ ਨਵੇਂ ਬੱਸ ਸਟੈਂਡ ਤੋਂ ਦੱਖਣੀ ਬਾਈਪਾਸ ਨੂੰ ਫਲਾਈਓਵਰ ਬਣਾ ਕੇ ਆਪਸ ਵਿੱਚ ਜੋੜਨ ਦੇ ਅਤੇ ਸੜਕ ਨੂੰ ਚੌੜਾ ਕਰਨ ਲਈ 597 ਕਰੋੜ ਰੁਪਏ ਦੇ ਪ੍ਰਾਜੈਕਟ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਵੱਡਾ ਦਾਅਵਾ ਅੱਜ ਭਾਜਪਾ ਦੇ ਸ਼ਹਿਰੀ ਪ੍ਰਧਾਨ ਅਤੇ ਸਾਬਕਾ ਮੇਅਰ ਸੰਜੀਵ ਸ਼ਰਮਾ ਬਿੱਟੂ ਨੇ ਅਰਬਨ ਅਸਟੇਟ ਵਿੱਚ ਪ੍ਰਨੀਤ ਕੌਰ ਦੇ ਹੱਕ 'ਚ ਕੀਤੀ ਗਈ ਇੱਕ ਜਨ ਸਭਾ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਦੌਰਾਨ ਉਨ੍ਹਾਂ ਨੇ ਫਲਾਈਓਵਰ ਦਾ ਨਕਸ਼ਾ ਦਿਖਾਉਂਦਿਆਂ ਦਾਅਵਾ ਕੀਤਾ ਕਿ ਇਹ ਦੋਵੇਂ ਚੀਜ਼ਾਂ ਨੈਸ਼ਨਲ ਹਾਈਵੇਅ ਅਥਾਰਿਟੀ ਆਫ ਇੰਡੀਆ ਵੱਲੋਂ ਪਾਸ ਕੀਤੀਆਂ ਜਾ ਚੁੱਕੀਆਂ ਹਨ। ਹਾਲਾਂਕਿ ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਇਹ ਪ੍ਰਾਜੈਕਟ ਕਦੋਂ ਪਾਸ ਹੋਇਆ ਹੈ।

ਸੰਜੀਵ ਬਿੱਟੂ ਨੇ ਹੋਰ ਕਿਹਾ ਕਿ ਚੋਣਾਂ ਤੋਂ ਪਹਿਲਾਂ ਪਟਿਆਲਾ ਨੂੰ ਦਿੱਤੇ ਇਸ ਤੋਹਫ਼ੇ ਨਾਲ ਵੱਡੀ ਰਾਹਤ ਮਿਲੇਗੀ। ਇਸ ਪ੍ਰਾਜੈਕਟ ਦੇ ਮੁਕੰਮਲ ਹੋਣ ਨਾਲ ਨਵੇਂ ਬੱਸ ਸਟੈਂਡ ਨੇੜੇ ਟ੍ਰੈਫਿਕ ਸਮੱਸਿਆ ਦਾ ਹੱਲ ਕਾਫੀ ਹੱਦ ਤੱਕ ਸੁਲਝਾ ਲਿਆ ਜਾਵੇਗਾ ਅਤੇ ਸੜਕ ਹਾਦਸੇ ਰੁਕਣਗੇ। ਉਨ੍ਹਾਂ ਕਿਹਾ ਕਿ ਨਵੰਬਰ 2023 ਦੌਰਾਨ ਅਰਬਨ ਅਸਟੇਟ ਦੀਆਂ 16 ਵੱਖ-ਵੱਖ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਦਾ ਵਫ਼ਦ ਪ੍ਰਨੀਤ ਕੌਰ ਕੋਲ ਪਹੁੰਚ ਕੇ ਸ਼ਹਿਰੀ ਵਸਨੀਕਾਂ ਦੇ ਨਾਲ-ਨਾਲ ਕਾਰੋਬਾਰੀਆਂ ਨੂੰ ਦਰਪੇਸ਼ ਸਮੱਸਿਆਵਾਂ ਦੇ ਸਥਾਈ ਹੱਲ ਦੀ ਮੰਗ ਕੀਤੀ ਸੀ।

# ਚੋਣਾਂ 'ਚ ਕੁਝ ਵੀ ਕਰ ਸਕਦੀ ਹੈ ਭਾਜਪਾ: ਰਾਜਾ ਵੜਿੰਗ

## ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵਰਗਾ ਦਿੱਤਾ ਬਿਆਨ



**ਲੁਧਿਆਣਾ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜੰਮੂ ਵਿੱਚ ਭਾਰਤੀ ਹਵਾਈ ਸੈਨਾ ਦੇ ਕਾਫਲੇ 'ਤੇ ਹੋਏ ਅੱਤਵਾਦੀ ਹਮਲੇ ਬਾਰੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੋਂ ਬਾਅਦ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵੀ ਐਸੀ ਅਜਿਹੀ ਹੀ ਟਿੱਪਣੀ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਚੋਣਾਂ 'ਚ ਕੁਝ ਵੀ ਕਰ ਸਕਦੀ ਹੈ। ਲੁਧਿਆਣਾ ਲੋਕ ਸਭਾ ਹਲਕੇ ਤੋਂ ਕਾਂਗਰਸੀ ਉਮੀਦਵਾਰ ਰਾਜਾ ਵੜਿੰਗ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, 'ਪੁਲਵਾਮਾ ਹਮਲਾ ਹਾਲੇ ਵੀ ਰਹੱਸ ਬਣਿਆ ਹੋਇਆ ਹੈ ਜਿਸ ਬਾਰੇ ਤਤਕਾਲੀ ਲੈਫਟੀਨੈਂਟ ਗਵਰਨਰ ਨੇ ਵੀ ਸਵਾਲ ਚੁੱਕੇ ਸਨ। ਇਸ ਵਿੱਚ ਕੋਈ ਨਵੀਂ ਗੱਲ ਨਹੀਂ ਹੈ ਕਿਉਂਕਿ ਚੋਣਾਂ ਦੌਰਾਨ ਭਾਜਪਾ ਕੁਝ ਵੀ ਕਰ ਸਕਦੀ ਹੈ।' ਇਸ ਤੋਂ ਪਹਿਲਾਂ ਚਰਨਜੀਤ ਸਿੰਘ ਚੰਨੀ ਨੇ ਦੋਸ਼ ਲਾਇਆ ਸੀ ਕਿ ਜਦੋਂ ਚੋਣਾਂ ਆਉਂਦੀਆਂ ਹਨ ਤਾਂ ਭਾਜਪਾ ਦੀ ਜਿੱਤ ਲਈ ਅਜਿਹੇ ਸਟੰਟ ਕੀਤੇ ਜਾਂਦੇ ਹਨ। ਇਹ ਪਹਿਲਾਂ ਤੋਂ ਯੋਜਨਾਬੱਧ ਕੀਤੇ ਹਮਲੇ ਸਨ ਤੇ ਇਨ੍ਹਾਂ ਵਿੱਚ ਕੋਈ ਸਚਾਈ ਨਹੀਂ ਹੈ। ਸਾਬਕਾ ਮੁੱਖ ਮੰਤਰੀ ਦੇ ਬਿਆਨ ਤੋਂ ਬਾਅਦ ਭਾਜਪਾ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਭਾਰਤੀ ਜਨਤਾ ਪਾਰਟੀ ਦੇ ਆਗੂ ਰਵੀਸ਼ੰਕਰ ਪ੍ਰਸਾਦ ਨੇ ਕਿਹਾ, 'ਇਹ ਲੋਕ ਦਹਿਸ਼ਤਗਰਦਾਂ ਨਾਲ ਸਮਝੌਤੇ ਕਰਦੇ ਹਨ ਤੇ ਕੌਮੀ ਸੁਰੱਖਿਆ ਮਾਮਲੇ ਵਿੱਚ ਅੱਤਵਾਦੀਆਂ ਦੇ ਹੱਕ 'ਚ ਬੋਲ ਰਹੇ ਹਨ। ਉੜੀ ਅਤੇ ਬਾਲਾਕੋਟ ਤੋਂ ਬਾਅਦ ਰਾਹੁਲ ਗਾਂਧੀ ਨੇ ਸਬੂਤ ਮੰਗੇ ਸਨ। ਉਹ ਲੋਕ ਕਹਿੰਦੇ ਹਨ ਕਿ ਅਸੀਂ (ਭਾਜਪਾ) ਸ਼ਹਾਦਤਾਂ 'ਤੇ ਰਾਜਨੀਤੀ ਕਰਦੇ ਹਾਂ। ਹੁਣ ਵੀ ਅਜਿਹਾ ਹੀ ਹੋ ਰਿਹਾ ਹੈ। ਇਹ ਲੋਕ ਅੱਤਵਾਦੀਆਂ ਨਾਲ ਸਮਝੌਤੇ ਕਰਦੇ ਹਨ ਤੇ ਉਹ ਪੀਐੱਫਆਈ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕਰਦੇ ਕਿਉਂਕਿ ਉਹ ਵੋਟ ਬੈਂਕ ਚਾਹੁੰਦੇ ਹਨ ਪਰ ਅਜਿਹਾ ਕਰ ਕੇ ਸ਼ਹੀਦਾਂ ਦਾ ਮਜ਼ਾਕ ਨਹੀਂ ਉਡਾਇਆ ਜਾਣਾ ਚਾਹੀਦਾ।"

**ਕਿਸਾਨ ਦੀ ਮੌਤ ਲਈ ਜ਼ਿੰਮੇਵਾਰੀ ਪ੍ਰਨੀਤ ਕੌਰ ਖ਼ਿਲਾਫ਼ ਕੇਸ ਦਰਜ ਹੋਵੇ: ਰਾਜਾ ਵੜਿੰਗ**

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਤੇ ਪ੍ਰਨੀਤ ਕੌਰ ਨੇ ਪਟਿਆਲਾ 'ਤੇ ਲੰਬਾ ਸਮਾਂ ਰਾਜ ਕੀਤਾ ਪਰ ਅਮਰਿੰਦਰ ਨੂੰ ਪਟਿਆਲਾ ਦੇ ਆਮ ਲੋਕਾਂ ਦੇ 10 ਨਾਮ ਵੀ ਯਾਦ ਨਹੀਂ ਹੋਣਗੇ। ਕੀ ਉਹ ਇਸ ਗਰਮੀ ਵਿੱਚ ਮਹਿਲਾਂ ਵਿੱਚੋਂ ਨਿਕਲ ਕੇ ਪ੍ਰਚਾਰ ਕਰਨ ਲਈ ਲੋਕਾਂ ਤੱਕ ਪਹੁੰਚ ਕਰਨਗੇ ? ਨਿੱਜੀ ਮੁਫ਼ਾਦਾਂ ਅਤੇ ਏਜੰਸੀਆਂ ਦੇ ਡਰ ਕਰਕੇ ਉਹ ਭਾਜਪਾ ਵਿੱਚ ਸ਼ਾਮਲ ਹੋਏ ਹਨ ਜਦਕਿ ਅੱਜ ਦਾ ਸਮਾਂ ਭਾਰਤ ਦੇ ਸੰਵਿਧਾਨ ਨੂੰ ਖ਼ਤਰਨ ਦਾ ਸੀ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਿਸਾਨ ਦੀ ਮੌਤ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਭਾਜਪਾ ਦੀ ਉਮੀਦਵਾਰ 'ਤੇ ਵੀ ਪਰਚਾ ਦਰਜ ਹੋਣਾ ਚਾਹੀਦਾ ਹੈ ਤੇ ਤੁਰੰਤ ਜੇਲ੍ਹ ਵਿੱਚ ਸੁੱਟਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਭਾਜਪਾ ਬੁਰੀ ਤਰ੍ਹਾਂ ਹਾਰ ਰਹੀ ਹੈ। ਉਨ੍ਹਾਂ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਪ੍ਰਨੀਤ ਕੌਰ ਨੇ ਸੰਸਦ ਵਿੱਚ ਇਕ ਵੀ ਅਜਿਹਾ ਮੁੱਦਾ ਨਹੀਂ ਉਠਾਇਆ ਜਿਸ ਦਾ ਸਰੋਕਾਰ ਦੇਸ਼ ਦੇ ਲੋਕਾਂ ਨਾਲ, ਸੰਵਿਧਾਨ ਦੀ ਆਜ਼ਾਦੀ ਨਾਲ ਜਾਂ ਪੰਜਾਬ ਵਾਸੀਆਂ ਨਾਲ ਹੋਵੇ।

# ਓਰੀਐਂਟ ਇੰਟਰਨੈਸ਼ਨਲ ਸਕੂਲ ਨੇ ਮਨਾਇਆ ਵਿਸ਼ਵ ਰੈੱਡ ਕਰਾਸ ਦਿਵਸ



**ਮਾਛੀਵਾੜਾ ਸਾਹਿਬ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਰੈੱਡ ਫਾਊਂਡੇਸ਼ਨ ਗੈਰ ਸਰਕਾਰੀ ਸੰਗਠਨ ਦੇ ਸਹਿਯੋਗ ਨਾਲ ਵਿਸ਼ਵ ਰੈੱਡ ਕਰਾਸ ਦਿਵਸ ਮਨਾਉਣ ਲਈ ਖ਼ੂਨਦਾਨ ਕੈਂਪ ਲਗਾਇਆ ਗਿਆ। ਇਹ ਕੈਂਪ ਓਰੀਐਂਟ ਇੰਟਰਨੈਸ਼ਨਲ ਸਕੂਲ ਅਤੇ ਸਪੋਰਟਸ ਅਕੈਡਮੀ ਮਾਛੀਵਾੜਾ ਸਾਹਿਬ ਦੇ ਸਕੂਲ ਕੈਂਪਸ ਵਿੱਚ ਸਿਵਲ ਹਸਪਤਾਲ ਖੰਨਾ ਤੋਂ ਆਏ ਡਾਕਟਰਾਂ ਦੀ ਟੀਮ ਦੀ ਦੇਖ-ਰੇਖ ਹੇਠ ਲਗਾਇਆ ਗਿਆ। ਖ਼ੂਨਦਾਨ ਕਰਨ ਵਿੱਚ ਸਕੂਲ ਦੇ ਮਾਪਿਆਂ, ਅਧਿਆਪਕਾਂ, ਵਿਦਿਆਰਥੀਆਂ , ਡਰਾਈਵਰਾਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।

ਸਕੂਲ ਦੇ ਚੇਅਰਮੈਨ ਵਿਕਰਮ ਸ਼ਰਮਾ ਨੇ ਸਾਰੇ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ ਕਿਉਂਕਿ ਉਹ ਮਨੁੱਖਤਾ ਦੇ ਭਲੇ ਲਈ ਆਏ ਹਨ ਅਤੇ ਇਹ ਨੌਜਵਾਨ ਪੀੜ੍ਹੀ ਲਈ ਇੱਕ ਦੂਜੇ ਦੀ ਮਦਦ ਕਰਨ ਲਈ ਇੱਕ ਮਿਸਾਲ ਵਜੋਂ ਕੰਮ ਕਰੇਗਾ। ਸਕੂਲ ਦੇ ਪ੍ਰਿੰਸੀਪਲ ਰਜਤ ਸ਼ਰਮਾ ਨੇ ਵੀ ਡੋਨਰ ਵਜੋਂ ਸ਼ਿਰਕਤ ਕੀਤੀ ਅਤੇ ਸਿਵਲ ਹਸਪਤਾਲ ਦੇ ਸਟਾਫ਼ ਮੈਂਬਰਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਜਿਨ੍ਹਾਂ ਨੇ ਅਣਥੱਕ ਮਿਹਨਤ ਕੀਤੀ ਅਤੇ ਸਹੀ ਸਫਾਈ ਬਣਾਈ ਰੱਖੀ ਅਤੇ ਹੋਰਨਾਂ ਨੂੰ ਨਿਯਮਤ ਤੌਰ 'ਤੇ ਖ਼ੂਨਦਾਨ ਕਰਨ ਲਈ ਜਾਗਰੂਕ ਕੀਤਾ।

ਡਾਕਟਰੀ ਟੀਮ ਵਿੱਚ ਡਾਕਟਰ ਕਰਨਪ੍ਰੀਤ ਬੀਟੀਓ, ਡਾ ਪ੍ਰਭਜਿੰਦਰ ਪੈਥੋਲੋਜਿਸਟ, ਗੁਰਪ੍ਰੀਤ ਕੌਰ ਸਟਾਫ ਨਰਸ, ਰਵੀਸ਼ ਮਾਨ ਲੈਬਾਰਟਰੀ ਟੈਕਨੀਸ਼ੀਅਨ ਅਤੇ ਅਮਨਪ੍ਰੀਤ ਸਿੰਘ ਹਾਜ਼ਰ ਸਨ।

ਸਕੂਲ ਪ੍ਰਬੰਧਕਾਂ ਨੇ ਮੈਡੀਕਲ ਟੀਮ ਨੂੰ ਸਨਮਾਨ ਵਜੋਂ ਮੋਮੈਂਟੋ ਦਾ ਟੋਕਨ ਭੇਟ ਕੀਤਾ। ਇਸ ਮੌਕੇ ਡਾਇਰੈਕਟਰ ਸ਼ਾਰਦਾ ਸ਼ਰਮਾ, ਡਾਇਰੈਕਟਰ ਮ੍ਰਿਦੁਲਾ ਸ਼ਰਮਾ, ਡਾਇਰੈਕਟਰ ਸ਼ੁਭਮ ਸ਼ਰਮਾ, ਡਾਇਰੈਕਟਰ ਡਾ: ਸ਼ਰੁਤੀ, ਵਾਈਸ ਪ੍ਰਿੰਸੀਪਲ ਨਵਜੋਤ ਕੌਰ, ਅਨੁਪਮਾ ਜੈਨ, ਦੁਰਗੇਸ਼, ਮੀਨਾਕਸ਼ੀ, ਦਮਨਪ੍ਰੀਤ ਕੌਰ ਅਤੇ ਹੋਰ ਸਟਾਫ਼ ਮੈਂਬਰ ਹਾਜ਼ਰ ਸਨ।

# ਡੇਰਾਬੱਸੀ ਦੇ ਦਾਦਪੁਰਾ ਮੁਹੱਲੇ ਵਿੱਚ ਕੁੱਤਿਆਂ ਦਾ ਆਂਤਕ; 12 ਸਾਲਾ ਦੇ ਬੱਚੇ ਸਮੇਤ ਕਈਆਂ ਨੂੰ ਬਣਾਇਆ ਸ਼ਿਕਾਰ



**ਡੇਰਾ ਬਸੀ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੋਂ ਦੇ ਦਾਦਪੁਰਾ ਮੁਹੱਲੇ ਵਿੱਚ ਪੈਂਦੀ ਕ੍ਰਿਸ਼ਨਾ ਮੰਦਿਰ ਵਾਲੀ ਗਲੀ ਵਿੱਚ ਕੁੱਤਿਆਂ ਦਾ ਆਂਤਕ ਫੈਲਿਆ ਹੋਇਆ ਹੈ। ਇਥੇ ਅਵਾਰਾ ਕੁੱਤਿਆਂ ਦੀ ਭਰਮਾਰ ਹੈ ਜੋ ਨਿੱਤ ਦਿਹਾੜੇ ਲੋਕਾਂ ਨੂੰ ਆਪਣਾ ਸ਼ਿਕਾਰ ਬਣਾ ਰਹੇ ਹਨ। ਲੰਘੇ ਦਿਨੀਂ ਅਵਾਰਾ ਕੁੱਤੇ ਨੇ ਘਰ ਵੜਕੇ ਇਕ 12 ਸਾਲਾ ਦੇ ਬੱਚੇ ਨੂੰ ਆਪਣਾ ਸ਼ਿਕਾਰ ਬਣਾ ਲਿਆ। ਇਸ ਸਬੰਧੀ ਲੋਕਾਂ ਵੱਲੋਂ ਕਈਂ ਵਾਰ ਪ੍ਰਸ਼ਾਸ਼ਨਿਕ ਅਧਿਕਾਰੀਆਂ ਨੂੰ ਲਿਖਤੀ ਸ਼ਿਕਾਇਤ ਦੇ ਕੇ ਇਸ ਸਮੱਸਿਆ ਦਾ ਹੱਲ ਕੱਢਣ ਦੀ ਮੰਗ ਕੀਤੀ ਹੈ ਪਰ ਇਸ ਪਾਸੇ ਕੋਈ ਧਿਆਨ ਨਹੀਂ ਦੇ ਰਿਹਾ ਹੈ।

ਇਸ ਤੋਂ ਤੰਗ ਆ ਕੇ ਲੋਕਾਂ ਵੱਲੋਂ ਹੁਣ ਮੁੱਖ ਮੰਤਰੀ ਪੰਜਾਬ, ਸਥਾਨਕ ਸਰਕਾਰਾਂ ਵਿਭਾਗ ਦੇ ਡਾਇਰੈਕਟਰ, ਡਿਪਟੀ ਕਮਿਸ਼ਨਰ ਮੁਹਾਲੀ ਸਣੇ ਹੋਰਨਾਂ ਉੱਚ ਅਧਿਕਾਰੀਆਂ ਨੂੰ ਲਿਖਤੀ ਸ਼ਿਕਾਇਤ ਭੇਜ ਕੁੱਤਿਆਂ ਤੋਂ ਨਿਜਾਤ ਦਿਵਾਉਣ ਦੀ ਮੰਗ ਕੀਤੀ ਹੈ।

ਜ਼ਖ਼ਮੀ ਬੱਚੇ ਦੇ ਪਿਤਾ ਸ਼ਲਭ ਭਾਰਦਵਾਜ ਵਾਸੀ ਮਕਾਨ ਨੰਬਰ 581 ਵਾਰਡ ਨੰਬਰ 13 ਨੇ ਦੱਸਿਆ ਕਿ ਉਨ੍ਹਾਂ ਦੇ ਮੁਹੱਲੇ ਵਿੱਚ ਹਰ ਵੇਲੇ ਅਵਾਰਾ ਕੁੱਤੇ ਝੁੰਡ ਬਣਾ ਕੇ ਘੁੰਮਦੇ ਰਹਿੰਦੇ ਹਨ। ਉਸਨੇ ਦੱਸਿਆ ਕਿ ਲੰਘੀ ਤਿੰਨ ਤਰੀਕ ਨੂੰ ਇਕ ਕੁੱਤਾ ਉਨ੍ਹਾਂ ਦੇ ਘਰ ਵੜ ਕੇ 12 ਸਾਲਾ ਦੇ ਲੜਕੇ ਰੂਬਨ ਭਾਰਦਵਾਜ ਨੂੰ ਵੱਢ ਗਿਆ। ਜ਼ਖ਼ਮੀ ਹਾਲਤ ਵਿੱਚ ਉਸ ਨੂੰ ਸਿਵਲ ਹਸਪਤਾਲ ਲੈ ਕੇ ਟੀਕੇ ਲਗਵਾਏ ਗਏ। ਉਨ੍ਹਾਂ ਨੇ ਦੱਸਿਆ ਕਿ ਕੁੱਤੇ ਨੇ ਐਨੀ ਬੁਰੀ ਤਰਾਂ ਵੱਢਿਆ ਕਿ ਬੜੀ ਮੁਸ਼ਕਲ ਨਾਲ ਉਸਦੇ ਚੁੰਗਲ ਵਿੱਚੋਂ ਛੁੱਡਵਾਇਆ। ਸ਼ਿਕਾਇਤਕਰਤਾ ਨੇ ਦੱਸਿਆ ਕਿ ਇਸ ਤੋਂ ਇਲਾਵਾ ਵੀ ਕੁੱਤਿਆਂ ਵੱਲੋਂ ਕਈਂ ਬਜ਼ੁਰਗਾਂ, ਔਰਤਾਂ ਅਤੇ ਹੋਰਨਾਂ ਨੂੰ ਆਪਣਾ ਸ਼ਿਕਾਰ ਬਣਾਇਆ ਜਾ ਚੁੱਕਿਆ ਹੈ ਜਿਸ ਬਾਰੇ ਕਈਂ ਵਾਰ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਲਿਖਤੀ ਸ਼ਿਕਾਇਤ ਦੇਣ ਦੇ ਬਾਵਜੂਦ ਸਮੱਸਿਆ ਜਿਉਂ ਦੀ ਤਿਉਂ ਬਣੀ ਹੋਈ ਹੈ।

ਕੁੱਤਿਆਂ ਦੇ ਆਂਤਕ ਕਰ ਲੋਕ ਆਪਣੇ ਘਰਾਂ ਤੋਂ ਨਹੀਂ ਨਿਕਲਦੇ ਮਾਪੇ ਬੱਚਿਆਂ ਨੂੰ ਇਕੱਲਾ ਭੇਜਣ ਤੋਂ ਡਰਦੇ ਹਨ। ਗੱਲ ਕਰਨ 'ਤੇ ਨਗਰ ਕੌਂਸਲ ਦੀ ਪ੍ਰਧਾਨ ਆਸ਼ੂ ਉਪਨੇਜਾ ਨੇ ਕਿਹਾ ਕਿ ਮਾਮਲਾ ਧਿਆਨ ਵਿੱਚ ਆਉਣ ਮਗਰੋਂ ਅਧਿਕਾਰੀਆਂ ਨੂੰ ਹਦਾਇਤ ਕਰ ਕੁੱਤਿਆਂ ਤੋਂ ਨਿਜਾਤ ਦਿਵਾਈ ਜਾਏਗੀ।

# ਪ੍ਰਨੀਤ ਕੌਰ ਤੇ ਡਾ. ਬਲਬੀਰ ਨੂੰ ਘੇਰ ਕੇ ਸਵਾਲ ਕਰਨਗੇ ਕਿਸਾਨ



**ਪਟਿਆਲਾ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਨੇ ਐਲਾਨ ਕੀਤਾ ਹੈ ਕਿ ਉਹ ਪਟਿਆਲਾ ਜ਼ਿਲ੍ਹੇ 'ਚ ਭਾਜਪਾ ਉਮੀਦਵਾਰ ਪ੍ਰਨੀਤ ਕੌਰ ਸਮੇਤ 'ਆਪ' ਉਮੀਦਵਾਰ ਡਾ. ਬਲਬੀਰ ਸਿੰਘ ਖ਼ਿਲਾਫ਼ ਵੀ ਪ੍ਰਦਰਸ਼ਨ ਕਰਨਗੇ। ਇਹ ਫੈਸਲਾ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਸਿੰਘ ਬਰਾਸ ਦੀ ਅਗਵਾਈ ਵਿੱਚ ਹੋਈ ਮੀਟਿੰਗ ਵਿੱਚ ਲਿਆ ਗਿਆ। ਇਸ ਮੌਕੇ ਜਗਮੇਲ ਗਜੇਵਾਸ, ਬਲਰਾਜ ਜੋਸ਼ੀ, ਹਰਦੇਵ ਘੱਗਾ, ਅਮਰੀਕ ਘੱਗਾ, ਅਵਤਾਰ ਫੱਗਣਮਾਜਰਾ, ਜਸਵਿੰਦਰ ਬਿਸ਼ਨਪੁਰਾ, ਹਰਦੀਪ ਡਰੌਲੀ, ਰਾਜਿੰਦਰ ਕਕਰਾਲਾ ਤੇ ਦਵਿੰਦਰ ਸੀਲ ਆਦਿ ਕਿਸਾਨ ਆਗੂ ਵੀ ਮੌਜੂਦ ਸਨ। ਯੂਨੀਅਨ ਦੇ ਬੁਲਾਰੇ ਬਲਰਾਜ ਜੋਸ਼ੀ ਨੇ ਦੱਸਿਆ ਕਿ ਮੀਟਿੰਗ 'ਚ ਫੈਸਲਾ ਕੀਤਾ ਗਿਆ ਹੈ ਕਿ ਕਿਸਾਨ ਵਿਰੋਧੀ ਭਾਜਪਾ ਦੇ ਉਮੀਦਵਾਰ ਪ੍ਰਨੀਤ ਕੌਰ ਦਾ ਹਲਕੇ ਦੇ ਹਰੇਕ ਪਿੰਡ ਵਿਚ ਵਿਰੋਧ ਕੀਤਾ ਜਾਵੇਗਾ। ਜ਼ਿਲ੍ਹਾ ਸਕੱਤਰ ਸੁਖਮਿੰਦਰ ਬਾਰਨ ਨੇ ਦੱਸਿਆ ਕਿ ਇਸ ਮੌਕੇ ਭਾਜਪਾ ਸਮੇਤ 'ਆਪ' ਉਮੀਦਵਾਰ ਡਾ. ਬਲਵੀਰ ਸਿੰਘ ਦੇ ਵਿਰੋਧ ਦਾ ਫ਼ੈਸਲਾ ਹੋਇਆ ਹੈ ਕਿਉਂਕਿ ਪਿਛਲੇ ਦਿਨੀਂ ਪਾਤੜਾਂ ਬਲਾਕ ਵਿੱਚ ਗੜੇਮਾਰੀ ਨਾਲ਼ ਹਰਿਆਊ, ਚੁਨਗਰਾ, ਜਿਉਣਪੁਰਾ, ਪਾਤੜਾਂ, ਨਿਆਲ, ਬੂਰੜ ,ਦਫਤਰੀ ਵਾਲਾ, ਘੱਗਾ, ਚੁਪਕੀ, ਅਤਾਲਾਂ ਤੇ ਨਾਗਰੀ ਆਦਿ ਪਿੰਡਾਂ ਵਿੱਚ ਕਣਕ ਦੀ ਫ਼ਸਲ ਨੁਕਸਾਨੀ ਗਈ ਸੀ ਪਰ ਇਸ ਦੇ ਬਾਵਜੂਦ 'ਆਪ' ਸਰਕਾਰ ਨੇ ਬਣਦਾ ਮੁਆਵਜ਼ਾ ਨਹੀਂ ਦਿੱਤਾ। ਇਸ ਦੇ ਨਾਲ ਹੀ ਪਟਿਆਲਾ ਬਲਾਕ ਦੇ ਪਿੰਡ ਨੰਦਪੁਰ ਕੇਸ਼ੋ ਅਤੇ ਗੀਠਖੇੜੀ ਵਿੱਚ 2022 ਵਿੱਚ ਕਣਕ ਦੀ ਫਸਲ ਸੜਨ ਸਬੰਧੀ ਵੀ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ।

# ਐਚਡੀਐਫਸੀ ਬੈਂਕ ਪਰਿਵਰਤਨ ਨੇ ਸਮਾਜਿਕ ਖੇਤਰ ਦਾ ਸਟਾਰਟ-ਅੱਪ ਕੋ 19.6 ਕਰੋੜ ਰੁਪਏ ਦੇ ਫੰਡ ਤੋਂ ਸਪੋਰਟ ਕੀਤਾ

**ਅੰਮ੍ਰਿਤਸਰ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੀ ਪ੍ਰਮੁੱਖ ਪ੍ਰਾਈਵੇਟ ਬੈਂਕ ਬੈਂਕ ਐਚਡੀਐਫਸੀ ਨੇ ਅੱਜ ਵਿੱਤੀ ਸਾਲ 2024 ਲਈ ਆਪਣੇ ਪਰਿਵਰਤਨ-ਅਪ ਬਜਟ ਪ੍ਰੋਗਰਾਮ ਦੇ ਸਟਾਰਾਂ ਦੀ ਘੋਸ਼ਣਾ ਕੀਤੀ ਹੈ। ਇਸ ਸਾਲ ਸਮਾਜਿਕ ਪ੍ਰਭਾਵੀ ਉਦਯੋਗਿਕਤਾ ਵਿੱਚ 41 ਇਨਕਿਊਬੇਟਰ ਅਤੇ ਐਕਸੇਲੇਟਰ ਨੂੰ ਖਾਸ ਫੋਕਸ ਲੋਕਾਂ ਵਿੱਚ ਕੰਮ ਕਰਨ ਵਾਲੇ 170 ਸਟਾਰਟ-ਅੱਪ ਦੇ ਸਮਰਥਨ ਲਈ ਕੁੱਲ 19.6 ਕਰੋੜ ਰੁਪਏ ਦੀ ਰਾਸ਼ੀ ਪ੍ਰਾਪਤ ਹੋਵੇਗੀ। ਇਸ ਸਾਲ ਦੇ ਪ੍ਰੋਗਰਾਮ ਨੀਤੀ ਕਮਿਸ਼ਨ ਦੇ ਅਧੀਨ ਭਾਰਤ ਸਰਕਾਰ ਦੀ ਪਹਿਲ ਅਟਲ ਇਨੋਵੇਸ਼ਨ ਦੇ ਨਾਲ ਸਾਂਝੇਦਾਰੀ ਸ਼ੁਰੂ ਕੀਤੀ ਗਈ ਹੈ। 202 ਵਿੱਤੀ ਸਹਾਇਤਾ ਦੇ ਮੁੱਖ ਫੋਕਸ ਲੋਕਾਂ ਵਿੱਚ ਜਲਵਾਯੂ ਨਵਚਾਰ, ਸੰਗ੍ਰਹਿ, ਖੇਤੀਬਾੜੀ ਅਤੇ ਸਥਾਈ ਗ੍ਰਾਮੀਣ ਅਰਥ ਵਿਵਸਥਾ, ਸਿੱਖਿਆ ਅਤੇ ਕਿਫਾਇਤੀ ਸਿਹਤ ਸੰਭਾਲ, ਅਤੇ ਆਜੀਵਿਕਾ ਸੰਸ਼ੋਧਨ, ਲਿੰਗ ਵਿਲਾਅ ਅਤੇ ਸ਼ਾਮਿਲ ਸ਼ਾਮਲ ਹਨ। ਜਿਨ ਸਟਾਰਟ-ਅੱਪਸ ਕੋ ਲਾਭ ਮਿਲਿਆ ਹੈ, ਵੇ ਉੱਤਰ ਪ੍ਰਦੇਸ਼, ਤਮਿਲਨਾਡੂ, ਕਾਂਗਰਸ, ਰਾਜਸਥਾਨ, ਦਿੱਲੀ ਅਤੇ ਹਰਿਆਣਾ ਸਮੇਤ ਵੱਖ-ਵੱਖ ਰਾਜਾਂ ਤੋਂ ਆਏ ਹਨ, ਸਭ ਤੋਂ ਵੱਡੀ ਗਿਣਤੀ ਵਿੱਚ ਮਹਾਰਾਸ਼ਟਰ ਤੋਂ ਹੈ। ਇਨਮੇ 170 ਸਟਾਰਟ-ਅੱਪ ਵਿੱਚ ਆਧੇ ਤੋਂ 60 ਤੋਂ ਵੱਧ ਟਾਇਰ 99/999 ਸ਼ਹਿਰ ਤੋਂ ਹਨ। ਐਚਡੀਐਫਸੀ ਬੈਂਕ ਦੀ ਪ੍ਰਮੁੱਖ ਸੀਐਸਆਰ ਸੁਸ਼੍ਰੀ ਨੁਸਰਤ ਪਾਠਾਨ ਨੇ ਕਿਹਾ, ਹਮਾਰਾ ਪਰਿਵਰਤਨ ਸਟਾਰਟ-ਅੱਪ ਫੰਡ ਪ੍ਰੋਗਰਾਮ ਸਮਾਜਿਕ ਨਵਚਾਰ ਦੀ ਪ੍ਰਫੁੱਲਤਾ ਅਤੇ ਸਾਡੇ ਸਮੂਹਾਂ ਵਿੱਚ ਸਕਾਰਾਤਮਕਤਾ ਦੀ ਮਜ਼ਬੂਤੀ ਲਈ ਦ੍ਰਿੜਤਾ ਦੀ ਪੁਸ਼ਟੀ ਹੁੰਦੀ ਹੈ। ਇਨੋਵੇਸ਼ਨ ਸਮਾਜ ਦੇ ਵਿਕਾਸ ਨੂੰ ਪੂਰਾ ਕਰਨ ਦੀ ਮੁੱਖ ਗੱਲ ਹੈ। ਰਣਨੀਤੀ ਅਤੇ ਨਿਵੇਸ਼ ਨਿਵੇਸ਼ ਕੇ ਮਾਧਿਅਮ ਤੋਂ, ਸਾਡਾ ਨਿਸ਼ਾਨਾ ਪ੍ਰਮੁੱਖ ਲੋਕਾਂ ਵਿੱਚ ਨਵੋਂਮੇਸ਼ੀ ਸਮਾਜਿਕ ਸਟਾਰਟ-ਅਪ ਦੇ ਪ੍ਰਭਾਵ ਨੂੰ ਪੋਸ਼ਿਤ ਕਰਨਾ ਅਤੇ ਵਿਕਾਸ ਕਰਨਾ ਹੈ, ਅੰਤ ਵਿੱਚ ਸਾਰਿਆਂ ਲਈ ਵਧੇਰੇ ਸਹਿਯੋਗ ਅਤੇ ਭਵਿੱਖ ਵਿੱਚ ਯੋਗਦਾਨ ਪਾਓ। ਇਹ (ਹੈਦਰਾਬਾਦ), ਐਫਆਈਟੀ - ਆਈਆਈਟੀ ਦਿੱਲੀ, ਆਈਆਈਐਸਈਆਰ (ਕੋਲਕਾਤਾ) ਵਿੱਚ ਰਾਈਜ਼ ਫਾਊਂਡੇਸ਼ਨ, ਵੇਂਟੀਆਈ (ਮੁੰਬਈ), ਫੋਰਜ ਫਾਰਵਰਡ (ਕੋਯੰਬਟੂਰ ਵਰਗੀ) ਪ੍ਰਮੁੱਖ ਅਤੇ ਐਨਆਈਐਫਟੀਐਮ ) ਵਿੱਚ ਐਨਟੀਆਈਬੀਆਈਐਫ ਦੀ ਸਹਾਇਤਾ ਪ੍ਰਦਾਨ ਕੀਤੀ ਗਈ। ਇਸ ਸਾਲ ਦੇ ਕੁਝ ਉੱਚ ਪ੍ਰਭਾਵ ਵਾਲੇ ਟ੍ਰੈਕ ਨੋਡਲ ਏਜੇਂਸੀਆਂ - ਆਰਬੀਆਈ-ਐਚ, ਇਨ ਇਨ ਬੇਟਰਸ ਕੇ ਮਾਧਿਅਮ ਤੋਂ ਸਾਧਨ ਪ੍ਰਾਪਤ ਕਰਨ ਵਾਲੇ ਜੋੜਾਂ ਵਿੱਚ ਅਰਥ-ਵਿਵਸਥਾ ਵਿੱਚ ਮਹੱਤਵਪੂਰਨ ਆਰਥਿਕ ਮੁੱਲਾਂਕਣ ਸਮਾਜਿਕ ਅਤੇ ਵਾਤਾਵਰਣ ਪ੍ਰਭਾਵ ਦਾ ਪ੍ਰਦਰਸ਼ਨ ਕਰਨ ਵਾਲੇ ਨਵੋਂਨਵੇਸ਼ੀ ਸਟਾਰਟ-ਅਪ ਸ਼ਾਮਲ ਹਨ।

# ਸੰਤ ਬਾਵਾ ਪੂਰਨ ਦਾਸ ਮਹਾਰਾਜ ਜੀ ਦੇ ਬਰਸੀ ਸਮਾਗਮ ਦੇ ਦੂਜੇ ਦਿਨ ਹਜ਼ਾਰਾਂ ਸ਼ਰਧਾਲੂ ਹੋਏ ਨਤਮਸਤਕ



**ਪਟਿਆਲਾ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਦੁਆਰਾ ਗੁਫਾਸਰ ਸਾਹਿਬ ਰੋੜਗੜ੍ਹ (ਪਟਿਆਲਾ) ਵਿਖੇ ਸੰਤ ਬਾਵਾ ਪੂਰਨ ਦਾਸ ਮਹਾਰਾਜਾ ਜੀ ਦੀ 58ਵੀਂ ਬਰਸੀ ਦੇ ਦੂਜੇ ਦਿਨ ਹਜ਼ਾਰਾਂ ਸ਼ਰਧਾਲੂ ਨਤਮਸਤਕ ਹੋਏ ਅਤੇ ਗੁਰੂ ਦਾ ਆਸ਼ੀਰਵਾਦ ਲਿਆ। ਬ੍ਰਹਮਲੀਨ 111 ਸੰਤ ਬਾਬਾ ਬਲਵੰਤ ਸਿੰਘ ਜੀ ਮਹਾਰਾਜ ਜੀ ਦੇ ਆਸ਼ੀਰਵਾਦ ਹੇਠ ਸ਼ਰਧਾ ਪ੍ਰੇਮ ਨਾਲ ਮਨਾਈ ਜਾ ਬਰਸੀ ਸਮਾਗਮ ਦੇ ਦੂਜੇ ਦਿਨ ਬੁਧਵਾਰ ਨੂੰ ਆਸਾ ਦੀ ਵਾਰ ਦੇ ਕੀਰਤਨ ਸਵੇਰੇ 4.00 ਅਮ੍ਰਿਤ ਵੇਲੇ ਆਰੰਭ ਹੋ ਕੇ ਸਵੇਰੇ 8.00 ਵਜੇ ਸਮਾਪਤ ਹੋਏ। ਇਸ ਤੋਂ ਬਾਅਦ ਗੁਰਬਾਣੀ ਸ਼ਬਦ ਕੀਰਤਨ ਕਥਾ ਦਾ ਖੁੱਲਾ ਦੀਵਾਨ ਸਾਰਾ ਦਿਨ ਲਗਾਤਾਰ ਚਲਦਾ ਰਿਹਾ। ਸ਼ਾਮ ਵੇਲੇ ਰਹਿਰਾਸ ਜੀ ਦੇ ਪਾਠ ਉਪਰੰਤ ਰੈਣ-ਸਵਾਈ ਕੀਰਤਨ ਸ਼ੁਰੂ ਹੋਏ,ਜਿਸ ਵਿਚ ਸੰਤ ਮਹਾਤਮਾ, ਗੁਣੀ ਗਿਆਨੀ, ਕੀਰਤਨ ਜਥਿਆਂ ਅਤੇ ਰਾਗੀ ਕੀਰਤਨ ਕਥਾ ਵਾਚਕਾਂ ਨੇ ਆਪਣੇ ਵਿਚਾਰ ਰੱਖੇ। ਇਸ ਮੌਕੇ ਮਹੰਤ ਗੁਰਚਰਨ ਦਾਸ ਜੀ ਨੇ ਕਿਹਾ ਕਿ ਗੁਰੂ ਦੇ ਲੜ ਲੱਗ ਕੇ ਹੀ ਆਪਣਾ ਜੀਵਨ ਸਫਲਾ ਕੀਤਾ ਜਾ ਸਕਦਾ ਹੈ। ਇਸ ਲਈ ਸਾਨੂੰ ਗੁਰੂ ਵਾਲੇ ਬਣਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਗੁਫਾਸਰ ਸਾਹਿਬ ਰੋੜਗੜ੍ਹ ਇੱਕ ਪਵਿੱਤਰ ਅਤੇ ਇਤਿਹਾਸਕ ਸਥਾਨ ਹੈ। ਜਿਥੇ ਸੰਤਾਂ ਮਹਾਤਮਾ ਨੇ ਜਪ ਤਪ ਕੀਤਾ ਅਤੇ ਲੋਕਾਂ ਦਾ ਜੀਵਨ ਸੁਧਾਰਿਆ। ਮਹੰਤ ਗੁਰਚਰਨ ਦਾਸ ਜੀ ਨੇ ਕਿਹਾ ਕਿ ਸਾਨੂੰ ਗੁਰੂ ਦੀ ਸੇਵਾ ਵਿਚ ਆਪਣਾ ਜੀਵਨ ਲਗਾਉਣਾ ਚਾਹੀਦਾ ਹੈ। ਉਨ੍ਹਾਂ ਦੇ ਨਾਲ ਨਾਲ ਵੱਡੀ ਸੰਖਿਆ ਵਿਚ ਪਹੁੰਚੇ ਸੰਤਾਂ ਨੇ ਵੀ ਆਪਣੇ ਵਿਚਾਰ ਰੱਖੇ। ਬਰਸੀ ਸਮਾਗਮ ਦੇ ਤੀਜੇ ਦਿਨ 12 ਮਈ ਦਿਨ ਵੀਰਵਾਰ ਨੂੰ ਸੰਤ ਗੁਰਚਰਨ ਦਾਸ (ਗੱਦੀ ਨਸ਼ੀਨ ਗੁਰਦੁਆਰਾ ਸਹਿਬ ਰੋੜੇਵਾਲ) 12.00 ਤੋਂ 1.15 ਵਜੇ ਅਮ੍ਰਿਤ ਵੇਲੇ ਤੱਕ ਗੁਰਬਾਣੀ ਕੀਰਤਨ ਦੁਆਰਾ ਬ੍ਰਹਮਲੀਨ ਸੰਤ ਮਹਾਰਾਜ ਜੀ ਨੂੰ ਸ਼ਰਧਾਂਜਲੀ ਭੇਂਟ ਕਰਨਗੇ। ਇਸ ਉਪਰੰਤ ਸ੍ਰੀ ਅਖੰਡ ਪਾਠਾਂ ਦੇ ਭੋਗ ਦੀ ਅਰਦਾਸ ਹੋਵੇਗੀ। 12 ਮਈ ਦਿਨ ਵੀਰਵਾਰ ਨੂੰ ਅਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਹੋਵੇਗਾ ਅਤੇ 2.00 ਵਜੇ ਤੱਕ ਖੁੱਲਾ ਦੀਵਾਨ ਸਜੇਗਾ। ਤੀਜੇ ਪਹਿਰ ਅੰਤਰਰਾਸਟਰੀ ਪਹਿਲਵਾਨਾ ਦਾ ਕੁਸ਼ਤੀ ਦੰਗਲ ਹੋਵੇਗਾ। ਮਹੰਤ ਗੁਰਚਰਨ ਦਾਸ ਜੀ ਨੇ ਦੱਸਿਆ ਕਿ 12 ਮਈ ਦਿਨ ਸ਼ੁਕਰਵਾਰ ਨੂੰ 8 ਵਜੇ ਸਵੇਰੇ ਅਮ੍ਰਿੰਤ ਪਾਨ ਕਰਵਾਇਆ ਜਾਵੇਗਾ। ਬਰਸੀ ਸਮਾਗਮ ਵਿਚ ਸਥਾਨਕ ਪੱਧਰ ਤੋਂ ਇਲਾਵਾ ਦੂਰੋਂ ਦੂਰੋਂ ਸੰਗਤ ਵੀ ਨਤਮਸਤਕ ਹੋਣ ਲਈ ਆਉਂਦੀ ਹੈ ਉਨ੍ਹਾਂ ਦੇ ਠਹਿਰਨ ਦਾ ਪ੍ਰਬੰਧ ਵੀ ਕੀਤਾ ਗਿਆ ਸੀ। ਉਥੇ ਖ਼ੂਨਦਾਨ ਕੈਂਪ ਸਮੇਤ ਕਈ ਸਮਾਜਿਕ ਕੰਮ ਵੀ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ ਤਿੰਨੋ ਦਿਨ ਗੁਰੂ ਦਾ ਅਤੁੱਟ ਲੰਗਰ ਚਲ ਰਿਹਾ ਹੈ।

# ਕਸਤੂਰੀ ਲਾਲ ਮਿੰਟੂ ਵੱਲੋਂ ਡਾ. ਅਮਰ ਸਿੰਘ ਦੇ ਹੱਕ ਵਿੱਚ ਰੱਖੀ ਚੋਣ ਮੀਟਿੰਗ ਨੇ ਧਾਰਿਆ ਵਿਸ਼ਾਲ ਰੈਲੀ ਦਾ ਰੂਪ

## ਦੇਸ਼ ਨੂੰ ਸੰਵਿਧਾਨ ਨੂੰ ਮੋਦੀ ਤੋਂ ਬਚਾਉਣ ਲਈ ਕੇਂਦਰ ਵਿਚ ਕਾਂਗਰਸ ਨੂੰ ਲਿਆਉਣਾ ਜ਼ਰੂਰੀ : ਅਮਰ ਸਿੰਘ



**ਮਾਛੀਵਾੜਾ ਸਾਹਿਬ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਹਲਕਾ ਸ਼੍ਰੀ ਫ਼ਤਹਿਗੜ੍ਹ ਸਾਹਿਬ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਡਾਕਟਰ ਅਮਰ ਸਿੰਘ ਦੇ ਹੱਕ ਵਿੱਚ ਪਿੰਡ ਸ਼ੇਰਪੁਰ ਵਿਖੇ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਖੰਨਾ ਦੇ ਸੀਨੀਅਰ ਉਪ ਪ੍ਰਧਾਨ ਕਸਤੂਰੀ ਲਾਲ ਮਿੰਟੂ ਵੱਲੋਂ ਕੀਤੀ ਗਈ ਚੋਣ ਮੀਟਿੰਗ ਨੇ ਰੈਲੀ ਦਾ ਰੂਪ ਧਾਰ ਲਿਆ। ਇਸ ਮੌਕੇ ਲੋਕਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਡਾਕਟਰ ਅਮਰ ਸਿੰਘ ਨੇ ਕਿਹਾ ਕਿ ਜੇਕਰ ਦੇਸ਼ ਅਤੇ ਸੰਵਿਧਾਨ ਨੂੰ ਮੋਦੀ ਸਰਕਾਰ ਤੋਂ ਬਚਾਉਣਾ ਹੈ ਤਾਂ ਕੇਂਦਰ ਵਿੱਚ ਕਾਂਗਰਸ ਦੀ ਸਰਕਾਰ ਲਿਆਉਣੀ ਬਹੁਤ ਜਰੂਰੀ ਹੈ। ਕੇਂਦਰ ਸਰਕਾਰ ਤੇ ਵਰਦਿਆਂ ਡਾਕਟਰ ਅਮਰ ਸਿੰਘ ਨੇ ਕਿਹਾ ਕਿ ਨਰਿੰਦਰ ਮੋਦੀ ਦੇਸ਼ ਨੂੰ ਵੇਚਣ ਤੇ ਤੁਲਿਆ ਹੋਇਆ ਹੈ ਅਤੇ ਦੇਸ਼ ਦਾ ਸਾਰਾ ਪੈਸਾ ਕੁਝ ਲੋਕਾਂ ਦੇ ਹੱਥਾਂ ਵਿੱਚ ਜਾ ਰਿਹਾ। ਉਹਨਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਕਿਸਾਨਾਂ ਮਜ਼ਦੂਰਾਂ ਅਤੇ ਘੱਟ ਗਿਣਤੀਆਂ ਦੀ ਦੁਸ਼ਮਣ ਹੈ ਤੇ ਇਹਨਾਂ ਖਿਲਾਫ ਕਾਨੂੰਨ ਪਾਸ ਕਰਕੇ ਉਹ ਕਾਰਪੋਰੇਟ ਘਰਾਨਿਆਂ ਨੂੰ ਲਾਭ ਪਹੁੰਚਾਉਣ ਵਾਲੇ ਕਾਨੂੰਨ ਪਾਸ ਕਰ ਰਿਹਾ ਹੈ ਇਸ ਲਈ ਜੇਕਰ ਦੇਸ਼ ਅਤੇ ਸੰਵਿਧਾਨ ਨੂੰ ਬਚਾਉਣਾ ਹੈ ਤਾਂ ਕੇਂਦਰ ਵਿੱਚ ਕਾਂਗਰਸ ਦੀ ਸਰਕਾਰ ਲਿਆਉਣਾ ਬਹੁਤ ਹੀ ਜਰੂਰੀ ਹੈ। ਡਾਕਟਰ ਅਮਰ ਸਿੰਘ ਨੇ ਕਿਹਾ ਕਿ ਦੂਜੀਆਂ ਪਾਰਟੀਆਂ ਛੱਡ ਕੇ ਟਿਕਟਾਂ ਲੈਣ ਵਾਲੇ ਦਲ ਬਦਲੂਆਂ ਨੂੰ ਲੋਕ ਮੂੰਹ ਨਹੀਂ ਲਾਉਣਗੇ ਜਦ ਕਿ ਭਾਜਪਾ ਦੀ ਹਾਲਤ ਇਨੀ ਪਤਲੀ ਹੈ ਕਿ ਉਹਨਾਂ ਨੂੰ ਇਸ ਹਲਕੇ ਤੋਂ ਉਮੀਦਵਾਰ ਹੀ ਨਹੀਂ ਮਿਲ ਰਿਹਾ। ਆਮ ਆਦਮੀ ਪਾਰਟੀ ਨੂੰ ਲੰਮੇ ਹੱਥੀ ਲੈਂਦਿਆਂ ਉਹਨਾਂ ਕਿਹਾ ਕਿ ਹੁਣ ਤੱਕ ਦੇ ਕਾਰਜਕਾਲ ਦੌਰਾਨ ਭਗਵੰਤ ਮਾਨ ਨੇ ਪੰਜਾਬ ਦਾ ਪੈਸਾ ਬਾਹਰਲੇ ਸੂਬਿਆਂ ਤੇ ਖਰਚ ਕੀਤਾ ਤੇ ਪੰਜਾਬ ਸਿਰ ਕਈ ਲੱਖ ਕਰੋੜ ਦਾ ਕਰਜ਼ਾ ਚੜ੍ਹਾ ਦਿੱਤਾ ਹੈ ਤੇ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦੇ ਵੀ ਪੂਰੇ ਨਹੀਂ ਤੇ ਪਿੰਡਾਂ ਵਿੱਚ ਵੀ ਵਿਕਾਸ ਕਾਰਜ ਠੱਪ ਹੋ ਕੇ ਰਹਿ ਗਏ ਹਨ।

ਇਸ ਮੌਕੇ ਸੰਬੋਧਨ ਕਰਦਿਆਂ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਅਤੇ ਜ਼ਿਲਾ ਉਪ ਪ੍ਰਧਾਨ ਕਸਤੂਰੀ ਲਾਲ ਮਿੰਟੂ ਨੇ ਕਿਹਾ ਕਿ ਡਾਕਟਰ ਅਮਰ ਸਿੰਘ ਇੱਕ ਪੜੇ ਲਿਖੇ ਤੇ ਸੂਝਵਾਨ ਆਗੂ ਹਨ ਜਿਨ੍ਹਾਂ ਨੇ ਪਿਛਲੇ ਪੰਜ ਸਾਲ ਐੱਮ.ਪੀ ਰਹਿੰਦਿਆਂ ਹਲਕਾ ਫਤਿਹਗੜ੍ਹ ਸਾਹਿਬ ਤੇ ਲੋਕਾਂ ਦੇ ਮੁੱਦੇ ਲੋਕ ਸਭਾ ਵਿੱਚ ਉਠਾਏ ਅਤੇ ਆਪਣੇ ਅਖਤਿਆਰੀ ਕੋਟੇ ਵਿੱਚੋਂ ਪਿੰਡਾਂ ਨੂੰ ਵਿਕਾਸ ਲਈ ਗਰਾਂਟਾਂ ਦੇ ਗੱਫੇ ਦਿੱਤੇ ਇਸ ਲਈ ਉਹ ਹਲਕੇ ਦੇ ਲੋਕਾਂ ਨੂੰ ਅਪੀਲ ਕਰਦੇ ਹਨ ਕਿ ਸ਼੍ਰੀ ਫਤਿਹਗੜ੍ਹ ਸਾਹਿਬ ਤੋਂ ਡਾਕਟਰ ਅਮਰ ਸਿੰਘ ਨੂੰ ਆਪਣੇ ਭਾਰੀ ਬਹੁਤ ਬਹੁਤ ਨਾਲ ਜਿਤਾ ਕੇ ਭੇਜਣ ਤਾਂ ਜੋ ਉਹ ਲੋਕ ਸਭਾ ਵਿੱਚ ਹਲਕੇ ਦੇ ਲੋਕਾਂ ਲਈ ਆਵਾਜ਼ ਬਣ ਕੇ ਉਹਨਾਂ ਦੇ ਮਸਲੇ ਹੱਲ ਕਰਵਾਉਣ। ਅੰਤ ਵਿੱਚ ਜਿਲਾ ਉਪ ਪ੍ਰਧਾਨ ਕਸਤੂਰੀ ਲਾਲ ਮਿੰਟੂ ਨੇ ਮੀਟਿੰਗ ਵਿੱਚ ਆਏ ਪਿੰਡਾਂ ਦੇ ਪੰਚਾਂ ਸਰਪੰਚਾਂ ਅਤੇ ਮੋਹਤਬਰ ਵਿਅਕਤੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਡੇ ਬੇਟ ਇਲਾਕੇ ਵਿੱਚੋਂ ਕਾਂਗਰਸ ਪਾਰਟੀ ਹਮੇਸ਼ਾ ਜਿੱਤਦੀ ਆਈ ਹੈ ਤੇ ਇਸ ਵਾਰ ਵੀ ਉਹ ਕਾਂਗਰਸੀ ਉਮੀਦਵਾਰ ਡਾਕਟਰ ਅਮਰ ਸਿੰਘ ਨੂੰ ਜਿਤਾ ਕੇ ਭੇਜਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ, ਸੀਨੀਅਰ ਆਗੂ ਜਗਜੀਤ ਸਿੰਘ ਪ੍ਰਿਥੀਪੁਰ, ਬਲਾਕ ਸਮਤੀ ਮੈਂਬਰ ਹੁਸਨ ਲਾਲ ਮੜਕਣ, ਐਡਵੋਕੇਟ ਕਪਿਲ ਅਨੰਦ, ਬਲਾਕ ਕਾਂਗਰਸ ਸਮਰਾਲਾ ਦੇ ਪ੍ਰਧਾਨ ਅਜਮੇਰ ਸਿੰਘ ਪੂਰਬਾ, ਜਸਪ੍ਰੀਤ ਸਿੰਘ ਕਲਾਲ ਮਾਜਰਾ, ਪਰਮਿੰਦਰ ਗੋਲਡੀ ਯੂਥ ਪ੍ਰਧਾਨ ਸਮਰਾਲਾ, ਜਸਪ੍ਰੀਤ ਸਿੰਘ ਸਹਿਜੋ ਮਾਜਰਾ, ਯੁਵਰਾਜ ਜੀਤ ਰਾਏ, ਵਿਜੇ ਰਾਣਾ ਚੇਅਰਮੈਨ ਓਬੀਸੀ ਸੈੱਲ, ਸੁਰਜੀਤ ਸਿੰਘ, ਅੰਗਰੇਜ ਸਿੰਘ, ਕ੍ਰਿਸ਼ਨ ਲਾਲ ਕਾਲੜਾ, ਓਮ ਪ੍ਰਕਾਸ਼ ਕਾਲੜਾ, ਸੁਖਵਿੰਦਰ ਲਾਲ, ਜਸਪਾਲ ਸਿੰਘ, ਪਰਮਜੀਤ ਸਿੰਘ, ਸੱਜਣ ਸਿੰਘ ਸਾਬਕਾ ਸਰਪੰਚ, ਹਰਜਿੰਦਰ ਸਿੰਘ, ਗੁਰਪ੍ਰੀਤ ਸਿੰਘ, ਬੂਟਾ ਲਾਲ, ਸਵਰਨ ਸਿੰਘ, ਰਸ਼ਪਾਲ ਸਿੰਘ, ਸਿਕੰਦਰ ਸਿੰਘ, ਸੁਖਬੀਰ ਸਿੰਘ, ਹਰਬੰਸ ਸਿੰਘ, ਕੇਹਰ ਸਿੰਘ, ਹਰਬੰਸ ਸਿੰਘ, ਗੁਰਨਾਮ ਸਿੰਘ, ਭਜਨ ਸਿੰਘ ਛੌੜੀਆਂ, ਜਸਵੰਤ ਸਿੰਘ, ਭਿੰਦਰ ਸਿੰਘ ਅਟਾਰੀ , ਅੰਗਰੇਜ਼ ਸਿੰਘ ਸਤਾਬਗੜ੍ਹ, ਰੋਸ਼ਨ ਸਿੰਘ ਸਤਾਬਗੜ੍ਹ , ਸਵਰਨ ਸਿੰਘ ਇਹ ਪਿੰਡਾਂ ਦੇ ਸਰਪੰਚ ਪੰਚ ਤੇ ਮੋਹਤਬਰ ਵਿਅਕਤੀ ਮੌਜੂਦ ਸਨ।

**ਚਿੜੀਆਂ ਚੂਕਦੀਆਂ, ਗੁਰਦੁਆਰੇ, ਡੇਰਿਆਂ ਵਿੱਚੋਂ ਘੜਿਆਲ, ਪੰਛੀਆਂ ਅਤੇ ਸੰਖ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਸਨ। ਨਿਆਈਆਂ ਵਿੱਚ ਕੋਈ ਹਾਲੀ ਹਲ ਵਾਹੁੰਦਾ ਹੋਇਆ ਕਲੀਆਂ ਦੇ ਗਾਉਣ ਰਾਹੀਂ ਰੱਬ ਨੂੰ ਚੇਤੇ ਕਰਦਾ ਸੁਣਾਈ ਦਿੰਦਾ ਸੀ।**

# ਲੱਗੀ ਨਜ਼ਰ ਪੰਜਾਬ ਨੂੰ

ਜੁਝਾਰ ਸਿੰਘ (ਬਿੱਟੂ)





ਬਜ਼ੁਰਗ ਦੱਸਦੇ ਹਨ ਕਿ ਅੱਜ ਤੋਂ 50 ਕੁ ਸਾਲ ਪਹਿਲਾਂ ਪੰਜਾਬੀ ਸੱਭਿਆਚਾਰ ਭਰ ਜੋਬਨ 'ਤੇ ਸੀ ਅਤੇ ਸਾਦਗੀ, ਭੋਲਾਪਨ, ਮਿਹਨਤ, ਈਮਾਨਦਾਰੀ ਅਤੇ ਹਮਦਰਦੀ ਨਾਲ ਭਰਪੂਰ ਸੀ। ਵੱਡੇ ਤੜਕੇ ਕੁੱਕੜਾਂ ਦੀਆਂ ਬਾਗਾਂ ਸੁਣਨ ਨਾਲ ਲੋਕ ਉੱਠ ਜਾਂਦੇ ਸਨ। ਔਰਤਾਂ ਚੱਕੀ ਝੋਅ ਲੈਂਦੀਆਂ, ਰਿੜਕਣਿਆਂ ਵਿੱਚ ਮਧਾਣੀਆਂ ਘੁੰਮਣ ਲੱਗ ਜਾਂਦੀਆਂ ਅਤੇ ਹਾਲੀ ਬਲਦਾਂ ਦੇ ਗਲ ਹਲ ਪੰਜਾਲੀ ਪਾ ਕੇ ਖੇਤਾਂ ਵੱਲ ਤੁਰ ਜਾਂਦੇ ਸਨ। ਚਿੜੀਆਂ ਚੂਕਦੀਆਂ, ਗੁਰਦੁਆਰੇ, ਡੇਰਿਆਂ ਵਿੱਚੋਂ ਘੜਿਆਲ ਅਤੇ ਸੰਖ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਸਨ। ਨਿਆਈਆਂ ਵਿੱਚ ਕੋਈ ਹਾਲੀ ਹਲ ਵਾਹੁੰਦਾ ਹੋਇਆ ਕਲੀਆਂ ਦੇ ਗਾਉਣ ਰਾਹੀਂ ਰੱਬ ਨੂੰ ਚੇਤੇ ਕਰਦਾ ਸੁਣਾਈ ਦਿੰਦਾ ਸੀ। ਪਹੁ ਫੁਟਦਿਆਂ ਸਾਰ ਲੋਕ ਚਾਹ ਪੀ ਕੇ ਬਾਹਰ ਖੇਤਾਂ ਵੱਲ ਜੰਗਲ ਪਾਣੀ ਜਾਂਦੇ ਸਨ। ਇਸੇ ਬਹਾਨੇ ਸਵੇਰ ਦੀ ਸੈਰ ਅਤੇ ਦਾਤਣ ਕੁਰਲਾ ਹੋ ਜਾਂਦਾ ਸੀ। ਉਦੋਂ ਪਿੰਡ ਵਿੱਚ ਕੋਈ ਹੀ ਅਜਿਹਾ ਘਰ ਹੁੰਦਾ ਜਿਸ ਦੇ ਦੁੱਧ ਲੱਸੀ ਨਾ ਹੋਵੇ। ਜੇ ਕਿਸੇ ਗਰੀਬ ਘਰ ਦੁੱਧ ਨਹੀਂ ਸੀ ਹੁੰਦਾ, ਉਹ ਕਿਸੇ ਵੀ ਘਰੋਂ ਦੁੱਧ ਦੀ ਗੜਵੀ ਲੈ ਕੇ ਆਪਣਾ ਚਾਹ-ਪਾਣੀ ਬਣਾ ਲੈਂਦੇ ਸਨ। ਉਦੋਂ ਦੁੱਧ ਵੇਚਣਾ ਪੁੱਤ ਵੇਚਣ ਦੇ ਬਰਾਬਰ ਸਮਝਿਆ ਜਾਂਦਾ ਸੀ। ਅੱਜ ਕੋਈ ਵਿਰਲਾ ਘਰ ਹੀ ਹੋਵੇਗਾ, ਜੋ ਦੁੱਧ ਨਾ ਵੇਚਦਾ ਹੋਵੇ। ਹੁਣ ਤਾਂ ਨਕਲੀ ਦੁੱਧ ਬਣਾ ਕੇ ਵੀ ਵੇਚਿਆ ਜਾ ਰਿਹਾ ਹੈ।

ਸਵੇਰੇ ਮਿੱਸੇ ਆਟੇ ਦੀ ਹਾਜਰੀ ਰੋਟੀ, ਮੱਖਣ, ਦਹੀਂ, ਦੇਸੀ ਘਿਉ, ਚਿੱਬੜਾਂ ਦੀ ਚੱਟਨੀ ਅਤੇ ਖੱਟੀ ਲੱਸੀ ਨਾਲ ਬਹੁਤ ਸਵਾਦ ਲੱਗਦੀ ਸੀ। ਹਾਜਰੀ ਰੋਟੀ ਖਾ ਕੇ ਲੋਕ ਆਪਣੇ-ਆਪਣੇ ਧੰਦਿਆਂ ਵਿੱਚ ਲੱਗ ਜਾਂਦੇ ਸਨ। ਸਾਡੇ ਬਜ਼ੁਰਗ ਦੱਸਦੇ ਹਨ ਕਿ ਅਸੀਂ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਪੜ੍ਹਨ ਚਲੇ ਜਾਂਦੇ। ਬਹੁਤੇ ਪਿੰਡਾਂ ਵਿੱਚ ਪ੍ਰਾਇਮਰੀ ਸਕੂਲ ਵੀ ਨਹੀਂ ਸਨ। ਅੱਗੇ ਪੜ੍ਹਨ ਲਈ ਨਾਲ ਦੇ ਸ਼ਹਿਰ ਜਾਣਾ ਪੈਂਦਾ ਸੀ। ਬੱਚਿਆਂ ਨੂੰ ਸਕੂਲ ਵਿੱਚ ਅਧਿਆਪਕ ਇੰਨਾ ਪੜ੍ਹਾ ਦਿੰਦੇ ਸਨ ਕਿ ਟਿਊਸ਼ਨ ਰੱਖਣ ਦੀ ਜ਼ਰੂਰਤ ਨਹੀਂ ਸੀ ਪੈਂਦੀ। ਮੁੰਡੇ ਕੁੜੀਆਂ ਪੰਜਵੀਂ-ਛੇਵੀਂ ਕਲਾਸ ਤਕ ਇਕੱਠੇ ਹੀ ਖੇਡਦੇ ਸਨ। ਕਿਸੇ ਦੇ ਮਨ ਵਿੱਚ ਕਪਟ ਜਾਂ ਚਲਾਕੀ ਵਾਲੀ ਕੋਈ ਗੱਲ ਹੀ ਨਹੀਂ ਸੀ ਹੁੰਦੀ। ਹਰੇਕ ਪਿੰਡ ਖੂਹ ਅਤੇ ਹਲਟੀਆਂ ਹੁੰਦੀਆਂ ਸਨ। ਦਿਨ ਚੜ੍ਹੇ ਕੁੜੀਆਂ ਦੀਆਂ ਟੋਲੀਆਂ ਖੂਹਾਂ ਤੋਂ ਪਾਣੀ ਦੇ ਘੜੇ ਭਰ ਕੇ ਲਿਆਉਂਦੀਆਂ। ਕਈ ਘਰਾਂ ਦੇ ਘੜੇ ਮਸ਼ਕ ਨਾਲ ਵੀ ਭਰੇ ਜਾਂਦੇ ਸਨ। ਕੁੜੀਆਂ/ਬੁੜੀਆਂ ਹਲਟੀ 'ਤੇ ਆਪੋ-ਆਪਣੇ ਪਰਿਵਾਰਾਂ ਦੇ ਕੱਪੜੇ ਧੋਣ ਆਉਂਦੀਆਂ। ਕੱਪੜੇ ਧੋਂਦਿਆਂ ਪਿੰਡ ਵਿੱਚ ਵਾਪਰੀ ਹਰੇਕ ਗੱਲ ਦਾ ਸਹਿਜੇ ਹੀ ਪਤਾ ਲੱਗ ਜਾਂਦਾ ਸੀ। ਆਉਣ ਜਾਣ ਦਾ ਸਾਧਨ ਪੈਦਲ ਜਾਂ ਊਠ ਘੋੜੀਆਂ ਹੋਣ ਕਾਰਨ ਆਉਂਦੇ ਜਾਂਦੇ ਰਾਹ ਵੀ ਇਨ੍ਹਾਂ ਖੂਹਾਂ ਤੋਂ ਪਾਣੀ ਪੀਂਦੇ ਸਨ। ਖੇਤਾਂ ਨੂੰ ਪਾਣੀ ਦੇਣ ਦਾ ਸਾਧਨ ਨਹਿਰਾਂ ਅਤੇ ਹਲਟ ਸਨ। ਬੱਚੇ ਹਲਟ ਦੀ ਗਰਧਲ (ਲੱਠ) 'ਤੇ ਬੈਠ ਕੇ ਝੂਟੇ ਲੈਂਦੇ ਅਤੇ ਟੱਕ-ਟੱਕ ਕਰਦੇ ਕੁੱਤੇ ਦੀ ਆਵਾਜ਼ ਸੁਣ ਕੇ ਬੜੇ ਖ਼ੁਸ਼ ਹੁੰਦੇ ਸਨ। ਖੂਹ ਦੀਆਂ ਟਿੰਡਾਂ ਦਾ ਪਾਣੀ ਪਾੜਸ਼ੇ ਵਿੱਚ ਡਿੱਗਦਾ ਕੋਈ ਰਾਗ ਅਲਾਪਦਾ ਜਾਪਦਾ ਸੀ।

ਹਾਲੀਆਂ ਅਤੇ ਖੇਤਾਂ ਵਿੱਚ ਸਵੱਖਤੇ ਆਏ ਹੋਰ ਕਾਮਿਆਂ ਨੂੰ ਭੱਤੇ ਦੀ ਉਡੀਕ ਹੁੰਦੀ ਸੀ। ਸੁਆਣੀਆਂ ਖੱਦਰ ਦੇ ਪੋਣਿਆਂ ਵਿੱਚ ਰੋਟੀਆਂ ਬੰਨ੍ਹ ਕੇ, ਲੱਸੀ ਦਾ ਕੁੱਜਾ ਭਰ ਕੇ, ਦਹੀਂ, ਮੱਖਣ, ਸਰ੍ਹੋਂ ਦਾ ਸਾਗ ਅਤੇ ਦੁਪਹਿਰ ਦੀ ਚਾਹ ਲਈ ਗੁੜ, ਮੋਟੀ ਫਲੀ ਦੀ ਚਾਹ ਪੱਤੀ ਅਤੇ ਬੋਤਲ ਵਿੱਚ ਦੁੱਧ ਆਦਿ ਸਾਰਾ ਸਮਾਨ ਟੋਕਰੇ ਵਿੱਚ ਧਰ ਕੇ ਖੇਤਾਂ ਵੱਲ ਚੱਲ ਪੈਂਦੀਆਂ ਸਨ। ਖੇਤ ਵਿੱਚ ਭੁੰਜੇ ਬੈਠ ਕੇ ਰੋਟੀ ਖਾਣ ਦਾ ਵੱਖਰਾ ਹੀ ਨਜ਼ਾਰਾ ਹੁੰਦਾ। ਰੋਟੀ ਖਵਾ ਕੇ ਔਰਤਾਂ ਘਰ ਨੂੰ ਮੁੜਨ ਲੱਗੀਆਂ ਰੁੱਤ ਅਨੁਸਾਰ ਗੁਆਰੇ ਦੀਆਂ ਫਲੀਆਂ, ਸਰ੍ਹੋਂ ਦਾ ਸਾਗ ਅਤੇ ਛੱਲੀਆਂ ਤੋੜ ਕੇ ਟੋਕਰੇ ਵਿੱਚ ਧਰ ਲਿਆਉਂਦੀਆਂ ਸਨ। ਸਾਰਾ ਸਿਆਲ ਸਰ੍ਹੋਂ ਦਾ ਸਾਗ ਅਤੇ ਮੱਕੀ ਦੀ ਰੋਟੀ ਖਾਧੀ ਜਾਂਦੀ ਸੀ। ਕਦੇ ਕੋਈ ਪ੍ਰਾਹੁਣਾ ਆਏ ਤੋਂ ਹੀ ਕਣਕ ਦੀ ਰੋਟੀ ਲਾਹੀ ਜਾਂਦੀ ਸੀ ਪਰ ਹੁਣ ਇਸ ਦੇ ਉਲਟ ਮੱਕੀ ਦੀ ਰੋਟੀ ਹੀ ਨਿਆਮਤ ਬਣ ਗਈ ਹੈ। ਲੋਕ ਘੁਲਾੜੀਆਂ ਤੋਂ ਗੰਨੇ ਦਾ ਰਸ ਅਤੇ ਤੱਤਾ ਗੁੜ ਖਾ ਕੇ ਮੌਜ ਕਰਦੇ ਸਨ। ਹਾੜ੍ਹੀ ਦੀ ਫ਼ਸਲ ਵੇਲੇ ਸਬਜ਼ੀ ਲਈ ਹਰਾ ਛੋਲੂਆ ਅਤੇ ਹੋਲਾਂ ਭੁੰਨਣ ਲਈ ਪੱਕਿਆ ਛੋਲੂਆ ਪੁੱਟ ਲਿਆਉਂਦੇ ਸਨ। ਹੋਲਾਂ ਬੜੀਆਂ ਸਵਾਦ ਲੱਗਦੀਆਂ ਸਨ। ਉਸ ਸਮੇਂ ਖੇਤਾਂ ਦੀ ਵਹਾਈ ਤੇ ਬਿਜਾਈ ਦਾ ਕੰਮ ਬਲਦਾਂ ਅਤੇ ਊਠਾਂ ਰਾਹੀਂ ਲੱਕੜ ਦੇ ਹਲਾਂ ਨਾਲ ਕੀਤਾ ਜਾਂਦਾ ਸੀ। ਫ਼ਸਲਾਂ ਦੀ ਢੋਅ-ਢੁਆਈ ਗੱਡਿਆਂ ਰਾਹੀਂ ਕੀਤੀ ਜਾਂਦੀ ਸੀ। ਕਣਕ ਦੀ ਗਹਾਈ ਲਈ ਬਲਦਾਂ ਪਿੱਛੇ ਫਲ ਪਾ ਕੇ ਇੱਕ ਮਹੀਨੇ ਤੋਂ ਵੱਧ ਸਮਾਂ ਨਿਆਈਆਂ ਵਿੱਚ ਪਿੜ ਲੱਗੇ ਰਹਿੰਦੇ ਸਨ। ਸਾਰਾ ਕੰਮ ਬਲਦਾਂ ਰਾਹੀਂ ਹੋਣ ਕਰਕੇ ਬਲਦਾਂ ਦੀ ਬਹੁਤ ਸੇਵਾ ਕੀਤੀ ਜਾਂਦੀ ਸੀ। ਗੱਭਰੂ ਹਰੇ ਚਾਰੇ (ਚਰ੍ਹੀ, ਬਾਜਰਾ, ਗਵਾਰਾ ਆਦਿ) ਦੇ ਕਈ-ਕਈ ਭਰੇ ਹੱਥਾਂ ਨਾਲ ਫੇਰਨ ਵਾਲੀ ਮਸ਼ੀਨ ਨਾਲ ਟੋਕਾ ਕਰਦੇ ਅਤੇ ਤੰਦਰੁਸਤ ਰਹਿੰਦੇ ਸਨ। ਸ਼ਾਮ ਨੂੰ ਰੋਟੀ ਵੇਲੇ ਹਾਰੇ ਦਾ ਕੜ੍ਹਿਆ ਦੁੱਧ ਛੰਨੇ ਭਰ-ਭਰ ਪੀਂਦੇ ਸਨ। ਸੀਰੀ ਸਾਂਝੀ ਨੂੰ ਵੀ ਪੀਣ ਲਈ ਦੁੱਧ ਦਿੱਤਾ ਜਾਂਦਾ ਸੀ। ਸਾਰਾ ਕੰਮ ਲੋਕ ਖ਼ੁਦ ਕਰਦੇ ਸਨ। ਬਜ਼ੁਰਗ ਦੱਸਦੇ ਹਨ ਕਿ ਪਿੰਡਾਂ ਵਿੱਚ ਹਰੇਕ ਪੱਤੀ (ਅਗਵਾੜ) ਵਿੱਚ ਥਾਈ ਅਤੇ ਦਰਵਾਜ਼ਾ ਹੁੰਦਾ ਜਿੱਥੇ ਬੈਠ ਕੇ ਲੋਕ ਆਪਣਾ ਵਿਹਲਾ ਸਮਾਂ ਗੱਲੀਂ- ਬਾਤੀਂ ਹੱਸ ਕੇ ਜਾਂ ਤਾਸ਼ ਅਤੇ ਬਾਰਾਂ-ਵੀਟੀ ਖੇਡ ਕੇ ਗੁਜ਼ਾਰਦੇ ਸਨ। ਇਨ੍ਹਾਂ ਥਾਈਆਂ ਵਿੱਚ ਹੀ ਬਰਾਤਾਂ ਠਹਿਰਾਈਆਂ ਜਾਂਦੀਆਂ ਸਨ।

ਸਾਡੀ ਬੇਬੇ ਦੱਸਿਆ ਕਰਦੀ ਸੀ ਕਿ ਉਨ੍ਹੀਂ ਦਿਨੀਂ ਕੁੜੀਆਂ ਦੇ ਕੱਤਣ ਨੂੰ ਬੜਾ ਮਹੱਤਵ ਦਿੱਤਾ ਜਾਂਦਾ ਸੀ। ਸਰਦੀਆਂ ਵਿੱਚ ਆਂਢ-ਗੁਆਂਢ ਦੀਆਂ ਕੁੜੀਆਂ-ਕੱਤਰੀਆਂ ਰਾਤ ਨੂੰ ਰੋਟੀ ਟੁੱਕ ਖਾ ਮੁਕਾ ਕੇ ਕਿਸੇ ਇੱਕ ਘਰ ਛੋਪ (ਤ੍ਰਿੰਝਣ) ਪਾਉਂਦੀਆਂ ਜਿੱਥੇ ਅੱਧੀ ਰਾਤ ਤਕ ਚਰਖੇ ਕੱਤੀ ਜਾਂਦੀਆਂ, ਜਿਸ ਘਰ ਛੋਪ ਪਾਉਂਦੀਆਂ, ਉੱਥੇ ਰਾਤ ਨੂੰ ਸੌਂ ਜਾਂਦੀਆਂ ਸਨ।

ਕਿੰਨਾ ਹੀ ਪਿਆਰ ਅਤੇ ਸੁਹਿਦਰਤਾ ਵਾਲਾ ਮਾਹੌਲ ਹੁੰਦਾ ਸੀ, ਉਨ੍ਹਾਂ ਕੁੜੀਆਂ-ਚਿੜੀਆਂ ਦਾ। ਘਰ ਦਾ ਸੂਤ ਕੱਤ ਕੇ ਕਈ ਕੁੜੀਆਂ ਰਲ ਕੇ ਤਾਣਾ ਤਣਦੀਆਂ, ਪਾਣ ਲਾਉਂਦੀਆਂ ਅਤੇ ਕੁੰਭਲਾਂ ਰਾਹੀਂ ਖੱਦਰ ਬੁਣ ਕੇ ਖੇਸ ਅਤੇ ਦੋੜੇ ਬਣਾ ਲੈਂਦੀਆਂ ਸਨ। ਸੂਈ ਧਾਗੇ ਨਾਲ ਚਾਦਰਾਂ, ਸਿਰਹਾਣੇ ਤੇ ਫੁਲਕਾਰੀਆਂ ਕੱਢਦੀਆਂ ਅਤੇ ਦਰੀਆਂ-ਪੱਖੀਆਂ ਨਾਲੇ ਬੁਣਦੀਆਂ ਸਨ। ਧੀ ਦੇ ਵਿਆਹ ਤੋਂ ਪਹਿਲਾਂ ਇਨ੍ਹਾਂ ਵਸਤਾਂ ਨਾਲ ਦਾਜ ਵਾਲੀ ਪੇਟੀ ਭਰ ਦਿੱਤੀ ਜਾਂਦੀ ਸੀ। ਕੁੜੀ ਦੇ ਵਿਆਹ ਮੌਕੇ ਉਸ ਵੱਲੋਂ ਪਹਿਨੇ ਜਾਂਦੇ ਗਹਿਣਿਆਂ ਵਿੱਚੋਂ ਸੱਗੀ-ਫੁੱਲ ਅਤੇ ਪਿੱਪਲ-ਪੱਤੀਆਂ ਪ੍ਰਮੁੱਖ ਸਨ, ਜਿਹੜੇ ਅੱਜ ਵੀ ਯਾਦ ਕੀਤੇ ਜਾਂਦੇ ਹਨ। ਕੁੜੀ ਸਹੁਰੇ ਘਰ ਜਾ ਕੇ ਘੱਗਰਾ ਪਹਿਨਦੀ ਅਤੇ ਵੱਡੇ ਥਾਂ ਲੱਗਦੇ ਸਹੁਰੇ ਜਾਂ ਜੇਠ ਤੋਂ ਘੁੰਢ ਕੱਢਦੀ ਸੀ। ਸਹੁਰਾ ਅਤੇ ਜੇਠ ਵੀ ਬਾਹਰੋਂ ਘਰ ਅੰਦਰ ਆਉਣ ਵੇਲੇ ਖੰਘੂਰਾ ਮਾਰ ਕੇ ਅੰਦਰ ਵੜਦੇ ਤਾਂ ਕਿ ਅੰਦਰ ਬੈਠੀਆਂ ਔਰਤਾਂ ਸੁਚੇਤ ਹੋ ਜਾਣ। ਅੱਖ ਦੀ ਸ਼ਰਮ ਮੰਨੀ ਜਾਂਦੀ ਅਤੇ ਵੱਡਿਆਂ ਦੀ ਇੱਜ਼ਤ ਕੀਤੀ ਜਾਂਦੀ ਸੀ। ਬਜ਼ੁਰਗਾਂ ਦੇ ਦੱਸਣ ਮੁਤਾਬਕ ਉਦੋਂ ਲੋਕਾਂ ਦਾ ਮਨੋਰੰਜਨ ਧਾਰਮਿਕ ਰੀਤੀ-ਰਿਵਾਜਾਂ ਜਾਂ ਰੁੱਤਾਂ ਅਨੁਸਾਰ ਲੱਗਦੇ ਮੇਲਿਆਂ ਰਾਹੀਂ ਹੁੰਦਾ ਸੀ, ਜਿੱਥੇ ਲੋਕ ਸੁੱਖਾਂ ਸੁੱਖਦੇ, ਮਿੱਟੀ ਕੱਢਦੇ ਅਤੇ ਪਰਿਵਾਰਾਂ ਸਮੇਤ ਨਵੇਂ ਕੱਪੜੇ ਪਾ ਕੇ ਅਤੇ ਪੱਗਾਂ ਨੂੰ ਲਲਾਰੀ ਤੋਂ ਮਾਵਾ-ਵਰਕ ਲਗਵਾ ਕੇ ਮੇਲਾ ਵੇਖਣ ਜਾਂਦੇ ਸਨ। ਮੱਲਾਂ ਦੇ ਘੋਲ, ਗੱਭਰੂਆਂ ਦੀ ਕਬੱਡੀ ਅਤੇ ਭੰਗੜਾ ਦੇਖ ਕੇ ਆਨੰਦ ਮਾਣਦੇ। ਕਿਸੇ ਪਾਸੇ ਕਵੀਸ਼ਰਾਂ ਅਤੇ ਢਾਡੀਆਂ ਪਾਸੋਂ ਪ੍ਰਸੰਗ ਸੁਣੇ ਜਾਂਦੇ ਤੇ ਕਿਸੇ ਪਾਸੇ ਜਲੇਬੀਆਂ ਅਤੇ ਕਰਾਰੇ ਪਕੌੜੇ ਖਾਣ ਦਾ ਲੁਤਫ਼ ਲੈਂਦੇ। ਬੱਚੇ ਚੱਕਰ-ਝੂੰਢਿਆਂ 'ਤੇ ਝੂਟੇ ਲੈ ਕੇ ਖ਼ੁਸ਼ ਹੁੰਦੇ ਸਨ। ਜਦ ਕਦੇ ਅੱਠ-ਦਸ ਮੀਲ ਦੇ ਫਾਸਲੇ ਅੰਦਰ ਕਿਸੇ ਗਾਉਣ ਵਾਲੇ ਨੇ ਲੱਗਣਾ ਹੁੰਦਾ ਤਾਂ ਸਾਜਰੇ ਹੀ ਪਸ਼ੂਆਂ ਲਈ ਕੱਖ-ਕੰਡਾ ਲਿਆਉਂਦੇ ਅਤੇ ਇਕੱਠੇ ਹੋ ਕੇ ਪੈਦਲ ਹੀ ਅਖਾੜਾ ਸੁਣਨ ਜਾਂਦੇ। ਫਲਾਣੇ ਪਿੰਡ ਸਲਿੰਦਰਾ ਲੱਗਣੀ ਐ। ਦੱਸਦੇ ਹਨ ਉਦੋਂ ਬਰਾਤਾਂ ਰੱਥ-ਗੱਡੀਆਂ ਅਤੇ ਊਠ ਘੋੜਿਆਂ 'ਤੇ ਆਉਂਦੀਆਂ ਅਤੇ ਕਈ-ਕਈ ਦਿਨ ਠਹਿਰਦੀਆਂ ਸਨ। ਬਰਾਤ ਆਉਣ ਤੋਂ ਅਗਲੀ ਸਵੇਰ ਚੜ੍ਹਦੇ ਨੂੰ ਆਨੰਦ ਕਾਰਜ ਦੀ ਰਸਮ ਪੂਰੀ ਕਰ ਦਿੱਤੀ ਜਾਂਦੀ ਸੀ। ਰਾਤ ਨੂੰ ਜਦ ਬਰਾਤ ਰੋਟੀ ਖਾਣ ਆਉਂਦੀ, ਘਰ ਦੇ ਕੋਠਿਆਂ ਦੇ ਬਨੇਰਿਆਂ 'ਤੇ ਬੈਠੀਆਂ ਔਰਤਾਂ ਵੱਲੋਂ ਗੀਤ ਗਾ ਕੇ ਜੰਞ ਬੰਨ੍ਹ ਦਿੱਤੀ ਜਾਂਦੀ ਸੀ। ਜਦ ਤਕ ਕੋਈ ਜਨੇਤੀ ਬੰਨ੍ਹੀ ਹੋਈ ਨਹੀਂ ਸੀ ਛੁਡਾਉਂਦਾ, ਰੋਟੀ ਨਹੀਂ ਸੀ ਖਾਂਧੀ ਜਾਂਦੀ। ਜਨੇਤੀਆਂ ਨੂੰ ਔਰਤਾਂ ਗੀਤਾਂ, ਦੋਹੇ ਅਤੇ ਸਿੱਠਣੀਆਂ ਰਾਹੀਂ ਗਾਲ੍ਹਾਂ ਕੱਢ ਕੇ ਚਿੱਤ ਖ਼ੁਸ਼ ਕਰਦੀਆਂ ਸਨ। ਕਈ ਜਨੇਤੀਆਂ ਦੀ ਪਿੱਠ 'ਤੇ ਥਾਪੇ ਵੀ ਲਾਏ ਜਾਂਦੇ ਸਨ। ਬਰਾਤਾਂ ਵਿੱਚ ਨਕਲੀਏ ਅਤੇ ਨਚਾਰ ਲਿਆਉਣ ਦਾ ਰਿਵਾਜ ਸੀ। ਬਰਾਤੀਆਂ ਦੇ ਗਲਾਂ ਵਿੱਚ ਸੋਨੇ ਦੇ ਕੈਂਠੇ ਆਮ ਦੇਖੇ ਜਾਂਦੇ ਸਨ। ਜਿਸ ਥਾਈ ਵਿੱਚ ਜੰਨ ਦਾ ਉਤਾਰਾ ਹੁੰਦਾ, ਰਾਤ ਨੂੰ ਲੋਕ ਟੋਲੀਆਂ ਬਣਾ ਕੇ ਉਸ ਅੱਗੇ ਆ ਬੈਠਦੇ ਅਤੇ ਸਪੀਕਰ ਵਾਲੇ ਤੋਂ ਆਪਣੀ ਪਸੰਦ ਦੀਆਂ ਕਲੀਆਂ ਦੇ ਤਵੇ (ਰਿਕਾਰਡ) ਲਗਵਾ ਕੇ ਅੱਧੀ ਰਾਤ ਤਕ ਸੁਣਦੇ ਰਹਿੰਦੇ ਸਨ। ਉਦੋਂ ਪੱਥਰ ਦੇ ਤਵੇ ਹੁੰਦੇ ਸਨ। ਥਾਈ ਦੇ ਛੱਤ ਉਪਰ ਦੋ ਮੰਜੇ ਖੜੇ ਕਰਕੇ ਸਪੀਕਰ ਟੰਗਿਆ ਹੁੰਦਾ ਸੀ। ਰਾਤ ਨੂੰ ਮਾਮੀਆਂ (ਨਾਨਕੀਆਂ) ਦੀ ਟੋਲੀ ਵੱਲੋਂ ਜਾਗੋ ਕੱਢੀ ਜਾਂਦੀ ਅਤੇ ਛੱਜ ਕੁੱਟਿਆ ਜਾਂਦਾ ਸੀ। ਮਖੌਲਾਂ-ਮਖੌਲਾਂ ਵਿੱਚ ਕਈ ਘਰਾਂ ਅਤੇ ਦੁਕਾਨਾਂ ਦੇ ਪਰਨਾਲੇ ਉਖਾੜ ਦਿੱਤੇ ਜਾਂਦੇ ਸਨ।

ਸਾਉਣ ਮਹੀਨੇ ਤੀਆਂ ਦੇ ਦਿਨਾਂ ਵਿੱਚ ਕੁਆਰੀਆਂ ਅਤੇ ਵਿਆਹੀਆਂ ਮੁਟਿਆਰਾਂ ਪੀਂਘਾਂ ਝੂਟ ਕੇ ਨਜ਼ਾਰੇ ਲੈਂਦੀਆਂ ਸਨ। ਨਵ-ਵਿਆਹੀਆਂ ਮੁਟਿਆਰਾਂ ਤੀਆਂ ਦੇ ਦਿਨਾਂ ਵਿੱਚ ਆਪਣੇ ਪੇਕੇ ਪਿੰਡ ਆ ਜਾਂਦੀਆਂ ਸਨ। ਪਿੰਡ ਦੇ ਬਾਹਰਵਾਰ ਜਿੱਥੇ ਪਿੱਪਲ ਅਤੇ ਬੋਹੜ ਆਦਿ ਦਰੱਖਤ ਆਦਿ ਹੁੰਦੇ ਅਤੇ ਨੱਚਣ-ਟੱਪਣ ਲਈ ਖੁੱਲ੍ਹੀ ਥਾਂ ਹੁੰਦੀ, ਉਥੇ ਤੀਆਂ ਲੱਗਦੀਆਂ ਅਤੇ ਪੀਂਘਾਂ ਪਾਈਆਂ ਜਾਂਦੀਆਂ ਸਨ।

ਕਿਸੇ-ਕਿਸੇ ਪੀਂਘ 'ਤੇ ਦੋ ਮੁਟਿਆਰਾਂ ਅੰਦਰ ਨੂੰ ਮੂੰਹ ਕਰਕੇ ਇਕੱਠੀਆਂ ਪੀਂਘ ਚੜ੍ਹਾਉਂਦੀਆਂ ਅਤੇ ਪੀਂਘ ਦੇ ਉੱਚੇ ਹੁਲਾਰੇ ਨਾਲ ਦਰੱਖਤ ਦੇ ਪੱਤੇ ਤੋੜ ਲਿਆਉਂਦੀਆਂ ਸਨ। ਇਹ ਨਜ਼ਾਰਾ ਦੇਖਣਯੋਗ ਹੁੰਦਾ ਸੀ। ਕੁੜੀਆਂ ਗਿੱਧੇ ਵਿੱਚ ਨੱਚਦੀਆਂ ਅਤੇ ਬੋਲੀਆਂ ਪਾ ਕੇ ਮਨੋ-ਵਲਵਲੇ ਪੂਰੇ ਕਰਦੀਆਂ ਸਨ। ਅੱਜ ਕੱਲ੍ਹ ਜਦ ਕਿਸੇ ਪਿੰਡ ਖੇਡ ਮੇਲਾ ਹੋਵੇ ਜਾਂ ਕਿਸੇ



ਹੋਰ ਸਮਾਗਮ ਵਿੱਚ ਕਿਸੇ ਗਾਇਕ ਨੇ ਪ੍ਰੋਗਰਾਮ ਪੇਸ਼ ਕਰਨਾ ਹੋਵੇ ਤਾਂ ਉਸ ਦੀ ਮਸ਼ਹੂਰੀ ਨਿਰੋਲ ਸੱਭਿਆਚਾਰਕ ਪ੍ਰੋਗਰਾਮ ਦੇ ਤੌਰ 'ਤੇ ਕੀਤੀ ਜਾਂਦੀ ਹੈ ਜਦਕਿ ਸੱਭਿਆਚਾਰ ਵਾਲੀ ਕੋਈ ਗੱਲ ਉਸ ਵਿੱਚ ਨਜ਼ਰ ਨਹੀਂ ਆਉਂਦੀ। ਸਟੇਜ 'ਤੇ ਇੰਨੇ ਜ਼ਿਆਦਾ ਸਾਜ਼ ਵੱਜਦੇ ਹਨ ਕਿ ਸਾਜ਼ਾਂ ਅਤੇ ਢੋਲ-ਢਮੱਕੇ ਦੇ ਸ਼ੋਰ ਵਿੱਚ ਗਾਉਣ ਵਾਲੇ ਦੀ ਆਵਾਜ਼ ਗੁਆਚੀ ਜਾਪਦੀ ਹੈ। ਸੱਭਿਆਚਾਰ ਦੇ ਨਾਂ 'ਤੇ ਇਸ ਤੋਂ ਵੀ ਬੁਰਾ ਹਾਲ ਕਈ ਟੀ. ਵੀ. ਚੈਨਲਾਂ ਦਾ ਹੈ ਜਿੱਥੇ ਗਾਉਣ ਵਾਲੇ ਨਾਲ 10-12 ਮੁੰਡੇ ਅਤੇ ਅੱਧਨੰਗੀਆਂ ਕੁੜੀਆਂ ਨੂੰ ਨਚਾ ਕੇ ਲੋਕਾਂ ਦਾ ਧਿਆਨ ਖਿੱਚਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜਦਕਿ ਸਟੇਜ ਦੇ ਮੂਹਰੇ ਚਰਖਾ, ਘੜਾ, ਪੱਖੀਆਂ ਅਤੇ ਫੁਲਕਾਰੀਆਂ ਸਜਾ ਕੇ ਪੰਜਾਬੀ ਸੱਭਿਆਚਾਰ ਦੀ ਪੇਸ਼ਕਾਰੀ ਦਰਸਾਈ ਜਾਂਦੀ ਹੈ ਅਤੇ ਇਸ ਨੂੰ ਸੱਭਿਆਚਾਰਕ ਪ੍ਰੋਗਰਾਮ ਦਾ ਨਾਂ ਦਿੱਤਾ ਜਾਂਦਾ ਹੈ। ਕਈ ਗਾਇਕ ਸਾਜ਼ਾਂ ਅਤੇ ਮਾਡਲਾਂ ਦੇ ਸਿਰ 'ਤੇ ਹੀ ਰੋਟੀ-ਰੋਜ਼ੀ ਚਲਾ ਰਹੇ ਹਨ। ਇੱਥੇ ਪੰਜਾਬੀ ਸੱਭਿਆਚਾਰ ਨੂੰ ਸਮਰਪਿਤ ਕੁਝ ਪੁਰਾਣੇ ਗਾਇਕਾਂ ਦਾ ਜ਼ਿਕਰ ਕਰਨਾ ਉਚਿਤ ਹੋਵੇਗਾ। ਲਾਲ ਚੰਦ ਯਮਲਾ ਜੱਟ ਦੀ ਤੂੰਬੀ ਅਤੇ ਆਵਾਜ਼ ਦਾ ਜਾਦੂ 'ਦੱਸ ਮੈਂ ਕੀ ਪਿਆਰ ਵਿੱਚੋਂ ਖੱਟਿਆ' ਨੂੰ ਕੌਣ ਭੁੱਲ ਸਕਦਾ ਹੈ? ਅਮਰ ਸਿੰਘ ਸ਼ੌਕੀ ਦੀ ਆਵਾਜ਼ ਅਤੇ ਢੱਡ ਸਾਰੰਗੀ 'ਸਾਹਿਬਾਂ ਵਾਜਾਂ ਮਾਰਦੀ' ਨੂੰ ਅੱਜ ਵੀ ਪਸੰਦ ਕਰਨ ਵਾਲੇ ਮੌਜੂਦ ਹਨ।

ਕਰਨੈਲ ਸਿੰਘ ਪਾਰਸ ਦੇ ਜੱਥੇ ਦੀ ਗਾਈ ਕਵੀਸ਼ਰੀ 'ਕਿਉਂ ਫੜੀ ਸਿਪਾਹੀਆਂ ਨੇ, ਭੈਣੋ ਇਹ ਹੰਸਾਂ ਦੀ ਜੋੜੀ' ਹੁਣ ਵੀ ਬਹੁਤ ਮਕਬੂਲ ਹੈ। ਇਸੇ ਤਰ੍ਹਾਂ ਸੁਰਿੰਦਰ ਕੌਰ ਦੀ ਕੋਇਲ ਵਰਗੀ ਆਵਾਜ਼, ਨਰਿੰਦਰ ਬੀਬਾ ਅਤੇ ਗੁਰਮੀਤ ਬਾਵਾ ਦੀਆਂ ਉੱਚੀਆਂ ਅਤੇ ਲੰਮੀਆਂ ਹੇਕਾਂ ਨੇ ਆਪਣਾ ਲੋਹਾ ਮੰਨਵਾਇਆ ਹੈ। ਇਨ੍ਹਾਂ ਗਾਇਕਾਂ/ਗਾਇਕਾਵਾਂ ਪਾਸ ਬਹੁਤੇ ਸਾਜ਼ ਜਾਂ ਢੋਲ ਢਮੱਕੇ ਦਾ ਸ਼ੋਰ ਨਹੀਂ ਸੀ। ਆਪਣੀ ਆਵਾਜ਼ ਦਾ ਜਾਦੂ ਸੀ। ਅਖੀਰ ਵਿੱਚ ਇਹ ਕਹਿਣਾ ਵਾਜਬ ਹੋਵੇਗਾ ਕਿ ਅੱਜ ਪੰਜਾਬੀ ਵਿਰਸੇ ਜਾਂ ਸੱਭਿਆਚਾਰ ਦੇ ਸਰੋਤ ਕੁੱਕੜਾਂ ਦੀਆਂ ਬਾਂਗਾਂ, ਰਿੜਕਣੇ, ਮਧਾਣੀਆਂ, ਬਲਦ ਤੇ ਹਲ ਪੰਜਾਲੀ, ਖੂਹ ਦੀਆਂ ਟਿੰਡਾਂ, ਊਠ, ਘੋੜੀਆਂ ਅਤੇ ਰੱਥ ਗੱਡੀਆਂ, ਚੱਕੀਆਂ, ਚਰਖੇ, ਘੱਗਰੇ, ਫੁਲਕਾਰੀਆਂ, ਸੱਗੀ-ਫੁੱਲ, ਪਿੱਪਲ-ਪੱਤੀਆਂ ਅਤੇ ਕੈਂਠੇ, ਜੰਞ ਬੰਨ੍ਹਣੀ ਅਤੇ ਛੁਡਾਉਣੀ, ਤੱਤਾ ਗੁੜ, ਛੋਲੂਆ ਅਤੇ ਹੋਲਾਂ, ਭੱਠੀਆਂ ਅਤੇ ਪੱਖੀਆਂ ਸਾਰੇ ਹੀ ਸਮੇਂ ਦੇ ਗੇੜ ਨਾਲ ਲੋਪ ਹੋ ਗਏ ਹਨ।

ਇਨ੍ਹਾਂ ਸਰੋਤਾਂ ਦੀ ਪੂਰਨ ਤੌਰ 'ਤੇ ਹੋਂਦ ਨਾ ਹੋਣ ਕਾਰਨ ਅਸੀਂ ਸਾਡੇ ਪੰਜਾਬੀ ਸੱਭਿਆਚਾਰ ਜਾਂ ਵਿਰਸੇ ਨੂੰ ਹੁਣ ਸਿਰਫ਼ ਯਾਦ ਹੀ ਕਰ ਸਕਦੇ ਹਾਂ ਪਰ ਸੱਭਿਆਚਾਰ ਦੇ ਨਾਂ ਦੀ ਆੜ ਹੇਠ ਝੂਠੇ ਵਿਖਾਵੇ ਕਰਨ ਨਾਲੋਂ ਚੰਗਾ ਹੋਵੇਗਾ ਕਿ ਸਾਦਗੀ, ਹਮਦਰਦੀ ਅਤੇ ਪਿਆਰ ਨੂੰ ਪਹਿਲਾਂ ਵਾਂਗ ਬਰਕਰਾਰ ਰੱਖੀਏ।



**ਮਰਨ ਵਰਤ ਵੀ ਰੱਖ ਦਿੱਤਾ, 'ਹਮ ਆਪਨੀ ਜਾਨ ਦੇ ਦੇਂਗੇ ਪਰ ਭ੍ਰਿਸ਼ਟਾਚਾਰ ਨਹੀਂ ਰਹਿਨੇ ਦੇਂਗੇ।' ਉਨ੍ਹਾਂ ਦੇ ਨਾਲ ਉਨ੍ਹਾਂ ਦਾ ਸਾਥੀ ਆਚਾਰੀਆ ਵੀ ਅਨਸ਼ਨ 'ਤੇ ਬਹਿ ਗਿਆ। ਦੂਰੋਂ-ਦੂਰੋਂ ਉਨ੍ਹਾਂ ਦੇ ਚੇਲੇ-ਚੇਲੀਆਂ ਵੀ ਟਰੰਕ ਬਿਸਤਰਿਆਂ ਸਮੇਤ, ਭੁੱਖ ਹੜਤਾਲ 'ਤੇ ਆ ਬਿਰਾਜੇ। ਦੱਸਣ ਵਾਲੇ ਦੱਸਦੇ ਹਨ ਕਿ ਸਵਾਮੀ ਦਸ ਵਰ੍ਹੇ ਪਹਿਲਾਂ ਇਕ ਪੁਰਾਣੇ ਲੇਡੀ ਸਾਈਕਲ 'ਤੇ ਪਿੰਡੋਂ ਸ਼ਹਿਰ ਆਏ ਸੀ। ਉਨ੍ਹਾਂ ਦੇ ਪਿੱਛੇ ਆਚਾਰੀਆ ਵੀ ਬਿਰਾਜੇ ਹੋਏ ਸਨ। ਦੋਵਾਂ ਨੇ ਅਮੀਰ ਬੁੱਢੇ-ਬੁੱਢੀਆਂ ਨੂੰ ਭੋਗ 'ਤੇ ਲੈਕਚਰ ਦੇਣੇ ਸ਼ੁਰੂ ਕੀਤੇ। ਭੀੜ ਜਮ੍ਹਾ ਹੋਣ ਲੱਗੀ ਤਾਂ ਦੋਵਾਂ ਨੇ ਤਾਕਤ-ਚੂਰਨ ਦੀ ਹੱਟੀ ਖੋਲ੍ਹ ਲਈ। ਧਨ ਤੇ ਦਾਨ ਦੇ ਢੇਰ ਲੱਗਣ ਲੱਗੇ। ਸੁਆਮੀ ਜੀ ਨੇ ਭੋਗਵਾਦ ਦੇ ਨਾਂਅ 'ਤੇ ਕਈ ਹੱਟੀਆਂ ਖੋਲ੍ਹ ਲਈਆਂ। ਪੈਸੇ ਦੀ ਧੰਨ-ਧੰਨ ਹੋ ਗਈ।**

# ਭ੍ਰਿਸ਼ਟਾਚਾਰ ਦੇ ਬਹਾਨੇ

ਸ਼ਰਾਬੀ ਭੂਤਾਨੰਦ ਪੈਗ ਹੱਥ 'ਚ ਫੜੀ, ਗੁਲਾਮ ਅਲੀ ਵਾਂਗ ਸਿਰ ਮਾਰ-ਮਾਰ ਗਾ ਰਿਹਾ ਸੀ, 'ਪੀਨੇ ਵਾਲੋਂ ਕੋ, ਪੀਅਨੇ ਕਾ, ਬਹਾਨਾ ਚਾਹੀਏ...।'

ਦੁਨੀਆ ਦਾ ਸਭ ਤੋਂ ਵੱਡਾ ਭਾਰਤੀ ਲੋਕਤੰਤਰ ਸਾਡੇ ਨੇਤਾਵਾਂ ਤੇ ਸਾਧਾਂ ਦੇ ਸਿਰ 'ਤੇ ਹੀ ਟਿਕਿਆ ਹੋਇਆ ਹੈ। ਇਹ ਇਸ ਨੂੰ ਤੇ ਇਸ ਦੀ ਖਟੜਾ ਹੋ ਚੁੱਕੀ ਗੱਡੀ ਨੂੰ ਧੂਣ ਲਈ ਕੋਈ ਨਾ ਕੋਈ ਬਹਾਨਾ ਭਾਲਦੇ ਰਹਿੰਦੇ ਹਨ। ਭੂਤਾਨੰਦ, ਬਹਾਨੇ ਨਾਲ ਪੀਣ ਵਾਲੇ ਸੱਜਣ ਦਾ ਅਸਲੀ ਨਾਂਅ ਨਹੀਂ ਹੈ। ਲੋਕਾਂ ਦਾ ਕਹਿਣਾ ਹੈ ਕਿ ਜਦੋਂ ਉਸ ਦੇ ਅੰਦਰ ਚਾਰ-ਪੰਜ ਲਾਰਜ ਪੈਗ ਚਲੇ ਜਾਂਦੇ ਹਨ ਤਾਂ ਉਸ ਅੰਦਰ ਭੂਤ ਆ ਵੜਦਾ ਹੈ ਤੇ ਉਹ ਖੌਰੂ ਪਾਉਣ ਲੱਗ ਪੈਂਦਾ ਹੈ। ਸਾਡੇ ਸਾਧਾਂ ਤੇ ਨੇਤਾ ਜੀ ਨੂੰ ਜਦੋਂ ਕੋਈ ਬਹਾਨਾ ਲੱਭ ਪੈਂਦਾ ਹੈ ਤਾਂ ਸਮਝੋ ਉਨ੍ਹਾਂ ਦੇ ਲੋਕਤੰਤਰ ਨੂੰ ਆਕਸੀਜਨ ਮਿਲ ਜਾਂਦੀ ਹੈ। ਵਿਅਰਥ ਜਾ ਰਹੀ ਜ਼ਿੰਦਗੀ ਨੂੰ ਗੁਲੂਕੋਜ਼ ਲੱਗ ਜਾਂਦਾ ਹੈ। ਬਹਾਨਾ ਤੇ ਮੁੱਦਾ ਸਕੇ ਕਜ਼ਨ ਹਨ। ਲੋਕਤੰਤਰ ਦੀ ਗੱਡੀ 'ਤੇ ਲੱਦਿਆ ਭਾਰੀ ਵਜ਼ਨ ਹਨ। ਚਾਣਕਿਆ ਦਾ ਕਹਿਣਾ ਹੈ ਕਿ ਮੁੱਦਾ ਹੋਵੇ ਤਦ ਹੀ ਰਾਜਨੀਤੀ ਦੇ ਖਾਣ ਲਈ ਗੁੱਦਾ ਮਿਲਦਾ ਹੈ। ਗੁੱਦਾ ਨੇਤਾ ਜੀ ਲਈ ਅਜਿਹਾ ਚਵਨਪ੍ਰਾਸ਼ ਹੈ ਜੋ ਉਨ੍ਹਾਂ ਦੀ ਬੁੱਢੀ ਹੋ ਰਹੀ ਰਾਜਨੀਤੀ ਵਿਚ ਜਵਾਨੀ ਦੀ ਰੂਹ ਫੂਕਦਾ ਹੈ। ਭ੍ਰਿਸ਼ਟਾਚਾਰ ਅੱਜਕਲ੍ਹ ਅਜਿਹਾ ਜ਼ੋਰਦਾਰ ਮੁੱਦਾ ਹੈ ਜਿਸ ਦਾ ਨਾਂਅ ਸੁਣਦਿਆਂ ਹੀ ਸਾਡੀ ਗਲੀ ਦਾ ਡੱਬੂ ਵੀ ਆਸਮਾਨ ਵੱਲ ਬੂਥਾ ਚੁੱਕ ਕੇ ਭੌਂਕਣ ਲੱਗ ਪੈਂਦਾ ਹੈ। ਸ਼ਿਸ਼ਟਾਚਾਰ ਦੀ ਨੇਕ ਕਮਾਈ ਖਾਂਦਾ ਦਫਤਰੀ ਬਾਬੂ ਵੀ ਹੇਂ-ਹੇਂ ਕਰਦਾ ਕਹਿਣ ਲਗਦਾ ਹੈ, 'ਕੀ ਕਰੀਏ ਬਾਊ ਜੀ, ਭ੍ਰਿਸ਼ਟਾਚਾਰ ਤਾਂ ਉੱਪਰ ਤੋਂ ਹੇਠਾਂ ਤੱਕ ਫੈਲਿਆ ਪਿਆ ਹੈ। ਇਸ ਦੀਆਂ ਜੜ੍ਹਾਂ ਤਾਂ ਪਤਾਲ ਲੋਕ ਤੱਕ ਚਲੀਆਂ ਗਈਆਂ ਹਨ। ਇਹ ਨੀ ਮੁੱਕ ਸਕਦਾ ਹੁਣ। ਅਸੀਂ ਭਾਵੇਂ ਮੁੱਕ ਜਾਈਏ।'

ਬਾਬੂ ਦੀ ਘਰਵਾਲੀ ਆਪਣੇ ਪੁੱਤਰ ਠੋਲੂ ਦੇ ਸਿਰ 'ਤੇ ਤਾਲ ਦਿੰਦੀ ਹੋਈ ਬੇਸੁਰੀ ਆਵਾਜ਼ ਨੂੰ ਸੁਰ ਕਰਦੀ ਗਾਉਂਦੀ ਹੈ:

'ਭ੍ਰਿਸ਼ਟਾਚਾਰ ਦੀ ਜੜ੍ਹ ਹਰੀ ਬਾਲਮਾ, ਭ੍ਰਿਸ਼ਟਾਚਾਰ ਦੀ ਜੜ੍ਹ ਹਰੀ, ਹੱਡੀਆਂ ਹੱਡੀਆਂ ਪਾ ਕੁੱਤਿਆਂ ਨੂੰ, ਪੀ ਲੈ ਗਾੜ੍ਹੀ ਤਰੀ ਬਾਲਮਾ।'

ਅੱਜਕਲ੍ਹ ਭ੍ਰਿਸ਼ਟਾਚਾਰੀ ਹੀ ਭ੍ਰਿਸ਼ਟਾਚਾਰ ਦੇ ਖਿਲਾਫ਼ ਸਭ ਤੋਂ ਵੱਧ ਬੋਲਦਾ ਹੈ, ਆਪਣੇ ਅੰਦਰਲੀ ਜ਼ਹਿਰ ਘੋਲਦਾ ਹੈ ਤੇ ਇਸੇ ਦੇ ਸਿਰ 'ਤੇ ਆਪਣੇ ਪਰ ਤੋਲਦਾ ਹੈ।

ਇਕ ਸਵਾਮੀ ਅੱਜਕਲ੍ਹ ਭ੍ਰਿਸ਼ਟਾਚਾਰ ਦੇ ਖਿਲਾਫ਼ ਤਿੰਙ-ਤਿੰਙ ਕੇ ਪ੍ਰਵਚਨ ਕਰਦੇ ਹਨ। ਉਨ੍ਹਾਂ ਦਾ ਤਾਂ ਸੌਣਾ ਜਾਗਣਾ, ਜਿਊਣ-ਮਰਨ ਆਦਿ ਤੱਕ ਵੀ ਭ੍ਰਿਸ਼ਟਾਚਾਰ ਦੇ ਨਾਲ ਜੁੜਿਆ ਹੋਇਆ ਹੈ। ਉਹ ਆਪਣੇ ਸ਼ਰਧਾਲੂਆਂ ਨੂੰ ਆਖਦੇ ਹਨ:

'ਹਮਨੇ ਅਬ ਅਹਿਦ ਕਰ ਲੀਆ ਹੈ ਕਿ ਇਸ ਮੁਲਕ ਸੇ ਭ੍ਰਿਸ਼ਟਾਚਾਰ ਕੋ ਖਤਮ ਕਰਕੇ ਹੀ ਦਮ ਲੇਂਗੇ। ਵਿਦੇਸ਼ੋਂ ਮੇਂ ਪੜਾ ਹੁਆ ਕਾਲਾ ਧਨ ਅਪਨੇ ਮੁਲਕ ਮੇਂ ਵਾਪਸ ਲਾਨਾ ਹੈ। ਇਸ ਮੁਲਕ ਕੋ ਫਿਰ ਸੇ ਸੋਨੇ ਕੀ ਚਿੜੀਆ ਬਨਾਨਾ ਹੈ। ਸੋਚੋ, ਸੋਚੋ, ਯਦੀ ਸਾਰਾ ਧਨ ਵਾਪਸ ਆ ਜਾਏ ਤੋ ਸਾਰੇ ਗਾਓਂ ਸ਼ਹਿਰ ਬਨ ਜਾਏਂਗੇ, ਸਮਸਤ ਤਾਲਾਬ ਨਹਿਰ ਬਨ ਜਾਏਂਗੇ ਔਰ ਯਦੀ ਐਸਾ ਨਾ ਹੁਆ ਤੋ ਹਮ ਸਰਕਾਰ ਕੇ ਲੀਏ ਕਹਿਰ ਬਨ ਜਾਏਂਗੇ। ਭ੍ਰਿਸ਼ਟਾਚਾਰ ਖਤਮ ਕਰਨੇ ਕੀ ਹਮਨੇ ਠਾਨ ਲੀ ਹੈ, ਇਸੀ ਨੇ ਹਮ ਸਭ ਕੀ ਜਾਨ ਲੀ ਹੈ।' ਸਵਾਮੀ ਜੀ ਨੇ ਜੋਸ਼ 'ਚ ਆ ਕੇ ਮਰਨ ਵਰਤ ਵੀ ਰੱਖ ਦਿੱਤਾ, 'ਹਮ ਆਪਨੀ ਜਾਨ ਦੇ ਦੇਂਗੇ ਪਰ ਭ੍ਰਿਸ਼ਟਾਚਾਰ ਨਹੀਂ ਰਹਿਨੇ ਦੇਂਗੇ।'

ਉਨ੍ਹਾਂ ਦੇ ਨਾਲ ਉਨ੍ਹਾਂ ਦਾ ਸਾਥੀ ਆਚਾਰੀਆ ਵੀ ਅਨਸ਼ਨ 'ਤੇ ਬਹਿ ਗਿਆ। ਦੂਰੋਂ-ਦੂਰੋਂ ਉਨ੍ਹਾਂ ਦੇ ਚੇਲੇ-ਚੇਲੀਆਂ ਵੀ ਟਰੰਕ ਬਿਸਤਰਿਆਂ ਸਮੇਤ, ਭੁੱਖ ਹੜਤਾਲ 'ਤੇ ਆ ਬਿਰਾਜੇ। ਦੱਸਣ ਵਾਲੇ ਦੱਸਦੇ ਹਨ ਕਿ ਸਵਾਮੀ ਦਸ ਵਰ੍ਹੇ ਪਹਿਲਾਂ ਇਕ ਪੁਰਾਣੇ ਲੇਡੀ ਸਾਈਕਲ 'ਤੇ ਪਿੰਡੋਂ ਸ਼ਹਿਰ ਆਏ ਸੀ। ਉਨ੍ਹਾਂ ਦੇ ਪਿੱਛੇ ਆਚਾਰੀਆ ਵੀ ਬਿਰਾਜੇ ਹੋਏ ਸਨ।

ਦੋਵਾਂ ਨੇ ਅਮੀਰ ਬੁੱਢੇ-ਬੁੱਢੀਆਂ ਨੂੰ ਭੋਗ 'ਤੇ ਲੈਕਚਰ ਦੇਣੇ ਸ਼ੁਰੂ ਕੀਤੇ। ਭੀੜ ਜਮ੍ਹਾ ਹੋਣ ਲੱਗੀ ਤਾਂ ਦੋਵਾਂ ਨੇ ਤਾਕਤ-ਚੂਰਨ ਦੀ ਹੱਟੀ ਖੋਲ੍ਹ ਲਈ। ਧਨ ਤੇ ਦਾਨ ਦੇ ਢੇਰ ਲੱਗਣ ਲੱਗੇ। ਸੁਆਮੀ ਜੀ ਨੇ ਭੋਗਵਾਦ ਦੇ ਨਾਂਅ 'ਤੇ ਕਈ ਹੱਟੀਆਂ ਖੋਲ੍ਹ ਲਈਆਂ। ਪੈਸੇ ਦੀ ਧੰਨ-ਧੰਨ ਹੋ ਗਈ। ਲਛਮੀ ਸੁਆਮੀ ਜੀ ਦੇ ਗਿਰਦ ਗੇੜੇ ਕੱਢਣ ਲੱਗ ਪਈ।

'ਸੁਆਮੀ ਅਬ ਪੈਈਸਾ ਤੋ ਹੋ ਗਿਆ। ਸੱਤਾ ਭੀ ਪ੍ਰਾਪਤ ਕਰਨੀ ਹੋਗੀ। ਸੱਤਾ ਕੇ ਬਗੈਰ ਪੈਈਸਾ ਟਿਕਤਾ ਨਹੀਂ ਹੈ। ਪੈਸੇ ਕੇ ਸਾਥ ਸੱਤਾ ਹੋ ਤੋ ਨਸ਼ਾ ਦੋ ਗੁਨਾ ਹੋ ਜਾਤਾ ਹੈ।' ਸਵਾਮੀ ਜੀ ਮਨ ਹੀ ਮਨ ਸੋਚਣ ਲੱਗ ਪਏ ਸਨ। ...ਤੇ ਸਵਾਮੀ ਜੀ ਭ੍ਰਿਸ਼ਟਾਚਾਰ ਦੇ ਮੁੱਦੇ ਦਾ ਗੁੱਦਾ ਕੱਢਣ 'ਚ ਜੁੱਟ ਗਏ। ਵਿਰੋਧੀ ਧਿਰ ਦੀ ਹੱਲਾਸ਼ੇਰੀ ਵੀ ਮਿਲ ਗਈ। ਵਿਰੋਧੀ ਧਿਰ ਕੋਲ ਸਵਾਮੀ ਜੀ ਦਾ ਮੁੱਦਾ ਆ ਗਿਆ। ਦੋਵੇਂ ਇਕ-ਦੂਸਰੇ ਦੀ ਬਾਂਹ ਫੜ ਕੇ ਤੁਰਨ ਲੱਗ ਪਏ। ਸਰਕਾਰ ਨਰਮ ਰਵ੍ਹੇ ਤਾਂ ਉਸ ਦਾ ਭਰਮ ਬਣਿਆ ਰਹਿੰਦਾ ਹੈ। ਭਰਮ ਬਣਿਆ ਰਵ੍ਹੇ ਤਾਂ ਉਸ ਦਾ ਕਰਮ ਲੁਕਿਆ ਰਹਿੰਦਾ ਹੈ। ਸਰਕਾਰ ਦੀ ਭੋਰਾ ਕੁ ਸਖਤੀ ਨਾਲ ਹੀ ਸਵਾਮੀ ਭੱਜ ਤੁਰੇ। ਪਬਲਿਕ ਅਮੋਨੀਆ ਪੀਂਦੀ ਰਹੀ ਤੇ ਸਵਾਮੀ ਜੀ ਜੂਸ ਪੀਂਦੇ ਰਹੇ। ਅਚਾਰੀਆ ਜੀ ਪਤਾ ਨਹੀਂ ਕਿੱਥੇ ਅਲੋਪ ਹੋ ਗਏ। ਪੁੱਛਣ 'ਤੇ ਪਤਾ ਲੱਗਿਆ ਕਿ ਉਹ ਆਪਣਾ ਧਨ ਸਮੇਟਣ ਗਏ ਹੋਏ ਹਨ। ਧਨ ਦੀ ਸਾਂਭ-ਸੰਭਾਲੀ ਪਿੱਛੋਂ ਅਚਾਰੀਆ ਜੀ ਆਣ ਪ੍ਰਗਟ ਹੋਏ।

'ਮੈਂ ਸਵਾਮੀ ਜੀ ਕੇ ਲੀਏ ਜਾਨ ਦੇ ਦੂੰਗਾ। ਹਮਾਰੀ ਧਨ ਸੰਪਤੀ ਕੀ ਰਕਸ਼ਾ ਯੇਹ ਸਰਕਾਰ ਨਹੀਂ ਕਰ ਸਕਤੀ। ਹਮਾਰੇ ਸਾਥ ਧੱਕਾ ਹੁਆ ਹੈ।' ਉਹ ਰੋ-ਰੋ ਕੇ ਕਹਿ ਰਹੇ ਸਨ। ਭ੍ਰਿਸ਼ਟਾਚਾਰ ਰੋਕੂ ਅੰਦੋਲਨ 'ਚ ਭੋਲੀ ਜਨਤਾ ਲਾਠੀਆਂ ਖਾਂਦੀ ਰਹੀ। ਰਹਿ-ਰਹਿ ਕੇ ਪਿਟਦੀ ਰਹੀ। ਵਿਰੋਧੀ ਧਿਰ ਵਾਲੇ ਮਹਾਤਮਾ ਜੀ ਦੀ ਸਮਾਧੀ 'ਤੇ ਬੈਠੇ ਚੀਖ ਰਹੀ ਜਨਤਾ ਦੇ ਦੂਰੋਂ ਦਰਸ਼ਨ ਕਰਦੇ ਰਹੇ। ਉਨ੍ਹਾਂ ਦੀਆਂ ਔਰਤਾਂ ਗੀਤਾ ਦੀ ਧੁਨ 'ਤੇ ਥਿਰਕਦੀਆਂ ਰਹੀਆਂ।

ਜਨਤਾ ਭੁੱਖ ਨਾਲ ਵਿਲ੍ਹਕ ਰਹੀ ਸੀ। ਵਿਰੋਧੀ ਧਿਰ ਵਾਲੇ ਅਨਸ਼ਨ ਤੋਂ ਬਾਅਦ ਮਟਰ ਪਨੀਰ ਦੀ ਸਬਜ਼ੀ ਤੇ ਟਮਾਟਰ ਖੀਰਿਆਂ ਦੀ ਸਲਾਦ ਛਕਦੇ ਰਹੇ। ਸੱਤਾ ਲੱਭਦੇ ਸਵਾਮੀ ਸੱਤਾ ਦੇ ਖਿਲਾਫ਼ ਭੜਾਸ ਕੱਢਦੇ ਰਹੇ। ਬੁੜ੍ਹਕ ਬੁੜ੍ਹਕ ਆਖਦੇ ਰਹੇ, 'ਹਮਨੇ ਅਨਸ਼ਨ ਬੇਸ਼ੱਕ ਤੋੜ ਦੀਆ ਹੈ ਪਰ ਸੱਤਾ ਕੇ ਖਿਲਾਫ਼ ਹਮਾਰੀ ਲੜਾਈ ਜਾਰੀ ਰਹੇਗੀ। ਹਮੇਂ ਔਰ ਹਮਾਰੀ ਜਾਨ ਕੋ ਬੇਸ਼ੱਕ ਬਹੁਤ ਖ਼ਤਰਾ ਹੈ ਪਰ ਹਮ ਮਰਨੇ ਸੇ ਨਹੀਂ ਡਰਤੇ।'

'ਜਾਨ ਨਾ ਰਹੀ ਤੋਂ ਸੰਘਰਸ਼ ਕੈਸੇ ਹੋਗਾ? ਸੱਤਾ ਕੇ ਵਿਰੁੱਧ ਲੜਾਈ ਕੈਸੇ ਹੋਗੀ। ਅਭੀ ਸਵਾਮੀ ਜੀ ਕਾ ਜੀਵਨ ਦੇਸ਼ ਔਰ ਦੇਸ਼ ਕੀ ਜਨਤਾ ਕੋ ਚਾਹੀਏ ਹੀ ਚਾਹੀਏ।' ਆਚਾਰੀਆ ਕਿੱਲ੍ਹ-ਕਿੱਲ੍ਹ ਕੇ ਆਖ ਰਹੇ ਸਨ। ਭ੍ਰਿਸ਼ਟਾਚਾਰ ਦੇ ਬਹਾਨੇ, ਸਵਾਮੀ ਜੀ ਨੂੰ ਸ਼ੋਹਰਤ ਮਿਲ ਗਈ ਹੈ। ਉਨ੍ਹਾਂ ਦੀ ਗਾਹਕੀ ਹੋਰ ਵਧ ਗਈ ਹੈ। ਧਨ ਦੇ ਦਰੱਖਤ ਨੂੰ ਖ਼ੂਬ ਫਲ ਲੱਗਣ ਲੱਗਿਆ ਹੈ। ਵਿਰੋਧੀ ਧਿਰ ਨੂੰ ਟਾਈਮਪਾਸ ਮਿਲ ਗਿਆ ਹੈ। ਪਰ ਵਿਚਾਰੀ ਜਨਤਾ ਨੂੰ ਕੀ ਮਿਲਿਆ? ਜਨਤਾ ਭੁੱਖ ਹੜਤਾਲ ਨਾਲ ਪਿਚਕੇ ਪੇਟ 'ਤੇ ਹੱਥ ਫੇਰ ਫੇਰ ਆਖ ਰਹੀ ਹੈ:-

'ਸਾਡੀ ਕਿਸਮਤ ਵਿਚ ਇਹੋ ਲਿਖਿਆ ਹੈ, ਸਵਾਮੀ ਜੀ ਲਈ ਧਨ ਤੇ ਸਾਡੇ ਲਈ ਭਿੱਖਿਆ ਹੈ... ਔਰ ਇਸ ਜੀਵਨ ਵਿਚ ਕੀ ਰੱਖਿਆ ਹੈ?'

**-ਕੇ. ਐਲ. ਗਰਗ**



# ਸਿਆਪੇ ਦਾ ਸਿਆਪਾ

**ਕਿਹਾ ਜਾਂਦਾ ਹੈ ਕਿ ਸੁਘੜ ਸਿਆਣੀ ਔਰਤ ਹੱਥ ਆਈ ਸੂਈ ਨਾਲ ਏਕੇ ਤੇ ਥਪਾਕ ਦੀ ਮਾਲਾ ਪਰੋ ਕੇ ਘਰ ਨੂੰ ਹਰ ਪੱਖੋਂ ਮਾਲਾਮਾਲ ਕਰ ਦਿੰਦੀ ਹੈ ਪਰ ਜੇ ਇਹੋ ਸੂਈ ਕੁਚੱਜੀ/ਕੁਡਰ ਦੇ ਹੱਥ ਆ ਜਾਵੇ ਤਾਂ ਹੱਸਦੇ-ਵੱਸਦੇ ਘਰਾਂ ਵਿਚ ਉਲੂ ਬੋਲਣ ਡਾਹ ਦਿੰਦੀ ਐ ਤੇ ਭੰਗ ਭੁੱਜਣ ਲਈ ਭੱਠੀ 'ਚ ਝੋਕਾ ਹੀ ਡਾਹੀ ਰੱਖਦੀ ਐ।**

ਇਸ ਦੁਨੀਆ ਵਿਚ ਸ਼ਾਇਦ ਹੀ ਕੋਈ ਹੋਵੇਗਾ ਜਿਸ ਨੂੰ ਸਿੜੀ ਸਿਆਪੇ ਦੇ ਚੱਕਰ (ਯਾਨੀ ਕਰਨ/ਕਰਾਉਣ ਵਿਚ) ਨਾਲ ਦੋ-ਚਾਰ ਨਾ ਹੋਣਾ ਪਿਆ ਹੋਵੇ। ਅੰਦਰੋ-ਅੰਦਰੀ ਰਿੱਝ-ਭੁੱਝ/ਸੜ-ਬਲ ਕੇ ਜਾਂ ਫਿਰ ਦੋਹੱਥੜਾਂ ਮਾਰਦਿਆਂ ਇਨ੍ਹਾਂ ਸਿੜੀ ਸਿਆਪਿਆਂ ਦਾ ਜੂਲਾ ਉਠਾਉਣਾ ਹੀ ਪੈਂਦਾ ਹੈ। ਕੰਮਕਾਜੀ ਔਰਤਾਂ ਵਿਚੋਂ ਬਹੁਤੀਆਂ ਮੂੰਹ ਜ਼ੋਰ ਔਰਤਾਂ ਵੱਲੋਂ ਜਿਨ੍ਹਾਂ ਦੇ ਪਤੀ ਨਿਖੱਟੂ ਤੇ ਕੰਮਚੋਰ ਹੁੰਦੇ ਹਨ, ਦੀ ਸੇਵਾ ਪਾਣੀ ਇਨ੍ਹਾਂ ਬੋਲਾਂ ਨਾਲ ਹੁੰਦੀ ਐ, 'ਪਹਿਲਾਂ ਇਸ ਨਿੱਖਪਣੇ ਦੇ ਨਿਆਣੇ ਜੰਮੇ, ਮੂੰਹ 'ਚ ਚੋਗਾ ਪਾਇਆ, ਇਨ੍ਹਾਂ ਦੀਆਂ ਨਲੀਆਂ ਪੂੰਝੀਆਂ ਤੇ ਹਰ ਦੁੱਖ-ਸੁੱਖ ਜ਼ਰਦਿਆਂ ਇਸ ਪਰਿਵਾਰ ਲਈ ਸੌ ਸਿਆਪੇ ਕੀਤੇ ਪਰ ਇਸ ਚੰਦਰੇ ਨੇ ਸਾਡਾ ਕੀ ਮੁੱਲ ਪਾਇਆ।' ਅਜਿਹੇ ਸਿਆਪੇ ਕਰਾਉਣ ਵਾਲੇ ਪਤੀ ਘੋਗਲ-ਕੰਨੇ ਜਿਹੇ ਹੋ ਕੇ ਆਪਣਾ ਬੁੱਤਾ ਸਾਰੀ ਜਾਂਦੇ ਹਨ। ਇਸ ਮਾਹੌਲ ਦੀਆਂ ਪੀੜਤ ਸੁਸ਼ੀਲ ਬੀਬੀਆਂ ਮਨ ਦਾ ਬੂਹਾ ਢੋਅ ਕੇ ਅੰਦਰੋ-ਅੰਦਰੀ ਇਹ ਕਾਰਵਾਈ ਪਾਉਂਦਿਆਂ ਭਲੇ ਦਿਨਾਂ ਦੀ ਉਡੀਕ ਵਿਚ ਆਪਣੀ ਉਮਰ ਹੀ ਲੰਘਾ ਦਿੰਦੀਆਂ ਹਨ।

ਕਿਹਾ ਜਾਂਦਾ ਹੈ ਕਿ ਸੁਘੜ ਸਿਆਣੀ ਔਰਤ ਹੱਥ ਆਈ ਸੂਈ ਨਾਲ ਏਕੇ ਤੇ ਥਪਾਕ ਦੀ ਮਾਲਾ ਪਰੋ ਕੇ ਘਰ ਨੂੰ ਹਰ ਪੱਖੋਂ ਮਾਲਾਮਾਲ ਕਰ ਦਿੰਦੀ ਹੈ ਪਰ ਜੇ ਇਹੋ ਸੂਈ ਕੁਚੱਜੀ/ਕੁਡਰ ਦੇ ਹੱਥ ਆ ਜਾਵੇ ਤਾਂ ਹੱਸਦੇ-ਵੱਸਦੇ ਘਰਾਂ ਵਿਚ ਉਲੂ ਬੋਲਣ ਡਾਹ ਦਿੰਦੀ ਐ ਤੇ ਭੰਗ ਭੁੱਜਣ ਲਈ ਭੱਠੀ ਵਿਚ ਝੋਕਾ ਹੀ ਡਾਹੀ ਰੱਖਦੀ ਐ। ਘਰ ਦਾ ਕਮਾਊ ਖੱਪ ਤੱਪ ਕੇ ਘਰ ਆਉਂਦਾ ਹੈ ਤਾਂ ਗ੍ਰਹਿਣੀ ਦੀ ਮੰਗ ਲਿਸਟ ਨੂੰ ਵੇਖ ਕੇ ਦੱਬੀ ਜ਼ਬਾਨ ਵਿਚ ਇਸ ਤਰ੍ਹਾਂ ਸਿਆਪਾ ਕਰਦਾ ਹੈ 'ਮੁੰਡੇ ਮਰਗੇ ਕਮਾਈਆਂ ਕਰਦੇ ਲੱਛੀਏ ਅਜੇ ਤੇਰੇ ਬੰਦ ਨਾ ਬਣੇ।' ਕੰਮਚੋਰ ਮੁਲਾਜ਼ਮਾਂ/ਅਧਿਕਾਰੀਆਂ ਕਰਕੇ ਕੰਮ ਨੇਪਰੇ ਨਾ ਚੜ੍ਹਨ ਕਾਰਨ ਲੋਕ ਮੁਲਾਜ਼ਮਾਂ ਦਾ, ਮੰਗਾਂ/ਵਾਅਦੇ ਨਾ ਪੂਰੇ ਹੋਣ ਕਰਕੇ ਮੁਲਾਜ਼ਮ/ਲੋਕ ਸਰਕਾਰਾਂ ਦਾ ਅਤੇ ਹਾਰੀਆਂ ਪਾਰਟੀਆਂ, ਵੋਟਰਾਂ ਦਾ ਸਿਆਪਾ ਕਰਨਾ ਆਮ ਹੀ ਵਰਤਾਰਾ ਹੈ। ਬੇਸ਼ੱਕ ਸਿਆਪਾ ਕਰਨ ਦੇ ਢੰਗ ਵੱਖੋ-ਵੱਖ ਹਨ। ਕੋਈ ਪੁਤਲੇ ਸਾੜਦਾ ਹੈ , ਕੋਈ ਡਾਂਗਾਂ, ਬੰਦੂਕਾਂ ਚਲਾਉਂਦਾ ਹੈ ਤੇ ਕੋਈ ਪੱਥਰ, ਰੋੜੇ ਅਤੇ ਕੋਈ ਪਾਣੀ ਦੀਆਂ ਟੈਂਕੀਆਂ ਨੂੰ ਜਾ ਭਾਗ ਲਾਉਂਦੇ। ਸਿਆਸਤ ਗਜ਼-ਗਜ਼ ਲੰਮੇ ਲੱਛੇਦਾਰ ਪਰ ਫੋਕੇ ਬਿਆਨ 'ਤੇ ਬਿਆਨ ਛੱਡੀ ਜਾ ਰਹੀ ਹੈ ਤੇ ਅਣਹੋਣੀ ਨੂੰ ਹੋਣੀ ਵਿਚ ਤੇ ਹੋਣੀ ਨੂੰ ਅਣਹੋਣੀ ਵਿਚ ਬਦਲਣ ਦੇ ਦਾਅਵੇ ਇੰਜ ਕਰਦੀ ਹੈ ਜੀਕੂੰ ਅਲਾਦੀਨ ਦਾ ਚਿਰਾਗ ਦੀ ਥਾਂ ਕੋਈ ਵੱਡਾ ਲਾਟੂ ਈ ਹੱਥ ਲੱਗ ਗਿਆ ਹੋਵੇ। 'ਕੁਰਸੀ ਯੁੱਧ' ਦੇ ਇਸ ਸਿੜੀ ਸਿਆਪੇ ਵਿਚ ਆਮ ਈ ਇਕ ਦੂਜੇ ਨੂੰ ਇੰਜ ਵੰਗਾਰਿਆ ਜਾਂਦਾ ਐ...

'ਡੱਡੂ ਡੱਡੂ ਡੱਡੂ...'

ਓਏ! ਸਾਡੀ ਸਰਕਾਰ ਆਣ ਲੈਣ ਦੇ, ਪੁੱਤ ਬਣਾ ਕੇ ਛੱਡੂੰ।'

**-ਲਖਵਿੰਦਰ ਰਈਆ**

# ਟੌਫੀਆਂ ਬਨਾਮ ਹਾਜ਼ਮੋਲਾ

ਹੋਰ ਸੁਣੋ !!



ਬੱਸਾਂ ਵਿਚ ਸਫ਼ਰ ਕਰਨ ਵਾਲੀਆਂ ਬਹੁਤੀਆਂ ਸਵਾਰੀਆਂ ਦੇ ਮਨਾਂ ਵਿਚ ਕੰਡਕਟਰਾਂ ਪ੍ਰਤੀ ਇਹੀ ਗਿਲਾ ਰਹਿੰਦਾ ਹੈ ਕਿ ਜਾਂ ਤਾਂ ਇਹ ਟਿਕਟਾਂ ਨੀਂ ਦਿੰਦੇ ਤੇ ਜਾਂ ਫਿਰ ਬਕਾਇਆ ਨਈਂ ਮੋੜਦੇ। ਅਜਿਹੇ ਗਿਲੇ ਦੀ ਮਿਸਾਲ ਨੂੰ ਛੂਹਣ ਵਾਲਾ ਅੱਖੀਂ ਡਿੱਠਾ ਹਾਲ ਇਕ ਦਿਨ ਬੱਸ ਵਿਚ ਸਫਰ ਕਰਦਿਆਂ ਖੁਦ ਵੇਖਣ ਨੂੰ ਮਿਲਿਆ। ਬੱਸ ਪੰਜਾਬ ਰੋਡਵੇਜ਼ ਦੀ ਸੀ ਤੇ ਬੱਸ ਦਾ ਕੰਡਕਟਰ ਇਲੈਕਟ੍ਰਾਨਿਕਸ ਮਸ਼ੀਨ ਨਾਲ ਸਵਾਰੀਆਂ ਦੀ ਭਰੀ ਬੱਸ ਵਿਚ ਟਿਕਟਾਂ ਕੱਟਣ ਲਈ ਰੁੱਝਾ ਹੋਇਆ ਖੁੱਲ੍ਹੇ ਪੈਸੇ ਦੇਣ ਦੀ ਦੁਹਾਈ ਦੇ ਰਿਹਾ ਸੀ। ਜਦੋਂ ਇਕ ਬਜ਼ੁਰਗ ਔਰਤ ਨੇ ਟਿਕਟ ਲੈਣ ਲਈ ਕੰਡਕਟਰ ਨੂੰ ਵੀਹ ਰੁਪਏ ਦਾ ਨੋਟ ਦਿੱਤਾ ਤਾਂ ਕੰਡਕਟਰ ਨੇ ਦੋ ਰੁਪਏ ਦੇ ਬਕਾਏ ਵਜੋਂ ਟਿਕਟਾਂ ਨਾਲ ਦੋ ਟੌਫੀਆਂ ਮਾਈ ਦੇ ਹੱਥ 'ਤੇ ਧਰ ਦਿੱਤੀਆਂ। ਅੱਗੋਂ, ਹੈਰਾਨ ਹੋਈ ਬਜ਼ੁਰਗ ਔਰਤ ਨੇ ਟੌਫੀਆਂ ਵੇਖ ਹੈਰਾਨੀ ਨਾਲ ਕੰਡਕਟਰ ਤੋਂ ਪੁੱਛਿਆ 'ਵੇ ਭਲਾ ਤੁਸੀਂ ਟੌਫੀਆਂ ਵੇਚਣ ਦਾ ਕੰਮ ਵੀ ਕਰਦੇ ਓਂ'? ਬਜ਼ੁਰਗ ਦਾ ਪ੍ਰਸ਼ਨ ਸੁਣ ਕੇ ਲਾਲ ਪੀਲਾ ਹੋਇਆ ਕੰਡਕਟਰ ਟਿਕਟਾਂ ਕੱਟਣ ਲਈ ਅੱਗੇ ਵੱਧਦਾ ਹੋਇਆ ਉਚੀ-ਉਚੀ ਰੌਲਾ ਪਾਉਣ ਲੱਗਾ, 'ਘਰੋਂ ਤੁਰ ਪੈਂਦੀਆਂ ਨੇ ਮੂੰਹ ਚੁੱਕ ਕੇ, ਖੁੱਲ੍ਹੇ ਪੈਸੇ ਕਿਸੇ ਨੇ ਦੇਣੇ ਨਈਂ'! ਕੰਡਕਟਰ ਦੇ ਇਸ ਵਤੀਰੇ ਤੋਂ ਪੂਰੀ ਬੱਸ ਦੀਆਂ ਸਵਾਰੀਆਂ ਵਿਚ ਇਕ ਤਰ੍ਹਾਂ ਨਾਲ ਗੁੱਸਾ ਪਾਇਆ ਜਾ ਰਿਹਾ ਸੀ। ਕੁਝ ਹੋਰ ਸਵਾਰੀਆਂ ਨੂੰ ਟਿਕਟਾਂ ਦੇਣ ਤੋਂ ਬਾਅਦ ਜਦੋਂ ਇਕ ਦੂਰ ਦਾ ਸਫਰ ਕਰ ਰਹੇ ਦੇਖਣ ਨੂੰ ਪੜ੍ਹੇ-ਲਿਖੇ ਲੱਗਦੇ ਵਿਅਕਤੀ ਦੀ ਟਿਕਟ ਕਟਾਉਣ ਦੀ ਵਾਰੀ ਆਈ ਤਾਂ ਉਸ ਨੇ ਖੁੱਲ੍ਹੇ ਪੈਸੇ ਨਾ ਹੋਣ ਕਾਰਨ ਪੰਜਾਹ ਰੁਪਏ ਦੇ ਨੋਟ ਨਾਲ (ਦੋ ਰੁਪਏ ਦੇ ਇਵਜ਼ ਵਜੋਂ) ਕੁਝ ਹਾਜ਼ਮੋਲੇ ਦੀਆਂ ਗੋਲੀਆਂ ਦੇ ਕੇ ਜਦੋਂ ਕੰਡਕਟਰ ਤੋਂ ਟਿਕਟ ਮੰਗੀ ਤਾਂ ਕੰਡਕਟਰ ਇਕ ਤਰ੍ਹਾਂ ਨਾਲ ਜਿਵੇਂ ਪਾਣੀਓਂ ਪਤਲਾ ਜਿਹਾ ਹੋ ਗਿਆ। ਉਸ ਨੇ ਚੁੱਪ ਚੁਪੀਤੇ ਹਾਜ਼ਮੋਲੇ ਦੀਆਂ ਗੋਲੀਆਂ ਲਏ ਬਗੈਰ ਕੇਵਲ ਪੰਜਾਹ ਰੁਪਏ ਵਿਚ 52 ਰੁਪਏ ਦੀ ਟਿਕਟ ਦੇ ਦਿੱਤੀ ਤੇ ਅੱਗੇ ਵੱਧ ਗਿਆ। ਬੱਸ ਵਿਚ ਬੈਠੀਆਂ ਸਵਾਰੀਆਂ 'ਟੌਫੀਆਂ' ਦੀ ਗੱਲ ਤੋਂ ਸ਼ੁਰੂ ਹੋਏ ਗੱਲ ਨੂੰ ਲੈ ਕੇ ਕੰਡਕਟਰ ਦੇ ਚਿਹਰੇ 'ਤੇ ਛਾਈ ਚੁੱਪੀ ਨੂੰ ਵੇਖ ਹੈਰਾਨੀ ਦੇ ਆਲਮ ਵਿਚ ਸਨ।

**-ਲਖਵਿੰਦਰ ਸਿੰਘ**

# ਮੋਦੀ ਜਿੱਤੇ ਤਾਂ ਸ਼ਾਹ ਨੂੰ ਬਣਾਉਣਗੇ ਪ੍ਰਧਾਨ ਮੰਤਰੀ, ਯੋਗੀ ਨੂੰ ਹਟਾ ਦਿੱਤਾ ਜਾਵੇਗਾ ਤੇ ਸਾਰੇ ਵਿਰੋਧੀ ਨੇਤਾ ਜੇਲ੍ਹਾਂ 'ਚ ਸੁੱਟੇ ਜਾਣਗੇ: ਕੇਜਰੀਵਾਲ

## ਕੇਜਰੀਵਾਲ ਤੇ ਭਗਵੰਤ ਮਾਨ ਨੇ ਹਨੂੰਮਾਨ ਮੰਦਰ 'ਚ ਪੂਜਾ ਕੀਤੀ



**ਨਵੀਂ ਦਿੱਲੀ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

39 ਦਿਨਾਂ ਬਾਅਦ ਤਿਹਾੜ ਜੇਲ੍ਹ ਤੋਂ ਜ਼ਮਾਨਤ 'ਤੇ ਬਾਹਰ ਆਏ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਥੇ ਆਮ ਆਦਮੀ ਪਾਰਟੀ ਦਫ਼ਤਰ 'ਚ ਆਪਣਾ ਪਹਿਲਾ ਚੋਣ ਭਾਸ਼ਨ ਦਿੱਤਾ। ਉਨ੍ਹਾਂ ਆਪਣਾ 21 ਮਿੰਟ ਦਾ ਭਾਸ਼ਨ ਹਨੂੰਮਾਨ ਜੀ ਤੋਂ ਸ਼ੁਰੂ ਕੀਤਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਤਾਨਾਸ਼ਾਹੀ, ਭ੍ਰਿਸ਼ਟਾਚਾਰ, ਦੇਸ਼, ਵਿਰੋਧੀ ਗਠਜੋੜ ਅਤੇ ਰੱਬ 'ਤੇ ਸਮਾਪਤ ਹੋਇਆ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਗਲੇ ਸਾਲ 17 ਸਤੰਬਰ ਨੂੰ 75 ਸਾਲ ਦੇ ਹੋ ਜਾਣਗੇ। ਕੀ ਭਾਜਪਾ ਉਨ੍ਹਾਂ ਨੂੰ ਲਾਲ ਕ੍ਰਿਸ਼ਨ ਅਡਵਾਨੀ ਵਾਂਗ ਰਿਟਾਇਰ ਕਰੇਗੀ? ਜੇ ਭਾਜਪਾ ਇਹ ਚੋਣ ਜਿੱਤ ਜਾਂਦੀ ਹੈ ਤਾਂ ਮੋਦੀ ਅਮਿਤ ਸ਼ਾਹ ਨੂੰ ਪ੍ਰਧਾਨ ਮੰਤਰੀ ਬਣਾ ਦੇਣਗੇ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੂੰ ਸਰਕਾਰ ਬਣਨ ਦੇ ਦੋ ਮਹੀਨਿਆਂ ਦੇ ਅੰਦਰ ਹੀ ਅਹੁਦੇ ਤੋਂ ਹਟਾ ਦਿੱਤਾ ਜਾਵੇਗਾ। ਪ੍ਰਧਾਨ ਮੰਤਰੀ ਨੇ ਇਕ ਮਿਸ਼ਨ ਸ਼ੁਰੂ ਕੀਤਾ ਹੈ,'ਇਕ ਦੇਸ਼-ਇਕ ਨੇਤਾ।' ਮੋਦੀ ਦੇਸ਼ ਦੇ ਸਾਰੇ ਨੇਤਾਵਾਂ ਨੂੰ ਖਤਮ ਕਰਨਾ ਚਾਹੁੰਦੇ ਹਨ। ਸਾਰੇ ਵਿਰੋਧੀ ਨੇਤਾਵਾਂ ਨੂੰ ਜੇਲ੍ਹ ਭੇਜਿਆ ਜਾਵੇਗਾ। ਸਾਰੇ ਭਾਜਪਾ ਨੇਤਾਵਾਂ ਨੂੰ ਲਾਂਭੇ ਕਰ ਦਿੱਤਾ ਜਾਵੇਗਾ, ਜੇ ਉਹ ਚੋਣ ਜਿੱਤ ਗਏ ਤਾਂ ਇਹ ਲਿਖ ਲਵੋ ਕਿ ਕੁਝ ਦਿਨਾਂ ਬਾਅਦ ਮਮਤਾ, ਤੇਜਸਵੀ, ਸਟਾਲਿਨ, ਵਿਜਯਨ, ਊਧਵ ਅਤੇ ਸਾਰੇ ਵਿਰੋਧੀ ਨੇਤਾ ਜੇਲ੍ਹ ਵਿੱਚ ਹੋਣਗੇ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਆਪਣੀ ਪਤਨੀ ਸੁਨੀਤਾ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਕਨਾਟ ਪਲੇਸ ਸਥਿਤ ਹਨੂੰਮਾਨ ਮੰਦਰ ਵਿਚ ਪੂਜਾ ਕੀਤੀ। ਤਿਹਾੜ ਜੇਲ੍ਹ ਤੋਂ ਅੰਤਰਿਮ ਜ਼ਮਾਨਤ 'ਤੇ ਰਿਹਾਅ ਹੋਣ ਤੋਂ ਇਕ ਦਿਨ ਬਾਅਦ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਕੇਜਰੀਵਾਲ ਮੱਥਾ ਟੇਕਣ ਲਈ ਮੰਦਰ ਪਹੁੰਚੇ। ਕੇਜਰੀਵਾਲ ਦੇ ਨਾਲ ਦਿੱਲੀ ਦੇ ਸਿਹਤ ਮੰਤਰੀ ਸੌਰਭ ਭਾਰਦਵਾਜ ਸਮੇਤ ਪਾਰਟੀ ਦੇ ਕਈ ਨੇਤਾ ਵੀ ਮੌਜੂਦ ਸਨ।

# ਪੰਜਾਬ ਪੁਲਿਸ ਨੇ ਹਿਮਾਚਲ ਪ੍ਰਦੇਸ਼ ਦੀ ਫਾਰਮਾ ਫੈਕਟਰੀ ਤੋਂ ਚੱਲ ਰਹੇ ਅੰਤਰ-ਰਾਜੀ ਗੈਰ-ਕਾਨੂੰਨੀ ਫਾਰਮਾ ਸਪਲਾਈ ਅਤੇ ਨਿਰਮਾਣ ਨੈਟਵਰਕ ਦਾ ਕੀਤਾ ਪਰਦਾਫਾਸ਼

## ਰੈਕਟ ਦੇ ਮੁੱਖ ਸਰਗਨਾ ਸਮੇਤ 7 ਵਿਅਕਤੀ ਕਾਬੂ; 70.42 ਲੱਖ ਨਸ਼ੀਲੀਆਂ ਗੋਲੀਆਂ, 725 ਕਿਲੋਗ੍ਰਾਮ ਟਰਾਮਾਡੋਲ ਪਾਊਡਰ ਅਤੇ 2.37 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ: ਡੀਜੀਪੀ ਗੌਰਵ ਯਾਦਵ

**ਚੰਡੀਗੜ੍ਹ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਰਮਾ ਓਪੀਓਡਜ਼ ਵਿਰੁੱਧ ਵੱਡੀ ਖੁਫੀਆ ਕਾਰਵਾਈ ਕਰਦਿਆਂ, ਪੰਜਾਬ ਪੁਲਿਸ ਦੀ ਸਪੈਸ਼ਲ ਟਾਸਕ ਫੋਰਸ (ਐਸਟੀਐਫ) ਨੇ ਹਿਮਾਚਲ ਪ੍ਰਦੇਸ਼ ਦੇ ਬੱਦੀ ਸਥਿਤ ਫਾਰਮਾ ਫੈਕਟਰੀ ਤੋਂ ਚੱਲ ਰਹੇ ਸਾਈਕੋਟ੍ਰੋਪਿਕ ਪਦਾਰਥਾਂ ਦੇ ਨਿਰਮਾਣ ਅਤੇ ਸਪਲਾਈ ਯੂਨਿਟਾਂ ਦੇ ਅੰਤਰਰਾਜੀ ਗੈਰ-ਕਾਨੂੰਨੀ ਨੈਟਵਰਕ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦਿੱਤੀ। ਇਹ ਕਾਰਵਾਈ ਸਪੈਸ਼ਲ ਟਾਸਕ ਫੋਰਸ, ਬਾਰਡਰ ਰੇਂਜ, ਅੰਮ੍ਰਿਤਸਰ ਵੱਲੋਂ ਗ੍ਰਿਫ਼ਤਾਰ ਕੀਤੇ ਤਰਨਤਾਰਨ ਦੇ ਪਿੰਡ ਕੋਟ ਮੁਹੰਮਦ ਖਾਂ ਦੇ ਸੁਖਵਿੰਦਰ ਸਿੰਘ ਉਰਫ ਧਾਮੀ ਅਤੇ ਅੰਮ੍ਰਿਤਸਰ ਦੇ ਗੋਵਿੰਦ ਨਗਰ ਦੇ ਜਸਪ੍ਰੀਤ ਸਿੰਘ ਉਰਫ ਜੱਸ ਨਾਮੀ ਦੋ ਨਸ਼ਾ ਤਸਕਰਾਂ ਦੇ ਅਗਲੇ-ਪਿਛਲੇ ਸਬੰਧਾਂ ਦੀ ਤਿੰਨ ਮਹੀਨਿਆਂ ਤੱਕ ਕੀਤੀ ਬਾਰੀਕੀ ਨਾਲ ਜਾਂਚ ਉਪਰੰਤ ਕੀਤੀ ਗਈ ਹੈ। ਦੱਸਣਯੋਗ ਹੈ ਕਿ ਇਹਨਾਂ ਤਸਕਰਾਂ ਨੂੰ ਇਸ ਸਾਲ ਫਰਵਰੀ ਮਹੀਨੇ ਬਿਆਸ ਤੋਂ 4.24 ਲੱਖ ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 1 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ।

ਪੰਜ ਸੂਬਿਆਂ ਵਿੱਚ ਚਲਾਏ ਇਸ ਪੂਰੇ ਆਪ੍ਰੇਸ਼ਨ ਦੌਰਾਨ, ਪੁਲਿਸ ਵੱਲੋਂ ਕੁੱਲ 7 ਨਸ਼ਾ ਤਸਕਰਾਂ/ਸਪਲਾਈਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ 70.42 ਲੱਖ ਨਸ਼ੀਲੀਆਂ ਗੋਲੀਆਂ/ਕੈਪਸੂਲ, 2.37 ਲੱਖ ਰੁਪਏ ਦੀ ਡਰੱਗ ਮਨੀ ਅਤੇ 725.5 ਕਿਲੋ ਨਸ਼ੀਲਾ ਟਰਾਮਾਡੋਲ ਪਾਊਡਰ ਦੀ ਪ੍ਰਭਾਵੀ ਬਰਾਮਦਗੀ ਹੋਈ ਹੈ। ਇਹਨਾਂ ਪੰਜ ਸੂਬਿਆਂ ਵਿੱਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਮਹਾਰਾਸ਼ਟਰ ਸ਼ਾਮਲ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਇਨ੍ਹਾਂ ਦੋ ਨਸ਼ਾ ਤਸਕਰਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਐਸਪੀ ਐਸਟੀਐਫ ਵਿਸ਼ਾਲਜੀਤ ਸਿੰਘ ਅਤੇ ਡੀਐਸਪੀ ਐਸਟੀਐਫ ਵਵਿੰਦਰ ਕੁਮਾਰ ਦੀ ਅਗਵਾਈ ਹੇਠ ਪੁਲੀਸ ਟੀਮਾਂ ਨੇ ਇਸ ਰੈਕੇਟ ਦੇ ਮੁੱਖ ਸਰਗਨਾ ਐਲੇਕਸ ਪਾਲੀਵਾਲ ਨੂੰ ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਵਿੱਚ ਟਰੇਸ ਕਰਕੇ ਗ੍ਰਿਫ਼ਤਾਰ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ ਅਤੇ ਉਸ ਦੇ ਕਬਜ਼ੇ 'ਚੋਂ 9.04 ਲੱਖ ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 1.37 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ।

ਉਨ੍ਹਾਂ ਦੱਸਿਆ ਕਿ ਦੋਸ਼ੀ ਐਲੇਕਸ ਪਾਲੀਵਾਲ ਦੇ ਖੁਲਾਸੇ ਉਪਰੰਤ, ਹਿਮਾਚਲ ਪ੍ਰਦੇਸ਼ ਵਿੱਚ ਕਾਰਵਾਈ ਕਰਦਿਆਂ ਡਰੱਗ ਕੰਟਰੋਲ ਅਫਸਰ ਸੁਖਦੀਪ ਸਿੰਘ ਅਤੇ ਰਮਨੀਕ ਸਿੰਘ ਦੀ ਮੌਜੂਦਗੀ ਵਿੱਚ ਪੁਲਿਸ ਟੀਮਾਂ ਨੇ ਬਾਇਓਜੈਨੇਟਿਕ ਡਰੱਗ ਪ੍ਰਾਈਵੇਟ ਲਿਮਟਿਡ ਦੀ ਜਾਂਚ ਕੀਤੀ ਅਤੇ ਰਿਕਾਰਡ ਜ਼ਬਤ ਕੀਤੇ। ਇਹਨਾਂ ਰਿਕਾਰਡਾਂ ਤੋਂ ਪਤਾ ਲੱਗਾ ਕਿ ਕੰਪਨੀ ਨੇ ਸਿਰਫ਼ ਅੱਠ ਮਹੀਨਿਆਂ ਵਿੱਚ 20 ਕਰੋੜ ਤੋਂ ਵੱਧ ਅਲਪਰਾਜ਼ੋਲਮ ਗੋਲੀਆਂ ਦਾ ਨਿਰਮਾਣ ਕੀਤਾ। ਰਿਕਾਰਡਾਂ ਤੋਂ ਮਹਾਰਾਸ਼ਟਰ ਦੀ ਮੈਸਰਜ਼ ਐਸਟਰ ਫਾਰਮਾ ਨੂੰ ਕੀਤੀ ਜਾਂਦੀ ਸਪਲਾਈ ਦਾ ਵੀ ਪਤਾ ਲੱਗਾ। ਇਸ ਸਬੰਧੀ ਹੋਰ ਜਾਂਚ ਨਾਲ ਬੱਦੀ ਸਥਿਤ ਬਾਇਓਜੈਨੇਟਿਕ ਡਰੱਗ ਪ੍ਰਾਈਵੇਟ ਲਿਮਟਿਡ ਦੀ ਦੂਜੀ ਫਾਰਮਾ



ਨਿਰਮਾਣ ਕੰਪਨੀ ਸਮਾਈਲੈਕਸ ਫਾਰਮਾ ਕੈਮ ਡਰੱਗ ਇੰਡਸਟਰੀਜ਼ ਦਾ ਪਰਦਾਫਾਸ਼ ਹੋਇਆ। ਡੀਜੀਪੀ ਨੇ ਕਿਹਾ ਕਿ ਸਮਾਈਲੈਕਸ ਫਾਰਮਾ ਕੈਮ ਡਰੱਗ ਇੰਡਸਟਰੀਜ਼ ਵਿਰੁੱਧ ਕੀਤੀ ਗਈ ਕਾਰਵਾਈ ਦੌਰਾਨ 47.32 ਨਸ਼ੀਲੇ ਕੈਪਸੂਲ ਅਤੇ 725.5 ਕਿਲੋ ਨਸ਼ੀਲੇ ਟਰਾਮਾਡੋਲ ਪਾਊਡਰ — ਜੋ ਕਿ 1.5 ਕਰੋੜ ਕੈਪਸੂਲ ਬਣਾਉਣ ਲਈ ਕਾਫੀ ਸੀ, ਬਰਾਮਦ ਹੋਇਆ। ਰਿਕਾਰਡ ਤੋਂ ਪਤਾ ਲੱਗਾ ਹੈ ਕਿ ਸਮਾਈਲੈਕਸ ਫਾਰਮਾ ਕੈਮ ਡਰੱਗ ਇੰਡਸਟਰੀਜ਼ ਨੇ ਇਕ ਸਾਲ ਦੇ ਅੰਦਰ 6500 ਕਿਲੋਗ੍ਰਾਮ ਨਸ਼ੀਲਾ ਟਰਾਮਾਡੋਲ ਪਾਊਡਰ ਖਰੀਦਿਆ ਸੀ।

ਉਨ੍ਹਾਂ ਕਿਹਾ ਕਿ ਇਸੇ ਦੌਰਾਨ ਹੀ ਨਸ਼ੀਲੇ ਪਦਾਰਥਾਂ ਦੀ ਟਰਾਂਸਪੋਰਟੇਸ਼ਨ ਅਤੇ ਵੰਡ ਸਬੰਧੀ ਜਾਂਚ ਕਰਦਿਆਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਅੰਤਰਰਾਜੀ ਨੈੱਟਵਰਕ ਦੀ ਜਾਂਚ ਕਰਦਿਆਂ 4 ਹੋਰ ਸਪਲਾਇਰ ਜਿਹਨਾਂ ਦੀ ਪਛਾਣ ਇੰਤਜ਼ਾਰ ਸਲਮਾਨੀ, ਪ੍ਰਿੰਸ ਸਲਮਾਨੀ, ਬਲਜਿੰਦਰ ਸਿੰਘ ਅਤੇ ਸੂਬਾ ਸਿੰਘ ਵਜੋਂ ਹੋਈ ਹੈ, ਨੂੰ ਗ੍ਰਿਫ਼ਤਾਰ ਕੀਤਾ ਗਿਆ। ਪੁਲਿਸ ਟੀਮਾਂ ਨੇ ਚੰਡੀਗੜ੍ਹ ਰੇਲਵੇ ਸਟੇਸ਼ਨ ਨੇੜੇ ਟਰਾਂਸਪੋਰਟੇਸ਼ਨ ਵਾਹਨ ਵਿੱਚੋਂ 9.80 ਲੱਖ ਨਸ਼ੀਲੀਆਂ ਗੋਲੀਆਂ/ਕੈਪਸੂਲ ਦੀ ਖੇਪ ਬਰਾਮਦ ਕੀਤੀ। ਉਨ੍ਹਾਂ ਅੱਗੇ ਕਿਹਾ ਕਿ ਇਸ ਸਬੰਧੀ ਹੋਰ ਪੁੱਛਗਿੱਛ ਜਾਰੀ ਹੈ ਅਤੇ ਹੋਰ ਗ੍ਰਿਫਤਾਰੀਆਂ ਹੋਣ ਦੀ ਉਮੀਦ ਹੈ।

# ਸੁਖਬੀਰ ਸਿੰਘ ਬਾਦਲ ਨੇ ਇਕਬਾਲ ਸਿੰਘ ਝੂੰਦਾ ਦੇ ਹੱਕ ਵਿਚ ਕੀਤੀ ਰੈਲੀ

**ਧੂਰੀ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਲੋਕ ਸਭਾ ਹਲਕਾ ਸੰਗਰੂਰ ਤੋਂ ਸ਼੍ਰੋਮਣੀ ਅਕਾਲੀ ਦਲ(ਬ) ਦੇ ਉਮੀਦਵਾਰ ਇਕਬਾਲ ਸਿੰਘ ਝੂੰਦਾ ਦੇ ਹੱਕ 'ਚ ਰੱਖੀ ਗਈ ਇਕ ਰੈਲੀ ਨੂੰ ਸੰਬੋਧਨ ਕਰਨ ਲਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਧੂਰੀ ਵਿਖੇ ਪੁੱਜੇ। ਇਸ ਦੌਰਾਨ ਆਪਣੇ ਸੰਬੋਧਨ 'ਚ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਧੂਰੀ ਮੁੱਖ ਮੰਤਰੀ ਭਗਵੰਤ ਮਾਨ ਦਾ ਆਪਣਾ ਹਲਕਾ ਹੈ, ਪ੍ਰੰਤੂ ਉਹ ਕਰੀਬ ਢਾਈ ਸਾਲ 'ਚ ਮਹਿਜ 2 ਜਾਂ 3 ਬਾਰ ਹੀ ਆਪਣੇ ਹਲਕਾ ਧੂਰੀ ਦੇ ਵਿਚ ਆਏ ਹਨ ਅਤੇ ਨਾ ਹੀ ਉਹ ਧੂਰੀ ਹਲਕੇ ਦੇ ਵਿਕਾਸ ਲਈ ਗ੍ਰਾਂਟਾਂ ਜਾਰੀ ਕਰ ਸਕੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਬਨਣਾ ਸੌਖਾ ਹੈ, ਪ੍ਰੰਤੂ ਇਹ ਜਿੰਮੇਵਾਰੀ



ਨਿਭਾਉਣੀ ਔਖੀ ਹੈ। ਉਨ੍ਹਾਂ ਕਿਹਾ ਕਿ ਸ੍ਰ.ਪ੍ਰਕਾਸ਼ ਸਿੰਘ ਬਾਦਲ 22 ਸਾਲ ਲੰਬੀ ਹਲਕੇ ਦੇ ਵਿਧਾਇਕ ਰਹੇ ਹਨ ਅਤੇ ਮੁੱਖ ਮੰਤਰੀ ਹੁੰਦਿਆਂ ਉਨ੍ਹਾਂ ਵੱਲੋਂ ਹਰ ਮਹੀਨੇ 'ਚ ਤਿੰਨ ਦਿਨ ਆਪਣੇ ਹਲਕੇ ਦੇ ਵਿਚ ਸੰਗਤ ਦਰਸ਼ਨ ਕਰਕੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਜਾਂਦੀਆਂ ਸਨ। ਉਨ੍ਹਾਂ ਕਿਹਾ ਕਿ ਜਦੋਂ-ਜਦੋਂ ਵੀ ਅਕਾਲੀ ਦਲ ਦੀ ਸਰਕਾਰ ਬਣੀ ਹੈ, ਲੋਕਾਂ ਨੂੰ ਲੱਗਦਾ ਹੈ ਕਿ ਆਪਣੀ ਹੀ ਸਰਕਾਰ ਹੈ ਅਤੇ ਜਦੋਂ ਹੋਰਨਾਂ ਪਾਰਟੀਆਂ ਦੀ ਸਰਕਾਰ ਬਣਦੀ ਹੈ ਤਾਂ ਲੋਕਾਂ ਨੂੰ ਲੱਗਦਾ ਹੈ ਕਿ ਅੰਗਰੇਜਾਂ ਦੀ ਸਰਕਾਰ ਬਣੀ ਹੈ। ਉਨ੍ਹਾਂ ਮੁੱਖ ਮੰਤਰੀ 'ਤੇ ਤੰਜ ਕੱਸਦਿਆਂ ਕਿਹਾ ਕਿ ਧੂਰੀ ਵਾਲਿਆਂ ਕੋਲ ਇਕ ਮੁੱਖ ਮੰਤਰੀ ਨਹੀਂ, ਸਗੋਂ ਚਾਰ ਮੁੱਖ ਮੰਤਰੀ ਹਨ, ਇਕ ਮੁੱਖ ਮੰਤਰੀ ਖੁਦ ਭਗਵੰਤ ਮਾਨ, ਦੂਜੇ ਉਨ੍ਹਾਂ ਦੇ ਧਰਮ ਪਤਨੀ, ਤੀਜੀ ਮਾਨ ਸਾਬ ਦੇ ਮਾਤਾ ਜੀ ਅਤੇ ਚੌਥੀ ਉਨ੍ਹਾਂ ਦੀ ਭੈਣ।

# ਪਟਿਆਲਾ 'ਚ ਲੱਗੀ ਕੌਮੀ ਲੋਕ ਅਦਾਲਤ 'ਚ 13481 ਕੇਸਾਂ ਦਾ ਹੋਇਆ ਨਿਪਟਾਰਾ

## ਪਟਿਆਲਾ ਜ਼ਿਲ੍ਹੇ 'ਚ ਸਥਾਪਤ 32 ਬੈਂਚਾਂ ਨੇ ਕੀਤੇ 61,41,90,692/- ਰੁਪਏ ਦੇ ਅਵਾਰਡ ਪਾਸ




**ਪਟਿਆਲਾ, 12 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ -ਕਮ-ਚੇਅਰਪਰਸਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਮੈਡਮ ਰੁਪਿੰਦਰਜੀਤ ਚਾਹਲ ਦੀ ਨਿਗਰਾਨੀ ਹੇਠ ਹਰ ਕਿਸਮ ਦੇ ਕੇਸਾਂ (ਨਾਨ ਕੰਪਾਊਂਡੇਬਲ ਕ੍ਰਿਮੀਨਲ ਕੇਸਾਂ ਨੂੰ ਛੱਡ ਕੇ) ਸਬੰਧੀ ਕੌਮੀ ਲੋਕ ਅਦਾਲਤ ਜ਼ਿਲ੍ਹਾ ਪਟਿਆਲਾ ਵਿਖੇ ਲਗਾਈ ਗਈ। ਇਸ ਮੌਕੇ 'ਤੇ ਜ਼ਿਲ੍ਹਾ ਪਟਿਆਲਾ ਵਿੱਚ 32 ਬੈਂਚਾਂ (ਪਟਿਆਲਾ ਵਿੱਚ 18, ਰਾਜਪੁਰਾ ਵਿੱਚ 05, ਨਾਭਾ ਵਿੱਚ 03 ਅਤੇ ਸਮਾਣਾ ਵਿੱਚ 04) ਦਾ ਗਠਨ ਕੀਤਾ ਗਿਆ। ਇੰਤਕਾਲ ਅਤੇ ਵੰਡ ਆਦਿ ਨਾਲ ਸਬੰਧਤ ਵੱਧ ਤੋਂ ਵੱਧ ਕੇਸਾਂ ਦੇ ਨਿਪਟਾਰੇ ਲਈ ਜ਼ਿਲ੍ਹਾ ਪਟਿਆਲਾ ਦੀ ਮਾਲ ਅਦਾਲਤ ਵਿੱਚ ਵੀ ਇੱਕ ਬੈਂਚ ਦਾ ਗਠਨ ਕੀਤਾ ਗਿਆ ਸੀ। ਇਸ ਤੋਂ ਇਲਾਵਾ ਵਿਆਹੁਤਾ ਝਗੜਿਆਂ ਦੇ ਕੇਸ ਦਰਜ ਹੋਣ ਤੋਂ ਪਹਿਲਾਂ ਆਪਸੀ ਸਮਝੌਤੇ ਰਾਹੀਂ ਕੇਸਾਂ ਦਾ ਨਿਪਟਾਰਾ ਕਰਨ ਲਈ ਵੂਮੈਨ ਸੈੱਲ, ਪਟਿਆਲਾ ਵਿਖੇ ਇਕ ਬੈਂਚ ਦਾ ਗਠਨ ਵੀ ਕੀਤਾ ਗਿਆ।

ਇਸ ਨੈਸ਼ਨਲ ਲੋਕ ਅਦਾਲਤ ਦੌਰਾਨ ਵੱਖ-ਵੱਖ ਸ਼੍ਰੇਣੀਆਂ ਅਧੀਨ 28401 ਕੇਸਾਂ ਦੀ ਸੁਣਵਾਈ ਕੀਤੀ ਗਈ ਅਤੇ ਕੁੱਲ 13481 ਕੇਸਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕੀਤਾ ਗਿਆ ਅਤੇ 61,41,90,692/- ਰੁਪਏ ਦੇ ਅਵਾਰਡ ਪਾਸ ਕੀਤੇ ਗਏ।

ਇਸ ਕੌਮੀ ਲੋਕ ਅਦਾਲਤ ਦੌਰਾਨ ਮੈਡਮ ਰੁਪਿੰਦਰਜੀਤ ਚਾਹਲ, ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ- ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਨੇ ਮੈਡਮ ਮਾਨੀ ਅਰੋੜਾ, ਸੀ.ਜੇ.ਐਮ/ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਦੇ ਨਾਲ ਇਸ ਨੈਸ਼ਨਲ ਲੋਕ ਅਦਾਲਤ ਦੇ ਬੈਂਚਾਂ ਦਾ ਦੌਰਾ ਕੀਤਾ ਅਤੇ ਧਿਰਾਂ ਨੂੰ ਆਪੋ-ਆਪਣੇ ਝਗੜਿਆਂ ਦਾ ਨਿਪਟਾਰਾ ਆਪਸੀ ਸਹਿਮਤੀ ਨਾਲ ਕਰਨ ਲਈ ਪ੍ਰੇਰਿਤ ਕੀਤਾ ਗਿਆ।

## ਬੀ.ਜੇ.ਪੀ. ਵੱਲੋਂ ਗੇਜਾ ਰਾਮ ਵਾਲਮੀਕਿ ਨੂੰ ਲੋਕ ਸਭਾ ਦੀ ਟਿਕਟ ਦੇਣ ਤੇ ਵਾਲਮੀਕਿ ਅਤੇ ਮਜ਼੍ਹਬੀ ਭਾਈਚਾਰੇ 'ਚ ਖੁਸ਼ੀ



**ਮਾਛੀਵਾੜਾ ਸਾਹਿਬ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਆਗਾਮੀ ਲੋਕ ਸਭਾ ਚੋਣਾਂ ਲਈ ਭਾਜਪਾ ਵੱਲੋਂ ਲੋਕ ਸਭਾ ਹਲਕਾ ਸ਼੍ਰੀ ਫਤਿਹਗੜ੍ਹ ਸਾਹਿਬ ਤੋਂ ਗੇਜਾ ਰਾਮ ਵਾਲਮੀਕਿ ਨੂੰ ਉਮੀਦਵਾਰ ਬਣਾਇਆ ਗਿਆ। ਜਿਸ ਦੀ ਖੁਸ਼ੀ ਵਿੱਚ ਅੱਜ ਵਾਲਮੀਕਿਨ ਭਾਈਚਾਰੇ ਨੇ ਭਾਵਾਧਸ ਸੰਸਥਾ ਵੱਲੋਂ ਭਗਵਾਨ ਵਾਲਮੀਕਿ ਜੀ ਮੰਦਿਰ ਵਿੱਚ ਲੱਡੂ ਵੰਡੇ ਗਏ। ਇਸ ਮੌਕੇ ਭਾਵਾਧਸ ਦੇ ਤਹਿਸੀਲ ਪ੍ਰਧਾਨ ਸ਼ੰਕਰ ਕਲਿਆਣ, ਸਬ ਤਹਿਸੀਲ ਪ੍ਰਧਾਨ ਲਾਲ ਚੰਦ ਪਾਮੇ ਅਤੇ ਸ਼ਾਖਾਂ ਪ੍ਰਧਾਨ ਮਿੰਕੂ ਹੰਸ ਨੇ ਕਿਹਾ ਕਿ ਅੱਜ ਗੇਜਾ ਰਾਮ ਵਾਲਮੀਕਿ ਨੂੰ ਟਿਕਟ ਮਿਲਣ ਨਾਲ ਸਾਡੇ ਪੂਰੇ ਵਾਲਮੀਕਿ ਸਮਾਜ ਅਤੇ ਮਜ਼੍ਹਬੀ ਸਮਾਜ ਵਿੱਚ ਖੁਸ਼ੀ ਦੀ ਲਹਿਰ ਹੈ।

ਉਨ੍ਹਾਂ ਕਿਹਾ ਕਿ ਅਸੀਂ ਪਾਰਟੀ ਬਾਜੀ ਤੋਂ ਉੱਪਰ ਉੱਠ ਕੇ ਇਸ ਉਮੀਦਵਾਰ ਦਾ ਅਪਣੀ ਸੰਸਥਾ ਭਾਰਤੀਯ ਵਾਲਮੀਕਿ ਧਰਮ ਸਮਾਜ (ਰਜਿ) ਭਾਵਾਧਸ ਭਾਰਤ ਸ਼ਾਖਾਂ ਮਾਛੀਵਾੜਾ ਸਾਹਿਬ, ਸ਼ਾਖਾਂ ਸਮਰਾਲਾ ਅਤੇ ਪੂਰੇ ਹਲਕਾ ਸਮਰਾਲਾ ਦੇ ਭਾਵਾਧਸ ਯੂਨਿਟਾਂ ਵੱਲੋਂ ਪੂਰਨ ਸਮਰਥਨ ਕਰਦੇ ਹਾਂ।

# ਬਾਪੂ ਬਲਕੌਰ ਸਿੰਘ ਤੇ ਮਾਂ ਚਰਨ ਕੌਰ ਛੋਟੇ ਸਿੱਧੂ ਨਾਲ ਪਹੁੰਚੇ ਸ੍ਰੀ ਦਰਬਾਰ ਸਾਹਿਬ, ਟੇਕਿਆ ਮੱਥਾ



**ਅੰਮ੍ਰਿਤਸਰ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਤੇ ਮਾਤਾ ਚਰਨ ਕੌਰ ਆਪਣੇ ਨਿੱਕੇ ਪੁੱਤਰ ਸ਼ੁਭਦੀਪ ਸਿੰਘ ਸਿੱਧੂ ਨਾਲ ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹੁੰਚੇ, ਜਿੱਥੇ ਉਨ੍ਹਾਂ ਨੇ ਗੁਰੂ ਘਰ ਮੱਥਾ ਟੇਕਿਆ।

ਮਾਤਾ ਚਰਨ ਕੌਰ ਆਪਣੇ ਪੁੱਤਰ ਸ਼ੁਭਦੀਪ ਨੂੰ ਲੈ ਕੇ ਪਹਿਲੀ ਵਾਰ ਦਰਬਾਰ ਸਾਹਿਬ ਨਤਮਸਤਕ ਹੋਏ। ਹਾਲਾਂਕਿ ਇਸ ਦੌਰਾਨ ਉਨ੍ਹਾਂ ਨੇ ਆਪਣੇ ਨੰਨ੍ਹੇ ਪੁੱਤ ਨੂੰ ਮੀਡੀਆ ਤੋਂ ਦੂਰ ਰੱਖਿਆ, ਕਿਸੇ ਨੂੰ ਵੀ ਉਸ ਦਾ ਚਿਹਰਾ ਨਹੀਂ ਦਿਖਾਇਆ।

ਦੱਸ ਦਈਏ ਕਿ ਬਲਕੌਰ ਸਿੰਘ ਨੇ ਪੰਜਾਬ ਦੇ ਮਸ਼ਹੂਰ ਸ਼ਾਇਰ, ਕਵੀ, ਲੇਖਕ ਤੇ ਗੀਤਕਾਰ ਸੁਰਜੀਤ ਪਾਤਰ ਦੀ ਮੌਤ 'ਤੇ ਡੂੰਘਾ ਦੁੱਖ ਜਤਾਇਆ।

ਉਨ੍ਹਾਂ ਕਿਹਾ ਕਿ ਸੁਰਜੀਤ ਪਾਤਰ ਦਾ ਦੁਨੀਆ ਤੋਂ ਜਾਣਾ ਬਹੁਤ ਵੱਡਾ ਘਾਟਾ ਹੈ, ਜਿਸ ਨੂੰ ਕਦੇ ਨਹੀਂ ਪੂਰਾ ਕੀਤਾ ਜਾ ਸਕਦਾ।

ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਮੈਂ ਗੁਰੂ ਘਰ ਆਪਣੇ ਪਰਿਵਾਰ ਨਾਲ ਅਰਦਾਸ ਕਰਨ ਆਇਆ ਕਿ ਮੇਰੇ ਵੱਡੇ ਪੁੱਤ ਸਿੱਧੂ ਮੂਸੇਵਾਲਾ ਨੂੰ ਇਨਸਾਫ ਮਿਲੇ। ਜ਼ਿੰਦਗੀ ਗੁਰੂ ਘਰ ਤੋਂ ਸ਼ੁਰੂ ਹੁੰਦੀ ਹੈ ਤਾਂ ਮੈਂ ਸੋਚਿਆ ਕਿ ਮੈਂ ਗੁਰੂ ਘਰ ਜਾ ਉਨ੍ਹਾਂ ਦਾ ਆਸ਼ੀਰਵਾਦ ਲਵਾਂ।

## ਦਿੱਲੀ 'ਚ ਤੂਫਾਨ ਕਾਰਨ 2 ਮੌਤਾਂ ਤੇ 23 ਜ਼ਖ਼ਮੀ, ਦਰੱਖਤ ਤੇ ਖੰਭੇ ਡਿੱਗੇ, ਬਿਜਲੀ ਸਪਲਾਈ ਠੱਪ



**ਨਵੀਂ ਦਿੱਲੀ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਮੀ ਰਾਜਧਾਨੀ 'ਚ ਸ਼ੁੱਕਰਵਾਰ ਰਾਤ ਨੂੰ ਆਏ ਭਿਆਨਕ ਤੂਫਾਨ ਨਾਲ ਸਬੰਧਤ ਘਟਨਾਵਾਂ 'ਚ ਘੱਟੋ-ਘੱਟ ਦੋ ਵਿਅਕਤੀਆਂ ਦੀ ਮੌਤ ਹੋ ਗਈ ਅਤੇ 23 ਜ਼ਖ਼ਮੀ ਹੋ ਗਏ।

ਤੇਜ਼ ਹਵਾਵਾਂ ਕਾਰਨ ਦਿੱਲੀ 'ਚ ਦਰੱਖਤ, ਬਿਜਲੀ ਦੇ ਖੰਭੇ ਉੱਖੜ ਗਏ ਅਤੇ ਕਈ ਥਾਵਾਂ 'ਤੇ ਕੰਧਾਂ ਦੇ ਕੁਝ ਹਿੱਸੇ ਡਿੱਗ ਗਏ।

ਰਾਸ਼ਟਰੀ ਰਾਜਧਾਨੀ 'ਚ ਸ਼ੁੱਕਰਵਾਰ ਦੇਰ ਰਾਤ ਧੂੜ ਭਰੀ ਹਨੇਰੀ ਕਾਰਨ ਕਈ ਇਲਾਕਿਆਂ 'ਚ ਬਿਜਲੀ ਸਪਲਾਈ ਠੱਪ ਹੋ ਗਈ। ਖ਼ਰਾਬ ਮੌਸਮ ਕਾਰਨ ਦੇਰ ਸ਼ਾਮ ਦਿੱਲੀ ਹਵਾਈ ਅੱਡੇ 'ਤੇ ਨੌਂ ਉਡਾਨਾਂ ਨੂੰ ਹੋਰ ਪਾਸੇ ਭੇਜਣਾ ਪਿਆ।

## ਵਾਈਸ-ਚਾਂਸਲਰ ਵਲੋਂ ਪੰਜਾਬੀ ਯੂਨੀਵਰਸਿਟੀ ਦੇ ਅਲੂਮਨੀ ਪਦਮਸ਼੍ਰੀ ਸੁਰਜੀਤ ਪਾਤਰ ਦੇ ਦੇਹਾਂਤ ਤੇ ਦੁੱਖ ਦਾ ਪ੍ਰਗਟਾਵਾ

**ਪਟਿਆਲਾ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸ੍ਰੀ. ਕੇ. ਕੇ. ਯਾਦਵ, ਆਈ. ਏ. ਐੱਸ. ਨੇ ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਅਤੇ ਪੰਜਾਬੀ ਦੇ ਸਿਰਮੌਰ ਸ਼ਾਇਰ ਪਦਮਸ਼੍ਰੀ ਸੁਰਜੀਤ ਪਾਤਰ ਦੇ ਦੇਹਾਂਤ ਉੱਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ।

ਸ੍ਰੀ. ਯਾਦਵ ਨੇ ਕਿਹਾ ਕਿ ਸ੍ਰੀ ਪਾਤਰ ਦੇ ਤੁਰ ਜਾਣ ਨਾਲ ਪੰਜਾਬੀ ਅਦਬ ਨੂੰ ਪਿਆ ਘਾਟਾ ਕਿਸੇ ਵੀ ਤਰ੍ਹਾਂ ਪੂਰਿਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਨੂੰ ਆਪਣੇ ਇਸ ਹੋਣਹਾਰ ਵਿਦਿਆਰਥੀ ਉੱਤੇ ਹਮੇਸ਼ਾ ਮਾਣ ਰਹੇਗਾ।

ਜ਼ਿਕਰਯੋਗ ਹੈ ਕਿ ਸੁਰਜੀਤ ਪਾਤਰ ਪੰਜਾਬੀ ਯੂਨੀਵਰਸਿਟੀ ਨਾਲ ਆਪਣੇ ਵਿਦਿਆਰਥੀ ਵਜੋਂ ਰਿਸ਼ਤੇ ਉੱਤੇ ਹਮੇਸ਼ਾ ਮਾਣ ਕਰਦੇ ਰਹੇ ਹਨ। ਯੂਨੀਵਰਸਿਟੀ ਉਨ੍ਹਾਂ ਨੂੰ ਜਦੋਂ ਵੀ ਸੱਦਾ ਦਿੰਦੀ ਤਾਂ ਉਹ ਹਮੇਸ਼ਾ ਚਾਅ ਨਾਲ ਆਉਂਦੇ ਸਨ ਅਤੇ ਆਪਣੀਆਂ ਮੁੱਲਵਾਨ ਗੱਲਾਂ ਨਾਲ ਨਿਵਾਜਦੇ ਸਨ। ਹਾਲ ਹੀ ਵਿੱਚ ਹੋਈ ਸਾਬਕਾ ਵਿਦਿਆਰਥੀਆਂ ਦੀ ਮਿਲਣੀ ਮੌਕੇ ਵੀ ਆਪਣੇ ਭਾਸ਼ਣ ਦੌਰਾਨ ਉਨ੍ਹਾਂ ਵਿਦਿਆਰਥੀ ਜੀਵਨ ਦੀਆਂ ਯਾਦਾਂ ਸਾਂਝੀਆਂ ਕਰਦਿਆਂ ਕਿਹਾ ਸੀ ਕਿ ਉਹ ਆਪਣੀ ਜ਼ਿੰਦਗੀ ਵਿੱਚ ਇਸ ਗੱਲ ਉੱਤੇ ਹਮੇਸ਼ਾ ਮਾਣ ਕਰਦੇ ਹਨ ਕਿ ਉਨ੍ਹਾਂ ਪੜ੍ਹਨ ਲਈ ਪੰਜਾਬੀ ਯੂਨੀਵਰਸਿਟੀ ਨੂੰ ਚੁਣਿਆ ਸੀ।

# ਕੁਵੈਤ 'ਚ ਸਿਆਸੀ ਭੂਚਾਲ: ਅਮੀਰ ਅਲ-ਸਬਾਹ ਨੇ ਚੋਣਾਂ ਤੋਂ ਕੁਝ ਹ.ਫਤੇ ਬਾਅਦ ਹੀ ਦੇਸ਼ ਦੀ ਸੰਸਦ ਕੀਤੀ ਭੰਗ

**ਦੁਬਈ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕੁਵੈਤ ਵਿੱਚ ਸਿਆਸੀ ਭੂਚਾਲ ਕਾਰਨ ਅਮੀਰ ਅਤੇ ਪ੍ਰਧਾਨ ਮੰਤਰੀ ਅਲ-ਸਬਾਹ ਨੇ ਘੋਸ਼ਣਾ ਕੀਤੀ ਕਿ ਉਨ੍ਹਾਂ ਨੇ ਕੱਟੜਪੰਥੀ ਇਸਲਾਮਵਾਦ ਦੇ ਵਧਦੇ ਪ੍ਰਭਾਵ ਕਾਰਨ ਲੋਕਤੰਤਰ ਨੂੰ ਬਚਾਉਣ ਲਈ ਸੰਸਦ ਨੂੰ ਭੰਗ ਕਰ ਦਿੱਤਾ ਹੈ ਅਤੇ ਸੰਵਿਧਾਨ ਦੇ ਕੁਝ ਹਿੱਸਿਆਂ ਨੂੰ 4 ਸਾਲਾਂ ਲਈ ਮੁਅੱਤਲ ਕਰ ਦਿੱਤਾ ਹੈ। ਖਾੜੀ ਦੇਸ਼ ਵਿੱਚ ਚੋਣਾਂ ਤੋਂ ਕੁਝ ਹਫ਼ਤੇ ਬਾਅਦ, ਸਰਕਾਰੀ ਮੀਡੀਆ ਨੇ ਰਿਪੋਰਟ ਦਿੱਤੀ ਕਿ ਕੁਵੈਤ ਦੇ ਅਮੀਰ ਨੇ ਸੰਸਦ ਨੂੰ ਭੰਗ ਕਰ ਦਿੱਤਾ ਹੈ ਅਤੇ ਇਸ ਦੀਆਂ ਕੁਝ ਡਿਊਟੀਆਂ ਸੰਭਾਲ ਲਈਆਂ ਹਨ। ਉਨ੍ਹਾਂ ਨੇ ਸ਼ੁੱਕਰਵਾਰ ਨੂੰ ਸਰਕਾਰੀ ਟੈਲੀਵਿਜ਼ਨ 'ਤੇ



ਪ੍ਰਸਾਰਿਤ ਇੱਕ ਸੰਬੋਧਨ ਵਿੱਚ ਕਿਹਾ, ਅਮੀਰ ਸ਼ੇਖ ਮਿਸ਼ਾਲ ਅਲ-ਅਹਿਮਦ ਅਲ-ਸਬਾਹ ਅਤੇ ਸ਼ਾਹੀ ਤੌਰ 'ਤੇ ਨਿਯੁਕਤ ਕੀਤਾ ਗਿਆ ਕੈਬਨਿਟ 50 ਮੈਂਬਰੀ ਨੈਸ਼ਨਲ ਅਸੈਂਬਲੀ ਦੀਆਂ ਕੁਝ ਸ਼ਕਤੀਆਂ ਨੂੰ ਗ੍ਰਹਿਣ ਕਰੇਗਾ।

ਉਸਨੇ ਬਿਨਾਂ ਵਿਸਤ੍ਰਿਤ ਕੀਤੇ ਦੱਸਿਆ ਕਿ ਸੰਵਿਧਾਨ ਦੇ ਕੁਝ ਅਣ-ਨਿਰਧਾਰਤ ਲੇਖਾਂ ਨੂੰ ÷ਚਾਰ ਸਾਲ ਤੋਂ ਵੱਧ ਨਾ ਹੋਣ ਦੀ ਮਿਆਦ÷ ਲਈ ਮੁਅੱਤਲ ਕਰ ਦਿੱਤਾ। 83 ਸਾਲਾ ਸ਼ਾਸਕ ਨੇ ਕਿਹਾ, ਪਿਛਲੇ ਸਾਲਾਂ ਵਿੱਚ ਕੁਵੈਤ ਦੁਆਰਾ ਅਨੁਭਵ ਕੀਤੇ ਗਏ ਮਾਹੌਲ ਨੇ ਭ੍ਰਿਸ਼ਟਾਚਾਰ ਨੂੰ ਰਾਜ ਦੇ ਜ਼ਿਆਦਾਤਰ ਹਿੱਸੇ ਤੱਕ ਪਹੁੰਚਣ ਲਈ ਉਤਸ਼ਾਹਿਤ ਕੀਤਾ ਹੈ ਅਤੇ ਬਦਕਿਸਮਤੀ ਨਾਲ ਇਹ ਸੁਰੱਖਿਆ ਅਤੇ ਆਰਥਿਕ ਸੰਸਥਾਵਾਂ ਤੱਕ ਵੀ ਪਹੁੰਚ ਗਿਆ ਹੈ। ਇਸ ਦੇ ਨਾਲ ਹੀ ਉਸ ਨੇ ਕਿਹਾ ਅਸੀਂ ਮੁਸ਼ਕਲਾਂ ਅਤੇ ਰੁਕਾਵਟਾਂ ਦਾ ਸਾਹਮਣਾ ਕੀਤਾ ਹੈ ਜਿਨ੍ਹਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

# ਭ੍ਰਿਸ਼ਟਾਚਾਰ ਵਿਰੋਧੀ ਫਰੰਟ ਦੀ ਮਾਸਿਕ ਮੀਟਿੰਗ ਦੌਰਾਨ ਸਮਾਜ ਵਿੱਚ ਫੈਲੇ ਸਿਆਸੀ ਭ੍ਰਿਸ਼ਟਾਚਾਰ ਸਬੰਧੀ ਹੋਈ ਚਰਚਾ



ਭ੍ਰਿਸ਼ਟਾਚਾਰ ਵਿਰੋਧੀ ਫਰੰਟ ਸਮਰਾਲਾ ਦੀ ਮਾਸਿਕ ਮੀਟਿੰਗ ਵਿੱਚ ਹਾਜਰ ਅਹੁਦੇਦਾਰ ਅਤੇ ਵਰਕਰ।

**ਸਮਰਾਲਾ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭ੍ਰਿਸ਼ਟਾਚਾਰ ਵਿਰੋਧੀ ਫਰੰਟ (ਰਜਿ:) ਸਮਰਾਲਾ ਦੀ ਮਹੀਨਾਵਾਰ ਮੀਟਿੰਗ ਫਰੰਟ ਦੇ ਸਰਪ੍ਰਸਤ ਕਮਾਂਡੈਂਟ ਰਸ਼ਪਾਲ ਸਿੰਘ ਅਤੇ ਪ੍ਰਧਾਨ ਅਮਰਜੀਤ ਸਿੰਘ ਬਾਲਿਓਂ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਮਰਾਲਾ, ਮਾਛੀਵਾੜਾ ਅਤੇ ਖਮਾਣੋਂ ਇਕਾਈਆਂ ਦੇ ਅਹੁਦੇਦਾਰਾਂ ਅਤੇ ਵਰਕਰਾਂ ਨੇ ਸ਼ਿਰਕਤ ਕੀਤੀ। ਫਰੰਟ ਦੇ ਜਨਰਲ ਸਕੱਤਰ ਸ਼ਵਿੰਦਰ ਸਿੰਘ ਨੇ ਪਿਛਲੇ ਮਹੀਨੇ ਦੌਰਾਨ ਫਰੰਟ ਵੱਲੋਂ ਕੀਤੇ ਕੰਮਾਂ ਦੀ ਰਿਪੋਰਟ ਪੜ੍ਹ ਕੇ ਸੁਣਾਈ। ਇਸ ਉਪਰੰਤ ਵੱਖ ਵੱਖ ਬੁਲਾਰਿਆਂ ਜਿਨ੍ਹਾਂ ਵਿੱਚ ਮਹਿੰਦਰ ਸਿੰਘ ਜਟਾਣਾ, ਅਵਤਾਰ ਸਿੰਘ ਉਟਾਲਾਂ, ਰਜਿੰਦਰ ਸਿੰਘ, ਦੀਪ ਦਿਲਬਰ ਨੇ ਸਮਾਜ ਵਿੱਚ ਫੈਲੀਆਂ ਬੁਰਾਈਆਂ, ਭ੍ਰਿਸ਼ਟਾਚਾਰ ਅਤੇ ਵਿਗੜੇ ਸਿਸਟਮ ਤੋਂ ਇਲਾਵਾ ਵੋਟਾਂ ਦੇ ਸਬੰਧ ਵਿੱਚ ਡਿਬੇਟ ਕਰਾਉਣ ਦੀ ਸਲਾਹ ਦਿੱਤੀ ਗਈ। ਫਰੰਟ ਦੇ ਪ੍ਰਧਾਨ ਨੇ ਸਮਰਾਲਾ ਤਹਿਸੀਲ ਕੰਪਲੈਕਸ ਵਿੱਚ ਪਟਵਾਰੀਆਂ ਦੁਆਰਾ ਕੀਤੀ ਜਾਂਦੀ ਅੰਨ੍ਹੀ ਲੁੱਟ ਸਬੰਧੀ ਦੱਸਦਿਆਂ ਕਿਹਾ ਕਿ ਪਿੰਡ ਕੁੱਲੇਵਾਲ ਵਿੱਚ ਦੋਨੋਂ ਧਿਰਾਂ ਇੰਤਕਾਲ ਸਬੰਧੀ ਸਹਿਮਤ ਹਨ, ਪ੍ਰੰਤੂ ਪਟਵਾਰੀ ਫਿਰ ਵੀ ਉਨ੍ਹਾਂ ਦਾ ਕੰਮ ਨਹੀਂ ਕਰ ਰਹੇ। ਉਨ੍ਹਾਂ ਹਲਕਾ ਵਿਧਾਇਕ ਦਿਆਲਪੁਰਾ ਨੂੰ ਅਪੀਲ ਕੀਤੀ ਕਿ ਉਹ ਤਹਿਸੀਲ ਕੰਪਲੈਕਸ ਵਿੱਚ ਹੋ ਰਹੀ ਲੁੱਟ ਨੂੰ ਕਾਬੂ ਕਰਨ ਲਈ ਖੁਦ ਪਤਾ ਕਰਨ, ਕਿਸ ਤਰ੍ਹਾਂ ਮਾਲ ਵਿਭਾਗ ਦੇ ਕਰਮਚਾਰੀਆਂ ਨੇ ਲੋਕਾਂ ਦੇ ਤ੍ਰਾਹ ਕੱਢੇ ਪਏ ਹਨ। ਫਰੰਟ ਦੇ ਸਰਪ੍ਰਸਤ ਕਮਾਂਡੈਂਟ ਰਸ਼ਪਾਲ ਸਿੰਘ ਨੇ ਕਿਹਾ ਕਿ ਸਿਆਸਤ ਵਿੱਚ ਆਏ ਵਿਗਾੜ ਕਾਰਨ, ਅਫਸਰਸ਼ਾਹੀ ਦੀਆਂ ਆਦਤਾਂ ਵੀ ਵਿਗੜ ਗਈਆਂ ਹਨ। ਸਮਰਾਲਾ ਸ਼ਹਿਰ ਵਿੱਚ ਟਰੈਫਿਕ ਦਾ ਮੰਦਾ ਹਾਲ, ਮੇਨ ਸੜਕਾਂ ਦੀਆਂ ਲਾਈਟਾਂ ਬੰਦ ਪਈਆਂ ਹਨ, ਲੁਧਿਆਣਾ ਚੰਡੀਗੜ੍ਹ ਰੋਡ ਤੋਂ ਖੰਨਾ ਮਾਛੀਵਾੜਾ ਰੋਡ ਉਪਰ ਦੁਕਾਨਦਾਰਾਂ ਵੱਲੋਂ ਨਜਾਇਜ ਕਬਜੇ ਕੀਤੇ ਹੋਏ, ਮਾਛੀਵਾੜਾ ਰੋਡ ਦੇ ਮੁਹੱਲੇ ਦੇ ਪਿਛਲੇ ਪਾਸੇ ਨਾਲੇ ਦੀ ਸਫਾਈ ਲਈ ਨਗਰ ਕੌਂਸਲ ਦਾ ਕੋਈ ਕਰਮਚਾਰੀ ਪ੍ਰਵਾਹ ਨਹੀਂ ਕਰ ਰਿਹਾ। ਮੀਟਿੰਗ ਦੌਰਾਨ ਇਹ ਵੀ ਪਾਸ ਕਰਕੇ ਜੂਨ ਮਹੀਨੇ ਦੀ ਮੀਟਿੰਗ ਮੌਕੇ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਫਰੰਟ ਦੀ ਮਾਸਿਕ ਮੀਟਿੰਗ ਵਿੱਚ ਹਾਜ਼ਰ ਹੋਣ ਦਾ ਸੱਦਾ ਦਿੱਤਾ ਗਿਆ। ਮੀਟਿੰਗ ਵਿੱਚ ਵਿਧਾਇਕ ਦਿਆਲਪੁਰਾ ਹਾਜਰ ਹੋ ਕੇ ਆਮ ਲੋਕਾਂ ਨੂੰ ਦਰਪੇਸ਼ ਮੁਸ਼ਕਿਲਾਂ ਵੱਲ ਧਿਆਨ ਦੇ ਕੇ ਉਨ੍ਹਾਂ ਦਾ ਨਿਪਟਾਰਾ ਕਰਨ ਦਾ ਉਪਰਾਲਾ ਕਰਨ। ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਕਾਮਰੇਡ ਰਵਿੰਦਰ ਕੌਰ ਦਫਤਰੀ ਸਕੱਤਰ, ਭਜਨ ਸਿੰਘ ਸਾਬਕਾ ਪ੍ਰਧਾਨ ਨਗਰ ਕੌਂਸਲ, ਕਰਨੈਲ ਸਿੰਘ, ਪ੍ਰਿਥੀਪਾਲ ਸਿੰਘ ਭਗਵਾਨਪੁਰਾ, ਸੁਰਿੰਦਰ ਕੁਮਾਰ, ਕੇਵਲ ਕ੍ਰਿਸ਼ਨ ਸਾਹਨੇਵਾਲ, ਮੈਨੇਜਰ ਕਰਮ ਚੰਦ, ਕਾਮਰੇਡ ਬੰਤ ਸਿੰਘ, ਇੰਦਰਜੀਤ ਸਿੰਘ ਕੰਗ, ਜਸਵੰਤ ਸਿੰਘ, ਨੇਤਰ ਸਿੰਘ ਮੁਤਿਓਂ, ਜਗਜੀਤ ਸਿੰਘ ਘਰਖਣਾ, ਦੋ ਰਾਜ, ਹਰਚੰਦ ਸਿੰਘ ਆਦਿ ਤੋਂ ਇਲਾਵਾ ਫਰੰਟ ਦੇ ਹੋਰ ਮੈਂਬਰ ਵੀ ਹਾਜਰ ਸਨ।

# ਲੁੱਟ-ਖੋਹ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼, 90 ਦਿਨਾਂ 'ਚ 30 ਵਾਰਦਾਤਾਂ ਨੂੰ ਅੰਜਾਮ, ਕਿੰਗ ਪਿਨ ਸਣੇ 11 ਮੁਲਜ਼ਮ ਕਾਬੂ

**ਅੰਮ੍ਰਿਤਸਰ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਤ ਦੇ ਹਨੇਰੇ 'ਚ ਹਥਿਆਰਾਂ ਦੇ ਬਲ 'ਤੇ ਲੁੱਟ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਗਿਰੋਹ ਦਾ ਪਰਦਾਫਾਸ਼ ਕੀਤਾ ਹੈ, ਜਿਸ 'ਚ ਕਮਿਸ਼ਨਰੇਟ ਪੁਲਸ ਨੇ ਗਿਰੋਹ ਦੇ ਕਿੰਗ ਪਿਨ ਸਣੇ 11 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਦੇ ਕਬਜ਼ੇ 'ਚੋਂ ਖੋਹੇ ਗਏ 23 ਮੋਬਾਈਲ, 5 ਮੋਟਰਸਾਈਕਲ, 3 ਦਾਤਰ, ਕ੍ਰਿਪਾਨਾਂ, ਬੇਸਬਾਲ ਤੇ ਲੋਹੇ ਦੀ ਰਾਡ ਰਿਕਵਰ ਕੀਤੀ ਗਈ ਹੈ। ਇਹ ਖੁਲਾਸਾ ਬੀਤੇ ਦਿਨ ਏ. ਡੀ. ਸੀ. ਪੀ. ਦਰਪਣ ਆਹਲੂਵਾਲੀਆ ਤੇ ਏ. ਡੀ. ਸੀ. ਪੀ. ਪ੍ਰਭਜੋਤ ਸਿੰਘ ਵਿਰਕ ਨੇ ਪੱਤਰਕਾਰ ਸੰਮੇਲਨ ਦੌਰਾਨ ਕੀਤਾ।

ਪੁਲਿਸ ਨੇ ਗ੍ਰਿਫਤਾਰ ਕੀਤੇ ਸਾਰੇ ਮੁਲਜ਼ਮਾਂ ਨੂੰ ਮਾਣਯੋਗ ਅਦਾਲਤ ਦੇ ਨਿਰਦੇਸ਼ਾਂ 'ਤੇ ਜਾਂਚ ਲਈ ਇਕ ਦਿਨ ਦੇ ਪੁਲਸ ਰਿਮਾਂਡ 'ਤੇ ਲਿਆ ਹੈ। ਉਨ੍ਹਾਂ ਦੱਸਿਆ ਕਿ ਥਾਣਾ ਗੇਟ ਹਕੀਮਾ ਤੇ ਥਾਣਾ ਰਣਜੀਤ ਐਵੇਨਿਊ ਦੇ ਇੰਚਾਰਜ ਦੁਆਰਾ ਜੁਆਇੰਟ ਆਪ੍ਰੇਸ਼ਨ ਕਰ ਕੇ ਗ੍ਰਿਰੋਹ ਦਾ ਪਰਦਾਫਾਸ਼ ਕੀਤਾ ਗਿਆ ਹੈ।



**ਗ੍ਰਿਫ਼ਤਾਰ ਕੀਤੇ ਮੁਲਜ਼ਮ**

ਕਿੰਗ-ਪਿਨ ਮਨਵੀਰ ਬਾਵਾ ਉਰਫ ਬਾਵਾ, ਵਿਸ਼ਾਲ ਮਹਿਰਾ ਉਰਫ ਭੂਤ, ਪ੍ਰਭਜੋਤ ਸਿੰਘ ਪ੍ਰਭ, ਕਰਨ ਉਰਫ ਪੰਚੂ, ਹਿਮਾਂਸ਼ੂ ਕੁਮਾਰ, ਲਵ ਸ਼ਰਮਾ, ਨਿਤੇਸ਼, ਰਾਹੁਲ, ਰਾਘਵ ਤੇ ਗੁਰਦਿਆਲ ਸਿੰਘ ਉਰਫ ਗਗਨ ਦੇ ਨਾਲ ਇਕ ਨਾਬਾਲਿਕ ਸ਼ਾਮਿਲ ਹੈ।

***ਰੇਲਵੇ ਸਟੇਸ਼ਨ, ਬਸ ਸਟਾਪ ਤੇ ਧਾਰਮਿਕ ਅਸਥਾਨ ਸਨ ਨਿਸ਼ਾਨੇ 'ਤੇ***

ਏ. ਡੀ. ਸੀ. ਪੀ. ਡਾਕਟਰ ਦਰਪਣ ਆਹਲੂਵਾਲੀਆ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤਾ ਗਿਰੋਹ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ, ਬਸ ਸਟਾਪ ਅਤੇ ਧਾਰਮਿਕ ਥਾਵਾਂ ਦੇ ਨੇੜੇ-ਤੇੜੇ ਸਰਗਰਮ ਰਹਿੰਦਾ ਸੀ। ਗਿਰੋਹ ਦੇ ਸਾਰੇ ਮੈਂਬਰ ਰਾਤ 10 ਵਜੇ ਤੋਂ ਬਾਅਦ ਵਾਰਦਾਤ ਕਰਨ ਲਈ ਸਰਗਰਮ ਹੋ ਜਾਂਦੇ ਸਨ ਅਤੇ ਅਕਸਰ ਜ਼ੋਮੈਟੋ, ਸਵਿੱਗੀ ਤੇ ਬਾਹਰੋਂ ਆਉਣ ਵਾਲੇ ਯਾਤਰੀਆਂ ਨੂੰ ਆਪਣਾ ਨਿਸ਼ਾਨਾ ਬਣਾਉਂਦੇ ਸਨ। ਹਾਲ ਹੀ 'ਚ ਗਿਰੋਹ ਨੇ ਰਣਜੀਤ ਐਵੇਨਿਊ ਖੇਤਰ 'ਚ ਦੇਰ ਰਾਤ ਇਕ ਜ਼ੋਮੈਟੋ ਡਲਿਵਰੀ ਬੁਆਏ ਕਰਨ ਦਾ ਤੇਜ਼ਧਾਰ ਹਥਿਆਰਾਂ ਦੀ ਨੋਕ 'ਤੇ ਮੋਟਰਸਾਈਕਲ ਤੇ ਮੋਬਾਈਲ ਖੋਹਿਆ ਸੀ, ਜਿਸ ਨੂੰ ਪੁਲਸ ਨੇ ਰਿਕਵਰ ਕਰ ਦਿੱਤਾ ਹੈ।

# ਕੌਮੀ ਲੋਕ ਅਦਾਲਤ ਵਿੱਚ 4097 ਕੇਸਾਂ ਦਾ ਮੌਕੇ ਤੇ ਨਿਪਟਾਰਾ; 13 ਬੈਚਾਂ ਵੱਲੋ 22 ਕਰੋੜ 99 ਲੱਖ 28 ਹਜ਼ਾਰ 47 ਰੁਪਏ ਦੇ ਅਵਾਰਡ ਸੁਣਾਏ ਗਏ

**ਨਵਾਂ ਸ਼ਹਿਰ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ. ਏ. ਐਸ. ਨਗਰ ਜੀਆਂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜਿਲ੍ਹਾਂ ਅਤੇ ਸ਼ੈਸਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਸ੍ਰੀਮਤੀ ਪ੍ਰਿਆ ਸੂਦ ਜੀਆਂ ਦੀ ਅਗਵਾਈ ਹੇਠ ਅਤੇ ਸੀ.ਜੇ.ਐਮ-ਕਮ- ਸਕੱਤਰ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ ਸ.ਕਮਲਦੀਪ ਸਿੰਘ ਧਾਲੀਵਾਲ ਜੀਆਂ ਦੀ ਦੇਖ-ਰੇਖ ਹੇਠ ਜ਼ਿਲ੍ਹਾਂ ਕੋਰਟ ਕੰਪਲੈਕਸ, ਸ.ਭ.ਸ ਨਗਰ ਅਤੇ ਸਬ-ਡਵੀਜ਼ਨ ਕੋਰਟ, ਤਹਿਸੀਲ ਬਲਾਚੌਰ ਵਿਖੇ ਮਿਤੀ 11.05.2024 ਨੂੰ ਕੌਮੀ ਲੋਕ ਅਦਾਲਤ ਲਗਾਈ ਗਈ। ਇਸ ਮੌਕੇ ਜਿਲ੍ਹਾਂ ਅਤੇ ਸ਼ੈਸਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀਮਤੀ ਪ੍ਰਿਆ ਸੂਦ ਜੀਆਂ ਵੱਲੋਂ ਕੌਮੀ ਲੋਕ ਅਦਾਲਤ ਦੇ ਸਾਰੇ ਬੈਂਚਾਂ ਦਾ ਜ਼ਾਇਜਾ ਲਿਆ ਗਿਆ ਇਸ ਕੌਮੀ ਨੈਸ਼ਨਲ ਅਦਾਲਤ ਦੌਰਾਨ 13 ਬੈਚਾਂ ਵੱਲੋ ਵੱਖ ਵੱਖ ਤਰ੍ਹਾਂ ਦੇ 5315 ਕੇਸਾਂ ਵਿੱਚੋਂ 4097 ਕੇਸਾਂ ਦਾ ਦੋਵਾਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਮੌਕੇ ਤੇ ਨਿਪਟਾਰਾ ਕਰਦਿਆ 22 ਕਰੋੜ 99 ਲੱਖ 28 ਹਜ਼ਾਰ 47 ਰੁਪਏ ਦੇ ਅਵਾਰਡ ਸੁਣਾਏ ਗਏ। ਇਹ ਜਾਣਕਾਰੀ ਦਿੰਦਿਆ ਹੋਇਆ ਜਿਲ੍ਹਾਂ ਅਤੇ ਸ਼ੈਸਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਸ੍ਰੀਮਤੀ ਪ੍ਰਿਆ ਸੂਦ ਵੱਲੋ ਦੱਸਿਆ ਕਿ ਇਸ ਕੌਮੀ ਨੈਸ਼ਨਲ ਅਦਾਲਤ ਦੌਰਾਨ ਵੱਖ ਵੱਖ ਕੇਸਾਂ ਦੀ ਸੁਣਵਾਈ ਲਈ ਜ਼ਿਲ੍ਹਾਂ ਕੋਰਟ ਕੰਪਲੈਕਸ, ਸ਼ਹੀਦ ਭਗਤ ਸਿੰਘ ਨਗਰ ਵਿਖੇ 05 ਬੈਂਚ, ਜ਼ਿਲ੍ਹਾਂ ਪੱਧਰ ਤੇ ਰੈਵਿਨਊ ਕੇਸਾਂ ਦੇ 06 ਬੈਂਚ ਅਤੇ ਕੋਰਟ, ਸਵ-ਡਵੀਜ਼ਨ, ਬਲਾਚੌਰ ਵਿਖੇ 01 ਬੈਂਚ, ਰੈਵਿਨਊ ਕੇਸ ਦਾ 01 ਬੈਂਚ ਲਗਾਇਆ ਗਿਆ। ਇਸ ਕੌਮੀ ਨੈਸ਼ਨਲ ਅਦਾਲਤ ਦੌਰਾਨ ਜਿਲ੍ਹਾਂ ਅਤੇ ਸ਼ੈਸਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਸ੍ਰੀਮਤੀ ਪ੍ਰਿਆ ਸੂਦ, ਚੇਅਰਮੈਨ ਸਥਾਈ ਲੋਕ ਅਦਾਲਤ (ਜਨ-ਉਪਯੋਗੀ ਸੇਵਾਵਾਂ) ਸ੍ਰੀ ਅਸ਼ੋਕ ਕਪੂਰ, ਚੀਫ ਜੂਡੀਸ਼ੀਅਲ ਮੈਜਿਸਟ੍ਰੇਟ ਅਪਰਾਜਿਤਾ ਜੋਸ਼ੀ, ਸਿਵਲ ਜੱਜ (ਜੂਨੀਅਰ ਡੀਵੀਜਨ) ਮੋਨਿਕਾ ਚੌਹਾਨ, ਸਿਵਲ ਜੱਜ (ਜੂਨੀਅਰ ਡੀਵੀਜਨ) ਤੁਸ਼ਾਰ ਕੌਰ ਥਿੰਦ ਅਤੇ ਸਬ-ਡਵੀਜ਼ਨਲ ਜੂਡੀਸ਼ੀਅਲ ਮੈਜ੍ਰਿਸਟਰੇਟ, ਬਲਾਚੌਰ ਸੁਖਵਿੰਦਰ ਸਿੰਘ ਜੀਆਂ ਵੱਲੋ ਇਸ ਕੌਮੀ ਲੋਕ ਅਦਾਲਤ ਵਿੱਚ ਲੱਗੇ ਵੱਖ-ਵੱਖ ਤਰ੍ਹਾਂ ਦੇ ਕੇਸਾਂ ਦਾ ਦੋਵੇ ਧਿਰਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕੀਤਾ ਗਿਆ ਅਤੇ ਇਸ ਤੋਂ ਇਲਾਵਾ ਇਨ੍ਹਾਂ ਬੈਚਾਂ ਦੇ ਨਾਲ ਮੈਂਬਰ ਦੇ ਤੌਰ ਤੇ ਐਡਵੋਕੇਟ ਸ਼ਮਸੇਰ ਸਿੰਘ ਝਿੱਕਾ, ਐਡਵੋਕੇਟ ਸਿਮਰਨਜੀਤ ਕੌਰ, ਐਡਵੋਕੇਟ ਜਤਿੰਦਰ ਸਿੰਘ, ਐਡਵੋਕੇਟ ਅਮਨਦੀਪ ਸਿੰਘ, ਐਡਵੋਕੇਟ ਦੀਪਕ ਸ਼ਰਮਾ, ਸਤਨਾਮ ਸਿੰਘ ਮੈਬਰ, ਸਿਵਾਨੀ ਮੈਬਰ ਅਤੇ ਡੀ.ਐਲ.ਐਸ.ਏ ਦੇ ਨੋਮੀਨੇਸ਼ਨ ਮੈਬਰ ਲਾਲੀ ਸੈਣੀ, ਜੇ.ਐਸ ਸੰਧੂ, ਰੂਬੀ, ਜੇ.ਐਸ ਗਿੱਧਾ (ਉਪਕਾਰ ਐਨ.ਜੀ.ਓ), ਰਤਨ ਜੈਨ( ਦੁਆਬਾ ਸੇਵਾ ਸੰਮਤੀ ਐਨ.ਜੀ.ਓ) ਸ਼ਾਮਲ ਸਨ।

# ਪੰਜਾਬ ਦੇ ਉਮੀਦਵਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਚੋਣ ਵਿਭਾਗ ਦੀ ਮੁੱਖ ਜ਼ਿੰਮੇਵਾਰੀ

**ਕਿਸ਼ਨ ਪਾਲ**

ਜੈਤੋ 12 ਮਈ। ਲੋਕ ਸਭਾ ਚੋਣਾਂ 2024 ਦੇ ਮੱਦੇਨਜਰ ਸੂਬੇ ‘ਚ ਆਜਾਦ ਅਤੇ ਨਿਰਪੱਖ ਚੋਣ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਲਈ ਮੁੱਖ ਚੋਣ ਅਫਸਰ ਸਿਬਿਨ ਸੀ ਨੇ ਅੱਜ ਸਾਰੇ ਡਿਪਟੀ ਕਮਿਸਨਰਾਂ-ਕਮ-ਜ਼ਿ?ਲ੍ਹਾ ਚੋਣ ਅਫਸਰਾਂ, ਪੁਲਸ ਕਮਿਸਨਰਾਂ ਅਤੇ ਸੀਨੀਅਰ ਪੁਲਸ ਕਪਤਾਨਾਂ (ਐਸ.ਐਸ.ਪੀਜ.) ਨੂੰ ਨਿਰਦੇਸ ਦਿੱਤੇ ਹਨ। ਉਮੀਦਵਾਰਾਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦੇ ਹੋਏ, ਸਾਰਿਆਂ ਲਈ ਇਕਸਾਰ ਮਾਹੌਲ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ। ਮੁੱਖ ਚੋਣ ਅਫਸਰ ਨੇ ਜੋਰ ਦੇ ਕੇ ਕਿਹਾ ਕਿ ਉਮੀਦਵਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਜ਼ਿ?ਲ੍ਹਾ ਚੋਣ ਵਿਭਾਗ ਦੀ ਮੁੱਢਲੀ ਜ਼ਿ?ਮੇਵਾਰੀ ਹੈ ਅਤੇ ਭਾਰਤੀ ਚੋਣ ਕਮਿਸਨ ਇਸ ਮਾਮਲੇ ਨੂੰ ਲੈ ਕੇ ਬੇਹੱਦ ਗੰਭੀਰ ਹੈ। ਸਾਰੇ ਸਬੰਧਤ ਅਧਿਕਾਰੀਆਂ ਨੂੰ ਜਾਰੀ ਪੱਤਰ ਵਿੱਚ ਮੁੱਖ ਚੋਣ ਅਧਿਕਾਰੀ ਨੇ ਕਿਹਾ ਹੈ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਰਾਜ ਦੇ ਵੱਖ-ਵੱਖ ਹਿੱਸਿਆਂ ਤੋਂ ਚੋਣ ਪ੍ਰਚਾਰ ਵਿੱਚ ਵਿਘਨ ਪਾਉਣ ਦੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਹਨ। ਉਨ੍ਹਾਂ ਕਿਹਾ ਕਿ ਇਹ ਘਟਨਾਵਾਂ ਵੱਖ-ਵੱਖ ਸ਼ਿ?ਕਾਇਤਾਂ ਅਤੇ ਮੀਡੀਆ ਰਿਪੋਰਟਾਂ ਰਾਹੀਂ ਸਾਹਮਣੇ ਆਈਆਂ ਹਨ, ਜਿਨ੍ਹਾਂ ਵਿੱਚ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਅੰਦੋਲਨਕਾਰੀ ਕਿਸਾਨਾਂ ਵੱਲੋਂ ਪ੍ਰਚਾਰ ਕਰਨ ਤੋਂ ਰੋਕਿਆ ਜਾ ਰਿਹਾ ਹੈ, ਜਿਸ ਕਾਰਨ ਉਹ ਸੂਬੇ ਦੇ ਨਾਗਰਿਕਾਂ ਨੂੰ ਆਪਣੇ ਚੋਣ ਮੈਨੀਫੈਸਟੋ ਤੋਂ ਜਾਣੂ ਨਹੀਂ ਕਰਵਾ ਪਾ ਰਹੇ। ਉਨ੍ਹਾਂ ਕਿਹਾ ਕਿ ਅਜਿਹੀਆਂ ਕਾਰਵਾਈਆਂ ਭਾਰਤੀ ਚੋਣ ਕਮਿਸਨ ਦੀਆਂ ਹਦਾਇਤਾਂ ਅਤੇ ਦਿਸਾ-ਨਿਰਦੇਸਾਂ ਦੀ ਉਲੰਘਣਾ ਹਨ। ਸਿਬਿਨ ਸੀ ਨੇ ਅੱਗੇ ਦੱਸਿਆ ਕਿ ਇਹ



ਵੀ ਦੇਖਿਆ ਗਿਆ ਹੈ ਕਿ ਜ਼ਿ?ਲ੍ਹਾ ਮੈਜਿਸਟ੍ਰੇਟ ਵੱਲੋਂ ਸੀਆਰਪੀਸੀ ਦੀ ਧਾਰਾ 144 ਤਹਿਤ ਜਾਰੀ ਹੁਕਮਾਂ ਦੇ ਬਾਵਜੂਦ ਧਰਨਾਕਾਰੀ ਕਿਸਾਨ ਬਿਨਾਂ ਇਜਾਜਤ ਮੀਟਿੰਗਾਂ ਕਰਨ ਲਈ ਲਾਊਡ ਸਪੀਕਰਾਂ ਦੀ ਵਰਤੋਂ ਕਰ ਰਹੇ ਹਨ। ਭਾਰਤੀ ਚੋਣ ਕਮਿਸਨ ਵੱਲੋਂ ਜਾਰੀ ਹਦਾਇਤਾਂ ਦਾ ਹਵਾਲਾ ਦਿੰਦਿਆਂ ਮੁੱਖ ਚੋਣ ਅਫਸਰ ਨੇ ਕਿਹਾ ਕਿ ਉਮੀਦਵਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹੋਏ ਇਨ੍ਹਾਂ ਦਿਸਾ-ਨਿਰਦੇਸਾਂ ਦੀ ਸਖਤੀ ਨਾਲ ਪਾਲਣਾ ਕਰਨੀ ਬਹੁਤ ਜਰੂਰੀ ਹੈ ਤਾਂ ਜੋ ਉਮੀਦਵਾਰਾਂ ਨੂੰ ਚੋਣ ਪ੍ਰਚਾਰ ਲਈ ਇਕਸਾਰ ਮਾਹੌਲ ਮੁਹੱਈਆ ਕਰਵਾਇਆ ਜਾ ਸਕੇ। ਸਿਬਿਨ ਸੀ ਨੇ ਦੁਹਰਾਇਆ ਕਿ ਇਹ ਜ਼ਿ?ਲ੍ਹਿਆਂ ਵਿੱਚ ਤਾਇਨਾਤ ਸਮੂਹ ਚੋਣ ਮਸੀਨਰੀ ਦਾ ਫਰਜ ਹੈ ਕਿ ਉਹ ਇਨ੍ਹਾਂ ਦਿਸਾ-ਨਿਰਦੇਸਾਂ ਦੀ ਸਖਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਕਾਨੂੰਨ ਆਪਣੇ ਹੱਥ ਵਿੱਚ ਲੈਣ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ। ਸਿਬਿਨ ਸੀ ਨੇ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਨ੍ਹਾਂ ਹਦਾਇਤਾਂ ਨੂੰ ਪੂਰੀ ਤਰ੍ਹਾਂ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਜੇਕਰ ਚੋਣ ਪ੍ਰਚਾਰ ਵਿੱਚ ਵਿਘਨ ਪਾਉਣ ਦੀ ਕੋਈ ਘਟਨਾ ਸਾਹਮਣੇ ਆਉਂਦੀ ਹੈ ਤਾਂ ਇਸ ਨੂੰ ਗੰਭੀਰਤਾ ਨਾਲ ਲਿਆ ਜਾਵੇ ਅਤੇ ਭਾਰਤ ਚੋਣ ਕਮਿਸਨ ਦੇ ਧਿਆਨ ਵਿੱਚ ਲਿਆਂਦਾ ਜਾਵੇ ਕਿ ਅੱਜ ਕਿਸਾਨਾਂ ਦਾ ਇੱਕ ਵਫਦ ਪੰਜਾਬ ਦੇ ਮੁੱਖ ਚੋਣ ਅਫਸਰ ਨੂੰ ਉਨ੍ਹਾਂ ਦੇ ਦਫਤਰ ਵਿੱਚ ਮਿਲਿਆ। ਮੀਟਿੰਗ ਦੌਰਾਨ ਸਿਬਿਨ ਸੀ ਨੇ ਕਿਸਾਨ ਸਮੂਹਾਂ ਨੂੰ ਅਮਨ-ਕਾਨੂੰਨ ਬਣਾਈ ਰੱਖਣ ਅਤੇ ਸੂਬੇ ਭਰ ਵਿੱਚ ਚੋਣ ਲੜ ਰਹੇ ਉਮੀਦਵਾਰਾਂ ਦੇ ਚੋਣ ਪ੍ਰਚਾਰ ਵਿੱਚ ਵਿਘਨ ਨਾ ਪਾਉਣ ਦੀ ਅਪੀਲ ਕੀਤੀ ਹੈ।

## ਐਲੀਵੇਟਿਡ ਰੋਡ ’ਤੇ ਇੰਡੀਗੋ ਕਾਰ ਨੂੰ ਲੱਗੀ ਅੱਗ, ਤਿੰਨ ਕਾਰ ਸਵਾਰ ਵਾਲ-ਵਾਲ ਬਚੇ

ਲੁਧਿਆਣਾ 12 ਮਈ। ਫਿਰੋਜ਼ਪੁਰ ਰੋਡ ਸਥਿਤ ਐਲੀਵੇਟਿਡ ਪੁਲ ’ਤੇ ਇਕ ਇੰਡੀਗੋ ਕਾਰ ’ਚ ਅਚਾਨਕ ਅੱਗ ਲੱਗ ਗਈ। ਚੰਗੀ ਗੱਲ ਇਹ ਰਹੀ ਕਿ ਧੂੰਆਂ ਉੱਠਦਾ ਦੇਖ ਕੇ ਕਾਰ ’ਚ ਬੈਠੇ 3 ਵਿਅਕਤੀ ਬਾਹਰ ਨਿਕਲ ਗਏ ਅਤੇ ਉਨ੍ਹਾਂ ਦੇ ਬਾਹਰ ਆਉਣ ਤੋਂ ਬਾਅਦ ਅੱਗ ਇਕਦਮ ਭੜਕ ਗਈ ਅਤੇ ਪੂਰੀ ਕਾਰ ਨੂੰ ਲਪੇਟ ’ਚ ਲੈ ਲਿਆ। ਕੁੱਝ ਦੇਰ ਬਾਅਦ ਫਾਇਰ ਬ੍ਰਿਗੇਡ ਆਈ, ਜਿਸ ਨੇ ਅੱਗ ’ਤੇ ਕਾਬੂ ਪਾਇਆ ਪਰ ਉਸ ਤੋਂ ਪਹਿਲਾਂ ਅੱਗ ਕਾਰਨ ਕਾਰ ਸੜਕ ਕੇ ਸੁਆਹ ਹੋ ਚੁੱਕੀ ਸੀ। ਹਾਲਾਂਕਿ ਹੁਣ ਤੱਕ ਅੱਗ ਲੱਗਣ ਕਾਰਨ ਦਾ ਪਤਾ ਨਹੀਂ ਲੱਗ ਸਕਿਆ। ਮਨਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਕੋਲ ਇੰਡੀਗੋ ਕਾਰ ਸੀ। ਉਹ ਕੰਮ ਤੋਂ ਆਪਣੇ ਦੋ ਹੋਰਨਾਂ ਸਾਥੀਆਂ ਨਾਲ ਘਰ ਵਾਪਸ ਜਾ ਰਿਹਾ ਸੀ। ਜਦੋਂ ਉਹ ਫਿਰੋਜ਼ਪੁਰ ਰੋਡ ਸਥਿਤ ਐਲੀਵੇਟਿਡ ਰੋਡ ਤੋਂ ਹੁੰਦੇ ਹੋਏ ਨਿਕਲ ਰਹੇ ਸਨ ਤਾਂ ਅਚਾਨਕ ਕਾਰ ’ਚੋਂ ਧੂੰਆਂ ਨਿਕਲਦਾ ਹੋਇਆ ਨਜ਼ਰ ਆਇਆ। ਉਸ ਨੇ ਤੁਰੰਤ ਕਾਰ ਨੂੰ ਇਕ ਪਾਸੇ ਰੋਕ ਲਿਆ। ਉਹ ਤਿੰਨੋਂ ਪਹਿਲਾਂ ਥੱਲੇ ਉੱਤਰੇ। ਇਸ ਦੌਰਾਨ ਅੱਗ ਤੇਜ਼ ਹੋ ਗਈ ਅਤੇ ਅੱਗ ਦੇ ਭਾਂਬੜ ਉੱਠਣੇ ਸ਼ੁਰੂ ਹੋ ਗਏ। ਉਨ੍ਹਾਂ ਨੇ ਤੁਰੰਤ ਫਾਇਰ ਬ੍ਰਿਗੇਡ ਨੂੰ ਸੂਚਿਤ ਕੀਤਾ। ਕਾਰ ’ਚ ਅੱਗ ਲੱਗਣ ਦੀ ਸੂਚਨਾ ਮਿਲਦੇ ਹੀ ਨੇੜੇ ਹੀ ਡਿਊਟੀ ’ਤੇ ਤਾਇਨਾਤ ਟ੍ਰੈਫਿਕ ਪੁਲਸ ਮੁਲਾਜ਼ਮ ਵੀ ਮੌਕੇ ’ਤੇ ਪੁੱਜ ਗਏ ਪਰ ਫਾਇਰ ਬਿਗ੍ਰੇਡ ਦੇ ਪੁੱਜਣ ਤੱਕ ਅੱਗ ਕਾਰਨ ਕਾਫੀ ਨੁਕਸਾਨ ਹੋ ਚੁੱਕਾ ਸੀ।

## ਗੁੱਗਾ ਮਾੜੀ ਦੇ ਮੁੱਖ ਸੇਵਾਦਾਰ ਦਾ ਬੇਰਹਿਮੀ ਨਾਲ ਕਤਲ

ਪਟਿਆਲਾ/ਸਮਾਣਾ 12 ਮਈ। ਪਿੰਡ ਕਰਹਾਲੀ ਸਾਹਿਬ ਵਿਖੇ ਗੁੱਗਾ ਮਾੜੀ ਮੰਦਰ ਦੇ ਮੁੱਖ ਸੇਵਾਦਾਰ ਦਰਸ਼ਨ ਸਿੰਘ (55) ਦਾ ਪਿੰਡ ਦੇ ਹੀ ਪਿਤਾ ਅਤੇ ਪੁੱਤਰ ਨੇ ਕੁੱਟ-ਕੁੱਟ ਕੇ ਕਤਲ ਕਰ ਦਿੱਤਾ। ਇਸ ਮਾਮਲੇ ’ਚ ਰਾਮਨਗਰ ਪੁਲਸ ਚੌਂਕੀ ਵੱਲੋਂ ਮ੍ਰਿਤਕ ਦਰਸ਼ਨ ਸਿੰਘ ਦੇ ਪੁੱਤਰ ਸਿਮਰਨਪ੍ਰੀਤ ਸਿੰਘ ਵਾਸੀ ਪਿੰਡ ਕਰਹਾਲੀ ਦੀ ਸ਼ਿਕਾਇਤ ’ਤੇ ਦਲਜੀਤ ਸਿੰਘ ਅਤੇ ਉਸ ਦੇ ਪੁੱਤਰ ਗੁਰਪ੍ਰੀਤ ਸਿੰਘ ਖ਼ਿ?ਲਾਫ਼ ਕਤਲ ਦਾ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਹ ਘਟਨਾ ਗੁੱਗਾ ਮਾੜੀ ਮੰਦਰ ਦੇ ਮੁੱਖ ਸੇਵਾਦਾਰ ਦਰਸ਼ਨ ਸਿੰਘ ਨਾਲ ਮਾਮੂਲੀ ਤਕਰਾਰ ਤੋਂ ਬਾਅਦ ਹੋਈ। ਜਾਣਕਾਰੀ ਦਿੰਦਿਆਂ ਜਾਂਚ ਅਧਿਕਾਰੀ ਰਾਮ ਨਗਰ ਪੁਲਸ ਚੌਂਕੀ ਇੰਚਾਰਜ ਅੰਗਰੇਜ ਸਿੰਘ ਨੇ ਦੱਸਿਆ ਕਿ ਮ੍ਰਿਤਕ ਦਰਸ਼ਨ ਸਿੰਘ (55) ਦੇ ਪੁੱਤਰ ਸਿਮਰਨਪ੍ਰੀਤ ਸਿੰਘ ਵਾਸੀ ਪਿੰਡ ਕਰਹਾਲੀ ਵੱਲੋਂ ਦਰਜ ਕਰਵਾਏ ਗਏ ਬਿਆਨਾਂ ਅਨੁਸਾਰ ਉਸ ਦਾ ਪਿਤਾ ਪਿਛਲੇ 15 ਸਾਲਾਂ ਤੋਂ ਗੁੱਗਾ ਮਾੜੀ ਮੰਦਰ ’ਚ ਮੁੱਖ ਸੇਵਾਦਾਰ ਵਜੋਂ ਕੰਮ ਕਰਦਾ ਸੀ। ਬੀਤੀ ਰਾਤ ਉਕਤ ਦੋਵੇਂ ਲੋਕ ਗੁੱਗਾ ਮਾੜੀ ਵਿਖੇ ਆਏ ਅਤੇ ਮਾਮੂਲੀ ਜਿਹੀ ਤਕਰਾਰ ਤੋਂ ਬਾਅਦ ਉਸ ਦੇ ਪਿਤਾ ਨੂੰ ਡੰਡਿਆਂ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ ਅਤੇ ਉਸ ਦੀ ਗਰਦਨ ਮਰੋੜ ਦਿੱਤੀ। ਗੰਭੀਰ ਹਾਲਤ ’ਚ ਉਸ ਦੇ ਪਿਤਾ ਨੂੰ ਪਟਿਆਲਾ ਦੇ ਇਕ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਅਧਿਕਾਰੀ ਅਨੁਸਾਰ ਪੋਸਟਮਾਰਟਮ ਤੋਂ ਬਾਅਦ ਲਾਸ਼ ਪਰਿਵਾਰਕ ਮੈਂਬਰਾਂ ਹਵਾਲੇ ਕਰ ਦਿੱਤੀ ਗਈ।

## ਚਾਈਨਾ ਡੋਰ ਦੀ ਵਿਕਰੀ ਤੇ ਵਰਤੋਂ ਨੂੰ ਰੋਕਣ ਲਈ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਸਖਤ ਹਦਾਇਤਾਂ

ਬਰਨਾਲਾ 12 ਮਈ। ਪੰਜਾਬ ਪ੍ਰਦੂਸਣ ਕੰਟਰੋਲ ਬੋਰਡ ਵੱਲੋਂ ਚਾਈਨਾ ਡੋਰ/ਮਾਂਝੇ ਸਮੇਤ ਤਿੱਖੇ ਪਤੰਗ ਉਡਾਉਣ ਵਾਲੇ ਧਾਗੇ ਦੀ ਵਿਕਰੀ ਅਤੇ ਵਰਤੋਂ ’ਤੇ ਪਾਬੰਦੀ ਲਾਗੂ ਕਰਨ ਲਈ ਚਾਈਨਾ ਡੋਰ ਦੇ ਵਿਕਰੇਤਾਵਾਂ ਦੀ ਚੈਕਿੰਗ ਦਾ ਕੰਮ ਸੁਰੂ ਕਰ ਦਿੱਤਾ ਗਿਆ ਹੈ। ਜ਼ਿ?ਲ੍ਹੇ ’ਚ ਪਤੰਗ ਉਡਾਉਣ ਵਾਲੀ ਸਮੱਗਰੀ ਦੀ ਸਪਲਾਈ ’ਚ ਲੱਗੇ ਉੱਘੇ ਥੋਕ ਵਿਕਰੇਤਾ/ਡੀਲਰਾਂ ਨੂੰ ਨੋਟਿਸ ਜਾਰੀ ਕੀਤੇ ਗਏ ਸਨ, ਜਿਨ੍ਹਾਂ ਨੂੰ ਬੋਰਡ ਦੇ ਮੁੱਖ ਵਾਤਾਵਰਣ ਇੰਜੀਨੀਅਰ (ਬਠਿੰਡਾ) ਵੱਲੋਂ ਮੁੱਖ ਦਫਤਰ ਪਟਿਆਲਾ ਵਿਖੇ ਮਿਤੀ 09.05.2024 ਨੂੰ ਮੀਟਿੰਗ ਬੁਲਾ ਕੇ ਚਾਈਨਾ ਡੋਰ ਦੇ ਮਾੜੇ ਪ੍ਰਭਾਵਾਂ ਬਾਰੇ ਦੱਸਿਆ ਗਿਆ ਅਤੇ ਇਸ ਦੀ ਵਿਕਰੀ ਨਾ ਕਰਨ ਦੇ ਨਿਰਦੇਸ ਦਿੱਤੇ ਗਏ। ਸੰਦੀਪ ਬਹਿਲ, ਮੁੱਖ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸਣ ਕੰਟਰੋਲ ਬੋਰਡ (ਬਠਿੰਡਾ) ਨੇ ਦੱਸਿਆ ਕਿ ਉਲੰਘਣਾ ਕਰਨ ਵਾਲਿਆਂ ਖ਼ਿ?ਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ। ਉਨ੍ਹਾਂ ਵਿਕਰੇਤਾਵਾਂ/ਡੀਲਰਾਂ ਨੂੰ ਅਪੀਲ ਕੀਤੀ ਕਿ ਉਹ ਚਾਈਨਾ ਡੋਰ ਦੀ ਸਟੋਰੇਜ ਅਤੇ ਵਿਕਰੀ ਨੂੰ ਬੰਦ ਕਰਨ ’ਚ ਸਹਿਯੋਗ ਦੇਣ। ਇਸ ਮੌਕੇ ਲਵਨੀਤ ਦੂਬੇ ਸੀਨੀਅਰ ਵਾਤਾਵਰਣ ਇੰਜੀਨੀਅਰ ਅਤੇ ਅਮਿਤ ਕੁਮਾਰ ਵਾਤਾਵਰਣ ਇੰਜੀਨੀਅਰ, ਜੋਨਲ ਦਫਤਰ-1, ਪੰਜਾਬ ਪ੍ਰਦੂਸਣ ਕੰਟਰੋਲ ਬੋਰਡ, ਪਟਿਆਲਾ ਹਾਜਰ ਸਨ।

## ਸ਼ੰਭੂ ਬਾਰਡਰ ’ਤੇ ਇਕ ਹੋਰ ਕਿਸਾਨ ਦੀ ਗਈ ਜਾਨ, ਹੁਣ ਤਕ 20 ਕਿਸਾਨ ਹੋ ਚੁੱਕੇ ਨੇ ਸ਼ਹੀਦ

ਪਟਿਆਲਾ/ਬਨੂੜ/ਸ਼ਾਹਬਾਜਪੁਰ 12 ਮਈ। ਸ਼ੰਭੂ ਅਤੇ ਖਨੌਰੀ ਬਾਰਡਰਾਂ ’ਤੇ ਚੱਲ ਰਹੇ ਕਿਸਾਨ ਅੰਦੋਲਨ 2 ਦੇ ਅੱਜ ਜਿੱਥੇ 84 ਦਿਨ ਪੂਰੇ ਹੋਏ ਹਨ, ਉੱਥੇ ਕਿਸਾਨਾਂ ਦੀ ਰਿਹਾਈ ਲਈ ਸ਼ੰਭੂ ਰੇਲਵੇ ਟ੍ਰੈਕ ’ਤੇ ਲਗਾਇਆ ਜਾ ਰਿਹਾ ਮੋਰਚਾ 21ਵੇਂ ਦਿਨ ’ਚ ਪੁੱਜ ਚੁੱਕਾ ਹੈ। ਅੱਜ ਕਿਸਾਨ ਅੰਦੋਲਨ ਦੌਰਾਨ ਸਵੇਰੇ ਜਸਵੰਤ ਸਿੰਘ ਪੁੱਤਰ ਗੁਰਦੀਪ ਸਿੰਘ (70) ਪਿੰਡ ਸ਼ਾਹਬਾਜਪੁਰ ਤਹਿਸੀਲ ਤੇ ਜ਼ਿ?ਲਾ ਤਰਨ ਤਾਰਨ ਸ਼ੰਭੂ ਮੋਰਚੇ ’ਤੇ ਦਿਲ ਦਾ ਦੌਰਾ ਪੈਣ ਕਾਰਨ ਆਪਣੀ ਜ਼ਿ?ਦਗੀ ਕਿਸਾਨੀ ਕੌਮ ਦੇ ਨਾਂ ਲਵਾ ਗਿਆ, ਜਿਸ ਕਾਰਨ ਸ਼ਹੀਦ ਹੋਏ ਕਿਸਾਨਾਂ ਦੀ ਗਿਣਤੀ ਹੁਣ 20 ਤੱਕ ਪੁੱਜ ਗਈ ਹੈ। ਇਸ ਮੌਕੇ ਕਿਸਾਨ ਮਜ਼ਦੂਰ ਮੋਰਚਾ ਅਤੇ ਐੱਸ. ਕੇ. ਐੱਮ. (ਗੈਰ-ਸਿਆਸੀ) ਨੇ ਆਖਿਆ ਕਿ ਹਰਿਆਣਾ ਸਰਕਾਰ ਵੱਲੋਂ ਫੜੇ ਗਏ ਕਿਸਾਨਾਂ ਦੀ ਰਿਹਾਈ ਨੂੰ ਲੈ ਕੇ ਰੇਲ ਰੋਕੋ ਅੰਦੋਲਨ ਜੋ ਕਿ ਸ਼ੰਭੂ ਰੇਲਵੇ ਸਟੇਸ਼ਨ ’ਤੇ ਚੱਲ ਰਿਹਾ ਹੈ, ਨੂੰ ਅੱਜ 21ਵਾਂ ਦਿਨ ਹੈ, ਜਿਥੇ ਹਰਿਆਣਾ ਦੀ ਭਾਜਪਾ ਸਰਕਾਰ ਆਪਣੀਆਂ ਜਬਰ ਤੇ ਜੁਲਮ ਦੀਆਂ ਹੱਦਾਂ ਪਾਰ ਕਰ ਚੁੱਕੀ ਹੈ, ਉੱਥੇ ਹੀ ਕਿਸਾਨ ਵਧ ਰਹੀ ਗਰਮੀ ’ਚ ਵੀ ਬੁਲੰਦ ਹੌਸਲੇ ਅਤੇ ਚੜ੍ਹਦੀ ਕਲਾ ’ਚ ਹਨ। ਰੇਲਵੇ ਸਟੇਸ਼ਨ ’ਤੇ ਰੇਲ ਰੋਕੋ ਅੰਦੋਲਨ ਦੇ ਮੰਚ ਤੋਂ ਕਿਸਾਨ ਆਗੂਆਂ ਨੇ ਹਰਿਆਣਾ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜਦੋਂ ਤੱਕ ਉਨ੍ਹਾਂ ਦੇ ਤਿੰਨੋਂ ਸਾਥੀਆਂ ਨੂੰ ਸਰਕਾਰ ਛੱਡਦੀ ਨਹੀਂ, ਉਦੋਂ ਤੱਕ ਕਿਸਾਨ ਰੇਲਵੇ ਟ੍ਰੈਕ ’ਤੇ ਬੈਠੇ ਰਹਿਣਗੇ। ਕਿਸਾਨ ਆਗੂਆਂ ਨੇ ਦੱਸਿਆ ਕਿ ਸ਼ਹੀਦ ਕਿਸਾਨ ਜਸਵੰਤ ਸਿੰਘ ਦੀ ਮ੍ਰਿਤਕ ਦੇਹ ਨੂੰ ਪੂਰੇ ਰੀਤੀ-ਰਿਵਾਜਾਂ ਅਤੇ ਸਤਿਕਾਰ ਨਾਲ ਸ਼ੰਭੂ ਤੋਂ ਉਨ੍ਹਾਂ ਦੇ ਜੱਦੀ ਪਿੰਡ ਸ਼ਾਹਬਾਜਪੁਰ ਜ਼ਿ?ਲਾ ਤਰਨ ਤਾਰਨ ਲਈ ਰਵਾਨਾ ਕੀਤਾ ਗਿਆ। ਇਸ ਮੌਕੇ ਕਿਸਾਨ ਆਗੂ ਸੁਰਜੀਤ ਸਿੰਘ ਫੂਲ, ਦਿਲਬਾਗ ਸਿੰਘ ਹਰੀਗੜ੍ਹ, ਮਲਕੀਤ ਸਿੰਘ, ਹਰਪ੍ਰੀਤ ਸਿੰਘ ਅਤੇ ਹੋਰਨਾਂ ਨੇ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ।

## ਇਕ ਵਾਰ ਫਿਰ ਤੋਂ ਆਹਮੋ-ਸਾਹਮਣੇ ਆਏ ਰਾਜਾ ਵੜਿੰਗ ਤੇ ਰਵਨੀਤ ਬਿੱਟੂ, ਪੋਸਟਰਾਂ ਨੂੰ ਲੈ ਕੇ ਛਿੜੀ ‘ਟਵੀਟ ਵਾਰ’

**ਏਜੰਸੀਆਂ**

ਲੁਧਿਆਣਾ 12 ਮਈ। ਲੋਕ ਸਭਾ ਚੋਣਾਂ ਦੌਰਾਨ ਇਕ-ਦੂਜੇ ਖਿਲਾਫ ਬਿਆਨਬਾਜ਼ੀ ਕਰ ਰਹੇ ਲੁਧਿਆਣਾ ਤੋਂ ਭਾਜਪਾ ਦੇ ਉਮੀਦਵਾਰ ਰਵਨੀਤ ਬਿੱਟੂ



ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਦੀ ਸਟੇਜ ਸਮਾਰੋਹਾਂ ਜਾਂ ਟੀ.ਵੀ. ਇੰਟਰਵਿਊ ਤੋਂ ਸ਼ੁਰੂ ਹੋਈ ਲੜਾਈ ਟਵਿੱਟਰ ’ਤੇ ਪੁੱਜ ਗਈ ਹੈ। ਇਹ ਮਾਮਲਾ ਬਿੱਟੂ ਦੇ ਦਾਦਾ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਅਤੇ ਗਾਂਧੀ ਪਰਿਵਾਰ ਦੀ ਫੋਟੋ ਨਾਲ ਜੁੜਿਆ ਹੋਇਆ ਹੈ, ਜਿਸ ਦੀ ਸ਼ੁਰੂਆਤ ਰਾਜਾ ਵੜਿੰਗ ਵੱਲੋਂ ਬਿੱਟੂ ਵੱਲੋਂ ਕਾਂਗਰਸ ਛੱਡਣ ਤੋਂ ਬਾਅਦ ਭਾਜਪਾ ਦੇ ਪੋਸਟਰ ’ਤੇ ਬੇਅੰਤ ਸਿੰਘ ਦੀ ਫੋਟੋ ਲਗਾਉਣ ਦੇ ਵਿਰੋਧ ਤੋਂ ਕੀਤੀ ਗਈ ਸੀ, ਜਿਸ ਨੂੰ ਲੈ ਕੇ ਬਿੱਟੂ ਨੇ ਕਾਂਗਰਸ ’ਤੇ ਉਨ੍ਹਾਂ ਦੇ ਦਾਦਾ ਦੀ ਸ਼ਹਾਦਤ ਨੂੰ ਸਨਮਾਨ ਨਾ ਦੇਣ ਦਾ ਦੋਸ਼ ਲਾਉਂਦੇ ਹੋਏ ਇਹ ਸਾਫ ਕੀਤਾ ਸੀ ਕਿ ਬੇਅੰਤ ਸਿੰਘ ਵੱਲੋਂ ਕਾਂਗਰਸ ਪਾਰਟੀ ਲਈ ਨਹੀਂ, ਸਗੋਂ ਦੇਸ਼ ਲਈ ਬਲੀਦਾਨ ਦਿੱਤਾ ਗਿਆ ਸੀ। ਇਹ ਮੁੱਦਾ ਕੁਝ ਦਿਨਾਂ ਤੱਕ ਸ਼ਾਂਤ ਰਹਿਣ ਤੋਂ ਬਾਅਦ ਹੁਣ ਰਾਜਾ ਵੜਿੰਗ ਦੇ ਲੁਧਿਆਣਾ ਤੋਂ ਕਾਂਗਰਸ ਦੇ ਉਮੀਦਵਾਰ ਬਣਨ ਤੋਂ ਬਾਅਦ ਇਕ ਵਾਰ ਫਿਰ ਗਰਮਾ ਗਿਆ ਹੈ, ਜਿਸ ਦੇ ਤਹਿਤ ਰਾਜਾ ਵੜਿੰਗ ਨੇ ਟਵਿੱਟਰ ’ਤੇ ਬਿੱਟੂ ਵੱਲੋਂ ਨਾਮਜ਼ਦਗੀ ਦਾਖਲ ਕਰਨ ਲਈ ਜਾਰੀ ਕੀਤੇ ਗਏ ਪੋਸਟਰ ’ਤੇ ਸਵ. ਬੇਅੰਤ ਸਿੰਘ ਦੀ ਫੋਟੋ ਨਾ ਹੋਣ ਨੂੰ ਲੈ ਕੇ ਟਿੱਪਣੀ ਕੀਤੀ ਹੈ। ਰਾਜਾ ਵੜਿੰਗ ਨੇ ਬਿੱਟੂ ਨੂੰ ਰਾਜਨੀਤਕ ਮੌਕਾਪ੍ਰਸਤ ਦੱਸਿਆ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਵੋਟ ਹਾਸਲ ਕਰਨ ਲਈ ਭਾਜਪਾ ਦੇ ਪੋਸਟਰ ’ਤੇ ਬੇਅੰਤ ਸਿੰਘ ਦੀ ਫੋਟੋ ਲਗਾ ਦਿੱਤੀ ਗਈ ਅਤੇ ਹੁਣ ਜਦ ਲੋਕ ਬਿੱਟੂ ਨੂੰ ਮੌਕਾਪ੍ਰਸਤ ਕਹਿਣ ਲੱਗ ਗਏ ਤਾਂ ਪੋਸਟਰ ਤੋਂ ਬੇਅੰਤ ਸਿੰਘ ਦੀ ਫੋਟੋ ਗਾਇਬ ਹੋ ਗਈ ਹੈ। ਇਸ ਮਾਮਲੇ ’ਚ ਬਿੱਟੂ ਨੇ ਵੀ ਟਵਿੱਟਰ ਜਰੀਏ ਹੀ ਪਲਟਵਾਰ ਕੀਤਾ ਹੈ, ਜਿਸ ਪੋਸਟ ’ਚ ਉਨ੍ਹਾਂ ਨੇ ਰਾਜਾ ਵੜਿੰਗ ਦਾ ਪੋਸਟਰ ਸ਼ੇਅਰ ਕੀਤਾ ਹੈ। ਬਿੱਟੂ ਨੇ ਕਾਂਗਰਸ ਦੇ ਪੋਸਟਰ ਤੋਂ ਗਾਂਧੀ ਪਰਿਵਾਰ ਦੀ ਫੋਟੋ ਗਾਇਬ ਹੋਣ ’ਤੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਕਿਹਾ ਕਿ ਜਾਂ ਤਾਂ ਰਾਜਾ ਵੜਿੰਗ ਨੂੰ ਓਵਰ ਕਾਂਫੀਡੈਂਸ ਹੈ ਜਾਂ ਫਿਰ ਉਹ ਕਿਸੇ ਵਿਵਾਦ ਤੋਂ ਬਚਣ ਲਈ ਇਸ ਤਰ੍ਹਾਂ ਕਰ ਰਹੇ ਹਨ। ਬਿੱਟੂ ਨੇ ਇਥੋਂ ਤੱਕ ਕਹਿ ਦਿੱਤਾ ਹੈ ਕਿ ਰਾਜਾ ਵੜਿੰਗ ਛੋਟੀ ਉਮਰ ਤੋਂ ਹੀ ਉਨ੍ਹਾਂ ਦੇ ਫੇਸਬੁੱਕ ਪੇਜ ਨੂੰ ਫਾਲੋਅ ਕਰ ਰਹੇ ਹਨ, ਹੁਣ ਉਨ੍ਹਾਂ ਨੂੰ ਫਾਈਵ ਸਟਾਰ ਹੋਟਲ ’ਚੋਂ ਬਾਹਰ ਨਿਕਲ ਕੇ ਦੇਖਣਾ ਚਾਹੀਦਾ ਹੈ ਕਿ ਭਾਜਪਾ ਦੇ ਚੋਣ ਆਫਿਸ ’ਚ ਲੱਗੇ ਹੋਰਡਿੰਗ ’ਤੇ ਬੇਅੰਤ ਸਿੰਘ ਦੀ ਫੋਟੋ ਲੱਗੀ ਹੋਈ ਹੈ। ਬਿੱਟੂ ਨੇ ਰਾਜਾ ਵੜਿੰਗ ਨੂੰ ਲੋਕ ਸਭਾ ਚੋਣਾਂ ਦੇ ਨਾਂ ’ਤੇ ਲੁਧਿਆਣਾ ’ਚ 20 ਦਿਨ ਦੀ ਛੁੱਟੀ ਮਨਾਉਣ ਦੇ ਨਾਲ ਹੀ ਭਾਜਪਾ ਦੇ ਹੋਰਡਿੰਗ ’ਚ ਲੱਗੀ ਹੋਈ ਪੀ.ਐੱਮ. ਨਰਿੰਦਰ ਮੋਦੀ ਦੀ ਫੋਟੋ ਨਾਲ ਸੈਲਫੀ ਲੈਣ ਦੀ ਸਲਾਹ ਵੀ ਦਿੱਤੀ ਹੈ।

## ਮਣੀਸ਼ੰਕਰ ਅਈਅਰ ਦੇ ਬਿਆਨ ਨੇ ਕੀਤਾ ਕਾਂਗਰਸ ਦਾ ਦੋਹਰਾ ਕਿਰਦਾਰ ਬੇਨਕਾਬ: ਸੇਖਾਵਤ

**ਏਜੰਸੀਆਂ**

ਗੁਰਦਾਸਪੁਰ 12 ਮਈ। ਕੇਂਦਰੀ ਜਲ ਸਕਤੀ ਮੰਤਰੀ ਗਜੇਂਦਰ ਸਿੰਘ ਸੇਖਾਵਤ ਨੇ ਕਾਂਗਰਸੀ ਆਗੂ ਮਣੀ ਸੰਕਰ ਅਈਅਰ ਦੇ ਪਾਕਿਸਤਾਨ ਸਬੰਧੀ ਬਿਆਨ ’ਤੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਕਾਂਗਰਸ ’ਤੇ ਤਿੱਖਾ ਹਮਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਕਾਂਗਰਸੀ ਆਗੂ ਇਕ ਤੋਂ ਬਾਅਦ ਇਕ ਦੇਸ ਵਿਰੋਧੀ ਬਿਆਨ ਦੇ ਰਹੇ ਹਨ, ਉਸ ਨਾਲ ਕਾਂਗਰਸ ਦਾ ਦੋਗਲਾ ਕਿਰਦਾਰ ਨੰਗਾ ਹੋ ਗਿਆ ਹੈ। ਗੁਰਦਾਸਪੁਰ ਤੋਂ ਭਾਜਪਾ ਦੇ ਉਮੀਦਵਾਰ ਦਿਨੇਸ ਸਿੰਘ ਬੱਬੂ ਦਾ ਨਾਮਜਦਗੀ ਪੱਤਰ ਭਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੈਰ ਰਸਮੀ ਗੱਲਬਾਤ ਕਰਦਿਆਂ ਕੇਂਦਰੀ ਮੰਤਰੀ ਨੇ ਕਿਹਾ ਕਿ ਰਾਹੁਲ ਗਾਂਧੀ ਦਾ ਇਕ ਹੋਰ ਵਿਚਾਰਧਾਰਕ ਗੁਰੂ ਮਨਿਸਕ ਅਈਅਰ ਵੱਲੋਂ ਪਾਕਿਸਤਾਨ ਨੂੰ ਲੈ ਕੇ ਜੋ ਬਿਆਨ ਦਿੱਤਾ ਹੈ , ਉਹ ਸੋਚੀ ਸਮਝੀ ਰਣਨੀਤੀ ਦੇ ਤਹਿਤ ਇੱਕ ਵਿਸੇਸ ਵੋਟ ਬੈਂਕ ਨੂੰ ਲੁਭਾਉਣ ਲਈ ਦਿੱਤਾ ਗਿਆ ਹੈ। ਸੇਖਾਵਤ ਨੇ ਕਿਹਾ ਕਾਂਗਰਸ ਆਪਣਾ ਏਜੰਡਾ ਦੱਸਣ ਲਈ ਸੈਮ ਪਿਤਰੋਦਾ ਅਤੇ ਅਈਅਰ ਵਰਗੇ ਨੇਤਾਵਾਂ ਨੂੰ ਤਿਆਰ ਕਰਦੀ ਹੈ। ਜਦੋਂ ਇਸ ਸਬੰਧੀ ਪੂਰੇ ਦੇਸ ਵਿੱਚ ਵਿਰੋਧ ਪ੍ਰਦਰਸਨ ਹੋ ਰਹੇ ਹਨ ਤਾਂ ਕਾਂਗਰਸ ਪਾਰਟੀ ਅਜਿਹੇ ਬਿਆਨਾਂ ਤੋਂ ਦੂਰੀ ਬਣਾਉਣ ਦਾ ਸਿਰਫ ਦਿਖਾਵਾ ਕਰਦੀ ਹੈ। ਉਨ੍ਹਾਂ ਕਾਂਗਰਸ ਲੀਡਰਸ਼ਿ?ਪ ਨੂੰ ਦੋਵਾਂ ਆਗੂਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਨ ਦੀ ਚੁਣੌਤੀ ਦਿੱਤੀ। ਕੇਂਦਰੀ ਮੰਤਰੀ ਨੇ ਦਾਅਵਾ ਕੀਤਾ ਕਿ ਕਾਂਗਰਸੀ ਆਗੂਆਂ



ਵੱਲੋਂ ਅਜਿਹੇ ਬਿਆਨ ਇੱਕ ਵਿਸੇਸ ਸਕਰਿਪਟ ਤਹਿਤ ਦਿੱਤੇ ਜਾ ਰਹੇ ਹਨ ਅਤੇ ਇਸ ਦਾ ਮਕਸਦ ਵਿਸੇਸ ਵੋਟ ਬੈਂਕ ਹਾਸਲ ਕਰਨਾ ਹੈ, ਜਿਸ ਨੂੰ ਲੈ ਕੇ ਕਾਂਗਰਸ ਪਾਰਟੀ ਬੇਚੈਨ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੇ ਕਿਸੇ ਵੀ ਸੀਨੀਅਰ ਆਗੂ ਨੇ ਇਨ੍ਹਾਂ ਬਿਆਨਾਂ ਦੀ ਆਲੋਚਨਾ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਪਿਤਰੋਦਾ ਅਤੇ ਅਈਅਰ ਵਰਗੇ ਤਾਕਤਵਰ ਕਾਂਗਰਸੀ ਨੇਤਾਵਾਂ ਦੇ ਬਿਆਨਾਂ ਨੇ ਹੀ ਇਹ ਸਾਬਤ ਕਰ ਦਿੱਤਾ ਹੈ ਕਿ ਭਾਜਪਾ ਲਗਾਤਾਰ ਦੇਸ ਵਾਸੀਆਂ ਨੂੰ ਕਿਸ ਬਾਰੇ ਚੇਤਾਵਨੀ ਦਿੰਦੀ ਹੈ, ਕਿਉਂਕਿ ਕਾਂਗਰਸ ਹੁਣ ਪੂਰੀ ਤਰ੍ਹਾਂ ਬੇਨਕਾਬ ਹੋ ਚੁੱਕੀ ਹੈ। ਭਾਜਪਾ ਦੇ ਸੀਨੀਅਰ ਆਗੂ ਸੇਖਾਵਤ ਨੇ ਪੰਜਾਬ ਵਿੱਚ ਪਾਰਟੀ ਦੀ ਬੇਮਿਸਾਲ ਕਾਰਗੁਜਾਰੀ ’ਤੇ ਭਰੋਸਾ ਜਤਾਉਂਦਿਆਂ ਕਿਹਾ ਕਿ ਭਾਜਪਾ ਲਗਭਗ ਤਿੰਨ ਦਹਾਕਿਆਂ ਬਾਅਦ ਸੂਬੇ ਵਿੱਚ ਆਮ ਚੋਣਾਂ ਆਪਣੇ ਦਮ ’ਤੇ ਲੜ ਰਹੀ ਹੈ। ਪੰਜਾਬ ਵਿੱਚ ਇਹ ਸਾਡੇ ਲਈ ਇੱਕ ਨਵੀਂ ਸੁਰੂਆਤ ਹੈ ਅਤੇ ਮੈਨੂੰ ਪੂਰਾ ਭਰੋਸਾ ਹੈ ਕਿ ਅਸੀਂ ਇਸ ਵਿੱਚ ਜਬਰਦਸਤ ਕਾਮਯਾਬੀ ਹਾਸਲ ਕਰਨ ਜਾ ਰਹੇ ਹਾਂ। ਇਸ ਤੋਂ ਪਹਿਲਾਂ ਭਾਜਪਾ ਦੇ ਸੀਨੀਅਰ ਆਗੂ ਸੇਖਾਵਤ ਨੇ ਗੁਰਦਾਸਪੁਰ ਤੋਂ ਲੋਕ ਸਭਾ ਉਮੀਦਵਾਰ ਦਿਨੇਸ ਸਿੰਘ ਬੱਬੂ ਨਾਲ ਉਸ ਦੇ ਨਾਮਜਦਗੀ ਪੱਤਰ ਜ਼ਿ?ਲ੍ਹਾ ਚੋਣ ਅਫਸਰ ਵਿਸੇਸ ਸਾਰੰਗਲ ਨੂੰ ਸੌਂਪੇ। ਇਸ ਮੌਕੇ ਭਾਜਪਾ ਪੰਜਾਬ ਦੇ ਸਾਬਕਾ ਪ੍ਰਧਾਨ ਅਸਵਨੀ ਸਰਮਾ, ਬਟਾਲਾ ਤੋਂ ਅਸਵਨੀ ਸੇਖੜੀ ਸਮੇਤ ਕਈ ਹੋਰ ਵੱਡੇ ਆਗੂ ਉਨ੍ਹਾਂ ਦੇ ਨਾਲ ਸਨ।

## ਵਿਆਹ ਮਗਰੋਂ ਸਹੁਰੇ ਗਈ ਕੁੜੀ ਤਾਂ ਬੁਆਏਫ੍ਰੈਂਡ ਦੇ ਭੇਜੇ ਮੈਸੇਜ ਪਤੀ ਨੇ ਪੜ੍ਹੇ, ਫਿਰ ਜੋ ਹੋਇਆ ਸੁਣ ਨਹੀਂ ਹੋਵੇਗਾ ਯਕੀਨ

**ਏਜੰਸੀਆਂ**

ਜਲੰਧਰ 12 ਮਈ। ਬੁਆਏਫ੍ਰੈਂਡ ਦੇ ਕੁਝ ਮੈਸੇਜਿਜ ਕਾਰਨ ਕੁਝ ਹੀ ਘੰਟੇ ਪਹਿਲਾਂ ਹੋਇਆ ਵਿਆਹ ਟੁੱਟ ਗਿਆ, ਜਿਵੇਂ ਹੀ ਮੈਸੇਜ ਨਵ-ਵਿਆਹੁਤਾ ਦੇ ਪਤੀ ਨੇ ਵੇਖਿਆ ਤਾਂ ਉਹ ਵਿਆਹ ਤੋੜਨ ’ਤੇ ਅੜ ਗਿਆ ਅਤੇ ਤੜਕੇ 6 ਵਜੇ ਹੀ ਕੁੜੀ ਨੂੰ ਪੇਕੇ ਘਰ ਭੇਜ ਦਿੱਤਾ। ਪੀੜਤਾ ਨੇ ਇਸ ਸਬੰਧੀ ਥਾਣਾ ਨੰ. 1 ’ਚ ਸ਼ਿਕਾਇਤ ਦਿੱਤੀ ਹੈ। ਜਾਣਕਾਰੀ ਦਿੰਦਿਆਂ 24 ਸਾਲਾ ਕੁੜੀ ਨੇ ਦੱਸਿਆ ਕਿ ਉਸ ਨੇ ਬੀ. ਕਾਮ ਤਕ ਪੜ੍ਹਾਈ ਕੀਤੀ ਹੋਈ ਹੈ। 2 ਸਾਲਾਂ ਤੋਂ ਉਸ ਦਾ ਸੰਦੀਪ ਨਾਂ ਦੇ ਵਿਅਕਤੀ ਨਾਲ ਰਿਲੇਸ਼ਨ ਸੀ। 5 ਮਈ ਨੂੰ ਉਸ ਦਾ ਵਿਆਹ ਸੀ, ਜਦਕਿ ਬੁਆਏਫ੍ਰੈਂਡ ਵੱਲੋਂ ਆਖਰੀ ਸਮੇਂ ਤਕ ਉਸ ਨਾਲ ਰਹਿਣ ਦੀ ਜ਼ਿ?ਦ ਕਾਰਨ ਉਸ ਨੇ ਉਸ ਨੂੰ ਵਿਆਹ ਦਾ ਡਿੱਬਾ ਵੀ ਦਿੱਤਾ ਅਤੇ 5 ਮਈ ਨੂੰ ਉਹ ਫੋਟੋਗ੍ਰਾਫਰਾਂ ਦਾ ਸਾਥੀ ਬਣ ਕੇ ਵਿਆਹ ’ਚ ਵੀ ਆਇਆ। ਦੋਸ਼ ਹੈ ਕਿ ਜਿਵੇਂ ਹੀ ਡੋਲੀ ਉਸ ਦੇ ਸਹੁਰੇ ਪਹੁੰਚੀ ਤਾਂ ਉਹ ਕੱਪੜੇ ਬਦਲ ਰਹੀ ਸੀ ਕਿ ਸੰਦੀਪ ਨੇ ਉਸ ਨੂੰ ਕਾਲ ਮੈਸੇਜ ਕਰਨੇ ਸ਼ੁਰੂ ਕਰ ਦਿੱਤੇ। ਕੁਝ ਮੈਸੇਜ ਉਸ ਦੇ ਪਤੀ ਨੇ ਵੇਖ ਲਏ ਅਤੇ ਜਦੋਂ ਉਸ ਨੇ ਪੁੱਛਿਆ ਤਾਂ ਉਸ ਨੇ ਸਭ ਕੁਝ ਦੱਸ ਦਿੱਤਾ। ਕੁੜੀ ਦਾ ਪਤੀ ਰਿਸ਼ਤਾ ਤੋੜਨ ’ਤੇ ਅੜ ਗਿਆ ਅਤੇ ਕੁੜੀ ਦੇ ਮਾਤਾ-ਪਿਤਾ ਨੂੰ ਫੋਨ ਕਰ ਦਿੱਤਾ। ਅਗਲੇ ਦਿਨ ਹੀ ਸਵੇਰੇ 6 ਵਜੇ ਕੁੜੀ ਦੇ ਮਾਤਾ-ਪਿਤਾ ਉਸ ਨੂੰ ਵਾਪਸ ਘਰ ਲੈ ਗਏ। ਕੁੜੀ ਨੇ ਦੋਸ਼ ਲਾਇਆ ਕਿ ਉਸ ਨੇ ਸੰਦੀਪ ਨਾਲ ਗੱਲ ਕੀਤੀ। ਸੰਦੀਪ ਨੇ ਉਸ ਨੂੰ ਅਤੇ ਉਸ ਦੀ ਮਾਂ ਨੂੰ ਵਿਆਹ ਕਰਨ ਲਈ ਹਾਂ ਕਰ ਦਿੱਤੀ ਅਤੇ ਬਰਲਟਨ ਪਾਰਕ ’ਚ ਬੁਲਾਇਆ। ਸਵੇਰੇ 9 ਵਜੇ ਦਿੱਤੀ ਹੈ। ਜਾਣਕਾਰੀ ਦਿੰਦਿਆਂ 24 ਸਾਲਾ ਕੁੜੀ ਨੇ ਦੱਸਿਆ ਕਿ ਉਸ ਨੇ ਬੀ. ਕਾਮ ਤਕ ਪੜ੍ਹਾਈ ਕੀਤੀ ਹੋਈ ਹੈ। 2 ਸਾਲਾਂ ਤੋਂ ਉਸ ਦਾ ਸੰਦੀਪ ਨਾਂ ਦੇ ਵਿਅਕਤੀ ਨਾਲ ਰਿਲੇਸ਼ਨ ਸੀ। 5 ਮਈ ਨੂੰ ਉਸ ਦਾ ਵਿਆਹ ਸੀ, ਜਦਕਿ ਬੁਆਏਫ੍ਰੈਂਡ ਤਕ ਉਹ ਪਾਰਕ ’ਚ ਇੰਤਜਾਰ ਕਰਦੇ ਰਹੇ ਪਰ ਸੰਦੀਪ ਨਹੀਂ ਆਇਆ। ਕੁੜੀ ਦਾ ਕਹਿਣਾ ਹੈ ਕਿ ਸੰਦੀਪ ਨੇ ਆਪਣੇ ਭਰਾ ਨਾਲ ਉਸ ਦੀ ਗੱਲ ਕਰਵਾਈ ਅਤੇ ਕਹਿਣ ਲੱਗਾ ਕਿ ਉਹ ਉਸ ਨਾਲ ਕਾਰ ’ਚ ਬੈਠ ਕੇ ਆ ਜਾਵੇ ਅਤੇ ਉਹ ਵਿਆਹ ਕਰ ਲੈਣਗੇ। ਕੁੜੀ ਨੇ ਕਿਹਾ ਕਿ ਉਹ ਉਸ ਦੇ ਭਰਾ ਨਾਲ ਗਈ ਤਾਂ ਪਠਾਨਕੋਟ ਰੋਡ ’ਤੇ ਸਥਿਤ ਇਕ ਹੋਟਲ ’ਚ ਉਸ ਨੂੰ ਰਾਤ ਲਈ ਰੁਕਵਾ ਦਿੱਤਾ ਅਤੇ ਸਵੇਰ ਹੋਈ ਤਾਂ ਸੰਦੀਪ ਦੇ ਭਰਾ ਨੇ ਪਠਾਨਕੋਟ ਰੋਡ ’ਤੇ ਉਸ ਦਾ ਬੈਗ ਰੱਖ ਦਿੱਤਾ ਅਤੇ ਉਸ ਨੂੰ ਵੀ ਉਤਾਰ ਦਿੱਤਾ। ਕੁਝ ਹੀ ਦੂਰੀ ’ਤੇ ਖੜ੍ਹੀ ਈ. ਆਰ. ਐੱਸ. ਦੀ ਟੀਮ ਨੂੰ ਕੁੜੀ ਨੇ ਸੂਚਨਾ ਦਿੱਤੀ ਤਾਂ ਪੁਲਸ ਨੇ ਕਾਰ ਨੂੰ ਰੁਕਵਾ ਕੇ ਉਸ ਨੂੰ ਥਾਣਾ ਨੰ. 1 ਦੀ ਪੁਲਸ ਹਵਾਲੇ ਕਰ ਦਿੱਤਾ। ਕੁੜੀ ਨੇ ਲਿਖਤੀ ਸ਼ਿਕਾਇਤ ਦਿੱਤੀ ਹੈ ਕਿ ਸੰਦੀਪ ਕਾਰਨ ਉਸ ਦਾ ਵਿਆਹ ਟੁੱਟ ਗਿਆ ਅਤੇ ਹੁਣ ਉਹ ਵਿਆਹ ਨੂੰ ਲੈ ਕੇ ਟਾਲ-ਮਟੋਲ ਕਰ ਰਿਹਾ ਹੈ। ਫਿਲਹਾਲ ਮੁੰਡਾ ਆਪਣੇ ਘਰੋਂ ਗਾਇਬ ਹੈ ਅਤੇ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਓਧਰ ਕੁੜੀ ਨੇ ਦੇਰ ਰਾਤ ਤਕ ਮੁੰਡੇ ਦੇ ਘਰ ਬਾਹਰ ਧਰਨਾ ਲਾਇਆ ਹੋਇਆ ਸੀ।

## ਸੜਕ ਹਾਦਸੇ ‘ਚ ਉਜੜਿਆ ਪਰਿਵਾਰ, ਪਤੀ-ਪਤਨੀ ਸਣੇ 3 ਜੀਆਂ ਦੀ ਮੌਤ

ਸ੍ਰੀ ਕੀਰਤਪੁਰ ਸਾਹਿਬ 12 ਮਈ। ਚੰਡੀਗੜ੍ਹ-ਸ੍ਰੀ ਕੀਰਤਪੁਰ ਸਾਹਿਬ ਕੌਮੀ ਮਾਰਗ ’ਤੇ ਬੀਤੀ ਸ਼ਾਮ ਪਿੰਡ ਮੀਆਂਪੁਰ ਹੰਡੂਰ ਵਿਖੇ ਇਕ ਆਲਟੋ ਕਾਰ ਹਾਦਸਾਗ੍ਰਸਤ ਹੋਣ ਕਾਰਨ ਉਸ ਵਿਚ ਸਵਾਰ ਇਕ ਔਰਤ ਦੀ ਮੌਕੇ ’ਤੇ ਹੀ ਅਤੇ 2 ਜਣਿਆਂ ਦੀ ਹਸਪਤਾਲ ਪਹੁੰਚਣ ਉਪਰੰਤ ਮੌਤ ਹੋ ਗਈ । ਮੌਕੇ ’ਤੇ ਇਕੱਠੇ ਹੋਏ ਲੋਕਾਂ ਅਤੇ ਥਾਣਾ ਸ੍ਰੀ ਕੀਰਤਪੁਰ ਸਾਹਿਬ ਤੋਂ ਮੌਕੇ ’ਤੇ ਪੁੱਜੇ ਏ. ਐੱਸ. ਆਈ. ਪ੍ਰਦੀਪ ਸਰਮਾ ਵੱਲੋਂ ਦੋ ਜਖਮੀਆਂ ਨੂੰ ਇਲਾਜ ਲਈ ਐਂਬੂਲੈਂਸ ਰਾਹੀਂ ਸੀ. ਐੱਚ. ਸੀ. ਭਰਤਗੜ੍ਹ ਪਹੁੰਚਾਇਆ ਗਿਆ, ਜਿੱਥੇ ਡਿਊਟੀ ’ਤੇ ਮੌਜੂਦ ਡਾਕਟਰ ਵੱਲੋਂ ਉਨ੍ਹਾਂ ਨੂੰ ਵੀ ਮ੍ਰਿਤਕ ਐਲਾਨ ਦਿੱਤਾ ਗਿਆ। ਇਸ ਕੇਸ ਦੀ ਜਾਂਚ ਕਰ ਰਹੇ ਏ. ਐੱਸ. ਆਈ. ਪ੍ਰਦੀਪ ਕੁਮਾਰ ਸਰਮਾ ਨੇ ਦੱਸਿਆ ਕਿ ਉਨ੍ਹਾਂ ਨੂੰ ਜਿਵੇਂ ਹੀ ਸੜਕ ਹਾਦਸੇ ਬਾਰੇ ਸੂਚਨਾ ਮਿਲੀ ਤਾਂ ਉਹ ਮੌਕੇ ਉੱਪਰ ਪੁਲਸ ਪਾਰਟੀ ਨਾਲ ਪਹੁੰਚ ਗਏ ਅਤੇ ਮੌਕੇ ’ਤੇ ਹਾਜਰ ਲੋਕਾਂ ਦੀ ਮਦਦ ਨਾਲ ਰਾਹਤ ਕਾਰਜ ਸੁਰੂ ਕੀਤਾ ਅਤੇ ਜਖਮੀਆਂ ਨੂੰ ਕਾਰ ’ਚੋਂ ਬਾਹਰ ਕੱਢ ਕੇ 108 ਨੰਬਰ ਐਂਬੂਲੈਂਸ ਰਾਹੀਂ ਇਲਾਜ ਲਈ ਸੀ. ਐੱਚ. ਸੀ. ਭਰਤਗੜ੍ਹ ਪਹੁੰਚਾਇਆ। ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਦੌਰਾਨ ਪਤਾ ਲੱਗਾ ਹੈ ਕਿ ਅਸਵਨੀ ਕੁਮਾਰ (62) ਪੁੱਤਰ ਸੁਧਾਮਾ ਰਾਮ ਵਾਸੀ ਪਿੰਡ ਗਨੋਹ ਥਾਣਾ ਵਡਸਰ ਜ਼ਿ?ਲ੍ਹਾ ਹਮੀਰਪੁਰ ਹਿਮਾਚਲ ਪ੍ਰਦੇਸ, ਹਿਮਾਚਲ ਪ੍ਰਦੇਸ ਪੁਲਸ ’ਚੋਂ ਸੇਵਾਮੁਕਤ ਇੰਸਪੈਕਟਰ ਹੈ। ਉਹ ਆਪਣੀ ਪਤਨੀ ਪੁਸਪਾ ਦੇਵੀ (56) ਅਤੇ ਸਾਲੀ ਰੋਸਨੀ ਦੇਵੀ ਪਤਨੀ ਪਿਰਤੀ ਚੰਦ ਵਾਸੀ ਪਿੰਡ ਮਹਿਰਾ ਥਾਣਾ ਵਡਸਰ ਜ਼ਿ?ਲ੍ਹਾ ਹਮੀਰਪੁਰ ਹਿਮਾਚਲ ਪ੍ਰਦੇਸ ਨਾਲ ਪੀ. ਜੀ. ਆਈ. ਚੰਡੀਗੜ੍ਹ ਤੋਂ ਆਪਣੀ ਪਤਨੀ ਨੂੰ ਦਵਾਈ ਦੁਆ ਕੇ ਆਪਣੀ ਆਲਟੋ ਕਾਰ ਵਿਚ ਸਵਾਰ ਹੋ ਕੇ ਆਪਣੇ ਘਰ ਨੂੰ ਜਾ ਰਹੇ ਸਨ। ਜਦੋਂ ਉਹ ਬਾਹਦ ਪਿੰਡ ਮੀਆਂਪੁਰ ਹੰਡੂਰ ਵਿਖੇ ਪੁੱਜੇ ਤਾਂ ਉਨ੍ਹਾਂ ਦੀ ਕਾਰ ਫੁੱਟਪਾਥ ਨਾਲ ਟਕਰਾ ਕੇ ਸੜਕ ਦੀ ਪੁਲੀ ਦੀ ਰੇਲਿੰਗ ਉੱਪਰ ਜਾ ਚੜ੍ਹੀ ਅਤੇ ਚਕਨਾਚੂਰ ਹੋ ਗਈ । ਇਸ ਹਾਦਸੇ ਵਿਚ ਪੁਸਪਾ ਦੇਵੀ ਦੀ ਮੌਕੇ ’ਤੇ ਹੀ ਮੌਤ ਹੋ ਗਈ ਅਤੇ ਅਸਵਨੀ ਕੁਮਾਰ ਅਤੇ ਉਸ ਦੀ ਸਾਲੀ ਰੋਸਨੀ ਦੇਵੀ ਗੰਭੀਰ ਜਖਮੀ ਹੋ ਗਏ। ਸੀ. ਐੱਚ. ਸੀ. ਭਰਤਗੜ੍ਹ ਵਿਖੇ ਐਮਰਜੈਂਸੀ ਡਿਊਟੀ ‘ਤੇ ਤਾਇਨਾਤ ਡਾ. ਸੁਖਦੀਪ ਲੌਂਗੀਆ ਨੇ ਦੱਸਿਆ ਕਿ ਜਦੋਂ ਜਖਮੀਆਂ ਨੂੰ ਭਰਤਗੜ੍ਹ ਲਿਆਂਦਾ ਗਿਆ ਤਾਂ ਉਨ੍ਹਾਂ ਦੀ ਹੀ ਮੌਤ ਹੋ ਚੁੱਕੀ ਸੀ।

# ਲੂ ਦੇ ਸੇਕੇ ਨੇ ਮਚਾਇਆ ਕਹਿਰ, ਆਉਣ ਵਾਲੇ ਦਿਨਾਂ ‘ਚ ਲੋਕਾਂ ਨੂੰ ਹੋਰ ‘ਭੁੰਨ੍ਹੇਗੀ’ ਗਰਮੀ

**ਸਰਦੂਲ ਸਿੰਘ**

ਅੰਮ੍ਰਿਤਸਰ 12 ਮਈ। ਚੋਣਾਂ ਨੂੰ ਲੈ ਕੇ ਜਿਵੇਂ-ਜਿਵੇਂ ਸਿਆਸਤ ਪੂਰੀ ਤਰ੍ਹਾਂ ਗਰਮਾ ਗਈ ਹੈ, ਉੱਥੇ ਹੀ ਮਈ ਮਹੀਨੇ ਵਿਚ ਹੀ ਤੇਜ ਗਰਮੀ ਅਤੇ ਲੂ ਦੇ ਸੇਕੇ ਨੇ ਕਹਿਰ ਮਚਾਉਣਾ ਸ਼ੁਰੂ ਕਰ ਦਿੱਤਾ ਹੈ, ਜਿਸ ਕਾਰਨ ਲੋਕਾਂ ਦਾ ਬਹੁਤ ਜ਼ਿ?ਆਦਾ ਨੁਕਸਾਨ ਹੋ ਰਿਹਾ ਹੈ ਅਤੇ ਲੋਕ ਆਪਣੇ ਘਰਾਂ ਵਿਚ ਲੁਕਣ ਲਈ ਮਜਬੂਰ ਹਨ ਅਤੇ ਧਨਾਢ ਪਰਿਵਾਰਾਂ ਨੇ ਗਰਮੀ ਦੇ ਮੱਦੇਨਜਰ ਪਹਾੜਾਂ ਵੱਲ ਜਾਣ ਨੂੰ ਹੀ ਮੁਨਾਸਿਬ ਸਮਝਿਆ ਹੈ। ਵੀਰਵਾਰ ਨੂੰ ਪਈ ਤੇਜ ਗਰਮੀ ਨੂੰ ਦੇਖ ਕੇ ਲੋਕ ਪਹਿਲਾਂ ਹੀ ਇਸ ਗੱਲੋਂ ਚਿੰਤਤ ਹਨ ਕਿ ਜੇਕਰ ਮਈ ਮਹੀਨੇ ਦੇ ਸੁਰੂ ਵਿਚ ਹੀ ਅਜਿਹੀ ਭਿਆਨਕ ਸਥਿਤੀ ਪੈਦਾ ਹੋ ਗਈ ਹੈ ਤਾਂ ਜੂਨ-ਜੁਲਾਈ (ਜਦੋਂ ਗਰਮੀਆਂ ਦਾ ਮੌਸਮ ਆਪਣੇ ਸਿਖਰ ’ਤੇ ਹੈ) ਵਿਚ ਸਥਿਤੀ ਕੀ ਹੋਵੇਗੀ। ਦੱਸਣਯੋਗ ਹੈ ਕਿ ਜੇਕਰ ਪਿਛਲੇ ਸੀਜਨ ਦੀ ਗੱਲ ਕਰੀਏ ਤਾਂ ਪਿਛਲੇ ਸਾਲ ਨਵੰਬਰ ਦੀ ਸੁਰੂਆਤ ਤੱਕ ਇੰਨੀ ਠੰਢ ਨਹੀਂ ਪਈ ਸੀ ਪਰ ਇਸ ਤੋਂ ਬਾਅਦ ਦਸੰਬਰ ਅਤੇ ਜਨਵਰੀ ਵਿਚ ਇੰਨੀ ਠੰਢ ਪੈ ਗਈ ਕਿ ਪਿਛਲੇ 10 ਸਾਲਾਂ ਤੋਂ ਠੰਢ ਦਾ ਰਿਕਾਰਡ ਟੁੱਟ ਗਿਆ। ਹਾਲ ਹੀ ਵਿਚ ਗਰਮੀ ਦਿਖਾਈ ਦੇਣ ਲੱਗੀ ਹੈ। ਇਸ ਦੇ ਨਾਲ ਹੀ ਮਾਹਿਰਾਂ ਦਾ ਕਹਿਣਾ ਹੈ ਕਿ ਸਨੀਵਾਰ ਅਤੇ ਐਤਵਾਰ ਨੂੰ ਲੋਕਾਂ ਨੂੰ ਗਰਮੀ ਤੋਂ ਕੁਝ ਰਾਹਤ ਮਿਲ ਸਕਦੀ ਹੈ, ਯਾਨੀ ਕਿ ਮੀਂਹ ਜਾਂ ਬੂੰਦਾ-ਬਾਂਦੀ ਹੋਣ ਦੀ ਸੰਭਾਵਨਾ ਹੈ ਤੇ ਇਨ੍ਹਾਂ ਦੋ ਦਿਨਾਂ ਲਈ ਵੱਧ ਤੋਂ ਵੱਧ ਤਾਪਮਾਨ 34 ਅਤੇ 30 ਡਿਗਰੀ ਸੈਲਸੀਅਸ ਰਹੇਗਾ ਅਤੇ ਘੱਟੋ-ਘੱਟ ਤਾਪਮਾਨ 23 ਅਤੇ 22 ਡਿਗਰੀ ਸੈਲਸੀਅਸ ਰਹੇਗਾ। ਜੇਕਰ ਪਿਛਲੇ ਦੋ-ਤਿੰਨ ਦਿਨਾਂ ਦੀ ਗੱਲ ਕਰੀਏ ਤਾਂ ਤਾਪਮਾਨ 42 ਡਿਗਰੀ ਸੈਲਸੀਅਸ ਤੱਕ ਵੀ ਪਹੁੰਚ ਗਿਆ ਹੈ। ਆਮ ਤੌਰ ’ਤੇ ਲੋਕਾਂ ਵਿਚ ਇਹ ਗੱਲ ਸੁਣਨ ਨੂੰ ਮਿਲਦੀ ਹੈ ਕਿ ਜਦੋਂ ਗਰਮੀਆਂ ਦਾ ਮੌਸਮ (ਜੁਲਾਈ ਦਾ ਮਹੀਨਾ) ਪੂਰੇ ਜੋਰਾਂ ’ਤੇ ਹੋਵੇਗਾ, ਤਾਂ ਉਸ ਸਮੇਂ ਦੌਰਾਨ ਸਥਿਤੀ ਕੀ ਹੋਵੇਗੀ? ਇਹ ਸਾਇਦ ਦੱਸਣ ਦੀ ਲੋੜ ਨਹੀਂ ਹੈ। ਦੂਜੇ ਪਾਸੇ ਅੱਤ ਦੀ ਗਰਮੀ ਕਾਰਨ ਕਈ ਪੌਦੇ ਵੀ ਪ੍ਰਭਾਵਿਤ ਹੋਏ ਹਨ ਅਤੇ ਕਈ ਸੜ ਵੀ ਰਹੇ ਹਨ। ਉਂਝ, ਬਾਗਾਂ ਵਿਚ ਕੰਮ ਕਰਨ ਵਾਲੇ ਬਾਗਬਾਨ ਦਿਨ ਵਿਚ ਦੋ ਤੋਂ ਤਿੰਨ ਵਾਰ ਪੌਦਿਆਂ ਨੂੰ ਲਗਾਤਾਰ ਪਾਣੀ ਦੇ ਰਹੇ ਹਨ, ਤਾਂ ਜੋ ਪੌਦੇ ਸਾਫ ਅਤੇ ਸਿਹਤਮੰਦ ਰਹਿਣ। ਮੌਸਮ ਵਿਭਾਗ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਦਿਨ ਦਾ ਤਾਪਮਾਨ 39 ਡਿਗਰੀ ਦੇ ਆਸ-ਪਾਸ ਅਤੇ ਦਿਨ ਦਾ ਘੱਟੋ-ਘੱਟ ਤਾਪਮਾਨ 24 ਡਿਗਰੀ ਰਹਿਣ ਦਾ ਅਨੁਮਾਨ ਹੈ। ਮੌਸਮ ਵਿਭਾਗ ਦਾ



ਸਪੱਸਟ ਕਹਿਣਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਬਾਰਿਸ ਤੋਂ ਬਾਅਦ ਮੌਸਮ ਖੁਸਕ ਹੋਣ ਦੇ ਨਾਲ-ਨਾਲ ਗਰਮ ਵੀ ਹੋ ਸਕਦਾ ਹੈ। ਮਾਹਿਰਾਂ ਦਾ ਸਪੱਸਟ ਕਹਿਣਾ ਹੈ ਕਿ ਗਲੋਬਲ ਵਾਰਮਿੰਗ ਭਵਿੱਖ ਵਿਚ ਮਨੁੱਖਤਾ ਲਈ ਘਾਤਕ ਸਿੱਧ ਹੋਵੇਗੀ। ਇਸ ਕਾਰਨ ਲੋਕਾਂ ਨੂੰ ਹੁਣ ਤੋਂ ਹੀ ਵੱਧ ਤੋਂ ਵੱਧ ਰੁੱਖ-ਪੌਦੇ ਲਾਉਣੇ ਪੈਣਗੇ ਨਹੀਂ ਤਾਂ ਆਉਣ ਵਾਲੇ ਕੁਝ ਸਾਲਾਂ ਵਿੱਚ ਸਥਿਤੀ ਕਾਫੀ ਤਰਸਯੋਗ ਹੋ ਜਾਵੇਗੀ। ਸਹਿਰ ਵਿਚ ਪ੍ਰਦੂਸਣ ਦਾ ਪੱਧਰ ਵੀ ਲਗਾਤਾਰ ਵੱਧਦਾ ਜਾ ਰਿਹਾ ਹੈ, ਜੋ ਕਿ ਡੂੰਘੀ ਚਿੰਤਾ ਦਾ ਵਿਸਾ ਹੈ। ਪਿੰਡਾਂ ਦੇ ਮੁਕਾਬਲੇ ਸਹਿਰਾਂ ਵਿਚ ਗਰਮੀ ਜ਼ਿ?ਆਦਾ ਮਹਿਸੂਸ ਕੀਤੀ ਜਾ ਰਹੀ ਹੈ, ਇਸ ਦਾ ਕਾਰਨ ਇਹ ਹੈ ਕਿ ਸਹਿਰ ਦਾ ਬਹੁਤਾ ਹਿੱਸਾ ਸੀਮਿੰਟ ਜਾਂ ਕੰਕਰੀਟ ਨਾਲ ਢੱਕਿਆ ਹੋਇਆ ਹੈ, ਜਿਸ ਕਾਰਨ ਸੜਕਾਂ ਅਤੇ ਗਲੀਆਂ ਵਿਚ ਕੰਕਰੀਟ ਦੀ ਗਰਮੀ ਹੋਰ ਵਧ ਜਾਂਦੀ ਹੈ । ਗਰਮੀ ਕਾਰਨ ਡੀਹਾਈਡ੍ਰੇਸ਼ਨ ਅਤੇ ਸਨ ਸਟ੍ਰੋਕ ਦੇ ਮਾਮਲੇ ਵੱਧ ਰਹੇ ਹਨ, ਜਿਸ ਕਾਰਨ ਲੋਕਾਂ ਨੂੰ ਇਨ੍ਹਾਂ ਤੋਂ ਬਚਣ ਲਈ ਉਪਾਅ ਕਰਨੇ ਪੈਣਗੇ। ਸਹਿਰ ਦੇ ਹਾਲਾਤ ਅਜਿਹੇ ਹਨ ਕਿ ਲੋਕ ਹੁਣ ਗਰਮੀ ਤੋਂ ਰਾਹਤ ਪਾਉਣ ਲਈ ਨਹਿਰਾਂ ਜਾਂ ਤੈਰਾਕੀ ਦੇ ਪੂਲਾਂ ਦਾ ਰੁਖ ਕਰ ਰਹੇ ਹਨ।

## ਨਹਿਰ ਦੇ ਕਿਨਾਰੇ ਤੋਂ ਬਰਾਮਦ ਹੋਈ ਅਣਪਛਾਤੇ ਵਿਅਕਤੀ ਦੀ ਲਾਸ਼

ਜ਼ੀਰਾ 12 ਮਈ। ਮਖੂ ’ਚ ਪੰਜਾਬ ਫੀਡਰ ਨਹਿਰ ਦੀ ਪੱਟੜੀ ਨੇੜੇ ਕੈਨਾਲ ਕਾਲੋਨੀ ’ਚ ਇਕ ਵਿਅਕਤੀ ਦੀ ਲਾਸ਼ ਮਿਲਣ ਦੀ ਸੂਚਨਾ ਮਿਲੀ ਹੈ, ਜਿਸ ਨਾਲ ਇਲਾਕੇ ਵਿਚ ਸਨਸਨੀ ਫੈਲ ਗਈ। ਇਸ ਸਬੰਧ ਵਿਚ ਥਾਣਾ ਮਖੂ ਪੁਲਸ ਨੇ ਅਣਪਛਾਤੇ ਵਿਅਕਤੀ ਖ਼ਿ?ਲਾਫ 302 ਦਾ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਕੁਲਵੰਤ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਪੀਰ ਮੁਹੰਮਦ ਹਾਲ ਕੈਨਾਲ ਕਾਲੋਨੀ ਮਖੂ ਨੇ ਦੱਸਿਆ ਕਿ ਉਸ ਦੀ ਚਾਹ ਦੀ ਦੁਕਾਨ ਪੁਰਾਣਾ ਪੁਲ ਹਰੀ ਕੇ ਹੈੱਡ ਵਿਖੇ ਹੈ। ਮਿਤੀ 9 ਮਈ 2024 ਨੂੰ ਘਰੇਲੂ ਕੰਮ ਕਾਰ ਸਬੰਧੀ ਮਖੂ ਵਿਖੇ ਆਇਆ ਸੀ ਤੇ ਕੰਮ ਕਾਰ ਕਰਕੇ ਵਾਪਸ ਜਾ ਰਿਹਾ ਸੀ। ਇਸ ਦੌਰਾਨ ਕਰੀਬ 2 ਵਜੇ ਉਹ ਪੰਜਾਬ ਫੀਡਰ ਨਹਿਰ ਦੇ ਸੱਜੇ ਹੱਥ ਦੀ ਪੱਟੜੀ ਨੇੜੇ ਕੈਨਾਲ ਕਾਲੋਨੀ ਪੁੱਜਾ ਤਾਂ ਵੇਖਿਆ ਕਿ ਇਕ ਕੁੱਤਾ, ਜੋ ਇਕ ਅਣਪਛਾਤੇ ਵਿਅਕਤੀ ਦੀ ਲਾਸ਼, ਜਿਸ ਦੀ ਉਮਰ 25/26 ਸਾਲ ਹੋਵੇਗੀ, ਨੂੰ ਖਾ ਰਿਹਾ ਸੀ। ਕੁਲਵੰਤ ਸਿੰਘ ਨੇ ਦੱਸਿਆ ਕਿ ਲਾਸ਼ ਦੇ ਮੂੰਹ, ਸਿਰ ਦੇ ਸੱਟਾਂ ਵੱਜੀਆਂ ਜਾਪਦੀਆਂ ਹਨ ਤੇ ਅਣਪਛਾਤੇ ਵਿਅਕਤੀਆਂ ਵੱਲੋਂ ਕਤਲ ਕਰਕੇ ਲਾਸ਼ ਨਹਿਰ ਦੇ ਕਿਨਾਰੇ ਸੁੱਟੀ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਇੰਸਪੈਕਟਰ ਮੁੱਖ ਅਫਸਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ ’ਤੇ ਅਣਪਛਾਤੇ ਵਿਅਕਤੀਆਂ ਖ਼ਿ?ਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਵੱਲੋਂ ਮ੍ਰਿਤਕ ਦੀ ਪਛਾਣ ਕੀਤੀ ਜਾ ਰਹੀ ਹੈ ਤੇ ਕਾਤਲਾਂ ਦਾ ਪਤਾ ਲਗਾਇਆ ਜਾ ਰਿਹਾ ਹੈ।